
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



11ਵੇਂ ਸਾਲ 'ਚ ਪ੍ਰਵੇਸ਼

# ਦੇਸ਼ ਦੁਆਬਾ

ਹਫਤਾਵਾਰੀ

VOL -11 ISSUE -3
April 27, 2022



Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਭਾਰਤ ਨੇ ਸੰਯੁਕਤ ਰਾਸ਼ਟਰ 'ਚ ਵੀਟੋ ਸੁਧਾਰ ਦੀ ਕੀਤੀ ਮੰਗ

**ਨਿਊਯਾਰਕ (ਬਿਊਰੋ)**– ਇੱਕ ਵੱਡੇ ਕਦਮ 'ਚ, ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ (UNGA) ਨੇ ਮੰਗਲਵਾਰ ਨੂੰ P5 ਦੇਸ਼ਾਂ ਦੀ ਵੀਟੋ ਸ਼ਕਤੀ ਨਾਲ ਸਬੰਧਤ ਇੱਕ ਮਤਾ ਅਪਣਾਇਆ, ਜਿਸ 'ਚੂ ੰਛ ਦੇ ਮੈਂਬਰਾਂ ਨੂੰ ਲਾਜ਼ਮੀ ਕੀਤਾ ਗਿਆ ਜੋ ਵਿਧਾਨ ਸਭਾ 'ਚ ਆਪਣੇ ਆਪ ਨੂੰ ਜਾਇਜ਼ ਠਹਿਰਾਉਣ ਲਈ ਇਸਦੀ ਵਰਤੋਂ ਕਰਦੇ ਹਨ।



ਸੰਯੁਕਤ ਰਾਸ਼ਟਰ ਮਹਾਸਭਾ 'ਚ ਬੋਲਦੇ ਹੋਏ, ਭਾਰਤ ਨੇ ਰੇਖਾਂਕਿਤ ਕੀਤਾ ਕਿ ਜਦੋਂ ਉਹ ਇੱਕ ਅਜਿਹੀ ਪਹਿਲਕਦਮੀ ਦਾ ਸਮਰਥਨ ਕਰਦਾ ਹੈ ਜੋ 'ਸਾਰਥਕ ਤੇ ਵਿਆਪਕ ਸੁਧਾਰਾਂ ਨੂੰ ਪ੍ਰਾਪਤ ਕਰਨ ਦੇ ਉਦੇਸ਼ ਨੂੰ ਅੱਗੇ ਵਧਾਉਂਦਾ ਹੈ', ਮੌਜੂਦਾ ਮਤਾ 'ਅੱਗੇ ਜ਼ਿਆਦਾ ਗੰਭੀਰ, ਡੂੰਘਾਈ ਨਾਲ, ਤੇ ਸੰ-ਮਲਿਤ ਵਿਚਾਰ-ਵਟਾਂਦਰੇ ਦੀ ਮੰਗ ਕਰਦਾ ਹੈ। 69ਵੀਂ ਪਲੈਨਰੀ ਮੀਟਿੰਗ 'ਚ, ਸੰਯੁਕਤ ਰਾਸ਼ਟਰ 'ਚ ਭਾਰਤ ਦੇ ਉਪ ਸਥਾਈ ਪ੍ਰਤੀਨਿਧੀ, ਰਾਜਦੂਤ ਆਰ ਰਵਿੰਦਰਾ ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ ਪਿਛਲੇ ਚਾਰ ਦਹਾਕਿਆਂ 'ਚ, ਘੱਟ-ਗਿਣਤੀ ਦੇ ਨਾਂਹ-ਪੱਖੀ ਲੋਕਾਂ ਨੇ ਸੁਰੱਖਿਆ ਪ੍ਰੀਸ਼ਦ ਦੇ ਸੁਧਾਰਾਂ ਦੀ ਪੂਰੀ ਪ੍ਰਕਿਰਿਆ ਨੂੰ ਬੰਧਕ ਬਣਾ ਲਿਆ ਹੈ। ਭਾਰਤ ਨੇ ਜ਼ੋਰ ਦੇ ਕੇ ਕਿਹਾ ਕਿ ਸਾਰੇ ਪੰਜ ਸਥਾਈ ਮੈਂਬਰਾਂ ਨੇ ਪਿਛਲੇ 75 ਸਾਲਾਂ 'ਚ ਵੀਟੋ ਦੀ ਵਰਤੋਂ ਆਪਣੇ-ਆਪਣੇ ਰਾਜਨੀਤਿਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਕੀਤੀ ਹੈ।

ਪੱਛਮ ਨੂੰ ਸੁਰੱਖਿਆ ਪ੍ਰੀਸ਼ਦ ਦੀਆਂ ਸਮੱਸਿਆਵਾਂ ਦੇ ਹੱਲ ਲਈ ਅਪੀਲ ਕਰਦੇ ਹੋਏ, ਭਾਰਤ ਨੇ ਸੰਯੁਕਤ ਰਾਸ਼ਟਰ ਨੂੰ ਕਿਹਾ ਕਿ ਉਹ ਜਨਰਲ ਅਸੈਂਬਲੀ ਨੂੰ 'ਵਧੇਰੇ ਘੱਟ ਨੁਮਾਇੰਦਗੀ ਵਾਲੀਆਂ ਆਵਾਜ਼ਾਂ ਨੂੰ ਸ਼ਾਮਲ ਕਰਕੇ ਇਸ ਨੂੰ ਹੋਰ ਪ੍ਰਤੀਨਿਧ, ਭਰੋਸੇਯੋਗ ਅਤੇ ਜਾਇਜ਼' ਬਣਾਉਣ ਲਈ ਕਿਹਾ।

ਆਰ. ਰਵਿੰਦਰਾ ਨੇ ਕਿਹਾ, ਇਸ ਲਈ ਇਹ ਵਿਅੰਗਾਤਮਕ ਹੈ ਕਿ ਮੈਂਬਰ ਰਾਜਾਂ ਦਾ ਉਹੀ ਸਮੂਹ ਜੋ IGN ਵਿੱਚ 'ਟੁਕੜੇ ਸੁਧਾਰ' ਦੇ ਵਿਰੁੱਧ ਜ਼ੋਰਦਾਰ ਬਹਿਸ ਕਰਦਾ ਹੈ, ਅੱਜ ਖੁਦ ਇਕ ਟੁਕੜੇ-ਟੁਕੜੇ ਪਹਿਲਕਦਮੀ ਦਾ ਸਮਰਥਨ ਕਰ ਰਿਹਾ ਹੈ, ਜੋ ਸਮੱਸਿਆ ਦੇ ਮੂਲ ਕਾਰਨ ਨੂੰ ਨਜ਼ਰਅੰਦਾਜ਼ ਕਰਦਾ ਹੈ। ਇਸਲਈ ਅਸੀਂ ਉਮੀਦ ਕਰਦੇ ਹਾਂ ਕਿ ਹੋਰ ਟੁਕੜੇ ਯਤਨਾਂ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ। ਕੌਂਸਲ ਦੀ ਮੈਂਬਰਸ਼ਿਪ ਦੀ ਸ਼੍ਰੇਣੀ ਤੇ ਕੰਮ ਕਰਨ ਦੇ ਤਰੀਕਿਆਂ ਦੇ ਪਹਿਲੂਆਂ ਨੂੰ ਬਿਨਾਂ ਕਿਸੇ ਦੋਹਰੇ ਮਾਪਦੰਡਾਂ ਦੇ ਅਤੇ ਭਵਿੱਖ 'ਚ ਵੀ ਇਸੇ ਤਰ੍ਹਾਂ ਦੇ ਮਾਪਦੰਡ ਨਾਲ ਲਿਆ ਜਾਵੇਗਾ।

ਰਾਜਦੂਤ ਨੇ ਇਹ ਵੀ ਰੇਖਾਂਕਿਤ ਕੀਤਾ ਕਿ ਕਿਵੇਂ ਇਸ ਮਤੇ ਦੀਆਂ ਵਿਵਸਥਾਵਾਂ 'ਸੰਯੁਕਤ ਰਾਸ਼ਟਰ ਚਾਰਟਰ ਦੇ ਉਪਬੰਧਾਂ ਨੂੰ ਬਦਲਦੀਆਂ ਹਨ। ਲਾਸ਼ਾਂ ਇਹ ਕੌਂਸਲ ਦੀ ਅੰਦਰੂਨੀ ਫੈਸਲੇ ਲੈਣ ਦੀ ਗਤੀਸ਼ੀਲਤਾ 'ਤੇ ਵੀ ਪ੍ਰਭਾਵ ਪਾਵੇਗਾ।



ਲਾਲ ਕਿਲੇ ਤੋਂ ਗੁਰੂ ਤੇਗ ਬਹਾਦਰ ਜੀ ਦੇ ਸਮਰਪਣ, ਬਲੀਦਾਨ ਤੇ ਬਹਾਦਰੀ ਨੂੰ ਸਿਜਦਾ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਂ 'ਤੇ ਵਿਸ਼ੇਸ ਸਿੱਕਾ ਤੇ ਡਾਕ ਟਿਕਟ ਜਾਰੀ।

**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 24 'ਤੇ)**

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਗਰਾਊਂਡ ਬਰੇਕ ਈਵੈਂਟ 1 ਮਈ ਨੂੰ



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਗੁਰੂ ਘਰ ਦੀ ਨਵੀਂ ਬਿਲਡਿੰਗ ਦੀ ਉਸਾਰੀ ਲਈ ਗਰਾਊਂਡ ਬਰੇਕ ਈਵੈਂਟ 1 ਮਈ 2022 ਐਤਵਾਰ ਨੂੰ ਕੀਤੀ ਜਾ ਰਹੀ ਹੈ। ਇਸ ਸਬੰਧਤੀ ਸ੍ਰੀ ਸਹਿਜ ਪਾਠ ਸਾਹਿਬ ਜੀ ਕਰਵਾਏ ਜਾਣਗੇ, ਜਿਹਨਾਂ ਦੇ ਭੋਗ 11 ਵਜੇ ਸਵੇਰੇ ਪੈਣਗੇ ਅਤੇ ਗਰਾਊਂਡ ਬਰੇਕ ਦੀ ਰਸਮ 12.30 ਵਜੇ ਨਿਭਾਈ ਜਾਵੇਗੀ, ਜਿਸ ਨੂੰ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਆਪਣੇ ਕਰ ਕਮਲਾਂ ਨਾਲ ਨਿਭਾਉਣਗੇ। ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਪ੍ਰੋਗਰਾਮ ਵਿਚ ਵੱਧ ਚੜ੍ਹ ਕੇ ਸ਼ਿਰਕਤ ਕਰੋ ਜੀ।




ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ) ਵਿਖੇ ਮਨਾਇਆ ਗਿਆ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਅੰਬੇਦਕਰ ਦਾ 131ਵਾਂ ਜਨਮ ਦਿਨ।

**(ਰਿਪੋਰਟ ਅਤੇ ਤਸਵੀਰਾਂ ਲਈ ਦੇਖੋ ਅੰਬੇਦਕਰ ਟਾਈਮਜ਼)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ੴ

# Invitation



PROPOSED DEVELOPMENT, GURDWARA SHRI GURU RAVIDASS SABHA BAY AREA

## Shri Guru Ravidass Sabha Bay Area

cordially inviting you on the

## Ground Break Event

Inaugurate hon'ble Sh. Sukhraj Singh Chopra

at 31252 Veasy Street Union City

CA 94587

On 1st May 2022 Sunday

Bhog Sri Sehaj Path..........11:00 am

Ground Break Time...............12:30 pm

| Vinod Kumar | Ram Lubaya | Naresh Kumar Gaddu | Sohan Singh Dhanda |
|---|---|---|---|
| Chairman | President | Gen. Sec. | Cashier |
| M : 510 953 9800 | M : 408 449 1105 | M : 510 857 4551 | M : 510 200 6649 |

Ptd by : Stylish Printers # +91 94653-39604

# ਰੂਸ ਨੇ ਦਿੱਤੀ ਪਰਮਾਣੂ ਜੰਗ ਦੀ ਚਿਤਾਵਨੀ, ਸਰਗੇਈ ਦਾ ਦਾਅਵਾ, ਤੀਜੀ ਸੰਸਾਰ ਜੰਗ ਦੇ ਖ਼ਤਰਾ

**ਕੀਵ –** ਯੂਕਰੇਨ ਨਾਲ ਜੰਗ ਦੌਰਾਨ ਰੂਸ ਨੇ ਪਰਮਾਣੂ ਜੰਗ ਦੀ ਚਿਤਾਵਨੀ ਦਿੱਤੀ ਹੈ। ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਦਾਅਵਾ ਕੀਤਾ ਹੈ ਕਿ ਯੂਕਰੇਨ ਤੀਜੀ ਸੰਸਾਰ ਜੰਗ ਦੇ ਖ਼ਤਰੇ ਨੂੰ ਘੱਟ ਕਰ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਸਰਗੇਈ ਨੇ ਇਹ ਦੋਸ਼ ਲਗਾਇਆ ਕਿ ਯੂਕਰੇਨ ਨੂੰ ਹਥਿਆਰ ਦੇ ਰਹੇ ਪੱਛਮੀ ਦੇਸ਼ ਤੇ ਨਾਟੋ ਰੂਸ ਖ਼ਿਲਾਫ਼ ਲੁਕਵੀਂ ਜੰਗ ਲੜ ਰਹੇ ਹਨ। ਏਧਰ ਯੂਕਰੇਨ 'ਤੇ ਰੂਸ ਦੇ ਹਮਲੇ ਦੇ ਦੋ ਮਹੀਨੇ ਪੂਰੇ ਹੋ ਗਏ ਹਨ। ਰੂਸੀ ਫ਼ੌਜ ਹੁਣ ਪੂਰਬੀ ਯੂਕਰੇਨ ਨੂੰ ਨਿਸ਼ਾਨਾ ਬਣਾ ਰਹੀ ਹੈ। ਇਸ ਇਲਾਕੇ 'ਚ ਹਵਾਈ ਹਮਲਿਆਂ ਦੇ ਨਾਲ ਹੀ ਮਿਜ਼ਾਈਲਾਂ ਵੀ ਦਾਗੀਆਂ ਜਾ ਰਹੀਆਂ ਹਨ।

ਰੂਸੀ ਵਿਦੇਸ਼ ਮੰਤਰਾਲੇ ਦੀ ਵੈਬਸਾਈਟ ਮੁਤਾਬਕ ਸਰਗੇਈ ਨੇ ਇਕ ਇੰਟਰਵਿਊ 'ਚ ਕਿਹਾ ਕਿ ਨਾਟੋ ਫ਼ੌਜ ਹਥਿਆਰ ਮੁਹਈਆ ਕਰਵਾ ਕੇ ਅੱਗ 'ਚ ਘਿਓ ਪਾਉਣ ਦਾ ਕੰਮ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਪੱਛਮ ਚਾਹੁੰਦਾ ਹੈ ਕਿ ਯੂਕਰੇਨ ਜੰਗ ਜਾਰੀ ਰਹੇ। ਸਰਗੇਈ ਨੇ ਯੂਕਰੇਨੀ ਨੇਤਾਵਾਂ 'ਤੇ ਦੋਸ਼ ਲਗਾਇਆ ਹੈ ਕਿ ਉਹ ਨਾਟੋ ਨੂੰ ਜੰਗ 'ਚ ਸ਼ਾਮਿਲ ਹੋਣ ਲਈ ਕਹਿ ਕੇ ਰੂਸ ਨੂੰ ਉਕਸਾ ਰਹੇ ਹਨ। ਉਨ੍ਹਾਂ ਕਿਹਾ ਕਿ ਨਾਟੋ ਅਸਰਦਾਰ ਤੌਰ 'ਤੇ ਰੂਸ ਨਾਲ ਜੰਗ 'ਚ ਸ਼ਾਮਿਲ ਹੈ ਤੇ ਪਰਦੇ ਦੇ ਪਿੱਛਿਓਂ ਹਥਿਆਰ ਮੁਹਈਆ ਕਰਵਾ ਰਿਹਾ ਹੈ। ਹਰ ਕੋਈ ਇਹੀ ਕਹਿ ਰਿਹਾ ਹੈ ਕਿ ਅਸੀਂ ਕਿਸੇ ਵੀ ਸਥਿਤੀ 'ਚ ਤੀਜੀ ਸੰਸਾਰ ਜੰਗ ਦੀ ਇਜਾਜ਼ਤ ਨਹੀਂ ਦੇ ਸਕਦੇ। ਸਰਗੇਈ ਦੇ ਇਸ ਬਿਆਨ ਦੇ ਜਵਾਬ 'ਚ ਯੂਕਰੇਨ ਦੇ ਵਿਦੇਸ਼ ਮੰਤਰੀ ਦਿਮਿਤਰੀ ਕੁਲੇਬਾ ਨੇ ਕਿਹਾ ਕਿ ਰੂਸ ਸਾਡੇ ਦੇਸ਼ ਦਾ ਸਮਰਥਨ



ਕਰ ਰਹੀ ਦੁਨੀਆ ਨੂੰ ਡਰਾਉਣ ਦੀ ਆਖ਼ਰੀ ਉਮੀਦ ਗੁਆ ਚੁੱਕਿਆ ਹੈ। ਇਸ ਲਈ ਉਹ ਤੀਜੀ ਸੰਸਾਰ ਜੰਗ ਦੇ ਖ਼ਤਰੇ ਦੇ ਗੱਲ ਕਰ ਰਿਹਾ ਹੈ। ਇਸ ਦਾ ਮਤਲਬ ਹੈ ਕਿ ਰੂਸ ਨੂੰ ਯੂਕਰੇਨ 'ਚ ਹਾਰ ਦਾ ਅਹਿਸਾਸ ਹੈ।

ਬਰਤਾਨੀਆ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਯੂਕਰੇਨੀ ਸ਼ਹਿਰ ਕ੍ਰੈਮਿੰਨਾ 'ਤੇ ਰੂਸੀ ਬਲਾਂ ਨੇ ਕਬਜ਼ਾ ਕਰ ਲਿਆ ਹੈ। ਬ੍ਰਿਟਿਸ਼ ਮੰਤਰਾਲੇ ਨੇ ਇਹ ਜਾਣਕਾਰੀ ਮੰਗਲਵਾਰ ਨੂੰ ਟਵੀਟ ਜ਼ਰੀਏ ਦਿੱਤੀ। ਟਵੀਟ 'ਚ ਕਿਹਾ ਹੈ ਕਿ ਕ੍ਰੈਮਿੰਨਾ 'ਤੇ ਕਬਜ਼ੇ ਦੀ ਖ਼ਬਰ ਹੈ ਤੇ ਇਜੀਅਮ 'ਚ ਵੱਡੇ ਪੱਧਰ 'ਤੇ ਲੜਾਈ ਚੱਲ ਰਹੀ ਹੈ। ਜਦਕਿ ਰੂਸੀ ਬਲ ਪੂਰਬੀ ਯੂਕਰੇਨ ਦੇ ਸਲੋਵਿਆਂਸਕ ਤੇ ਕ੍ਰਾਮਟੋਰਸਕ ਵੱਲ ਵਧ ਰਹੇ ਹਨ। ਕ੍ਰੈਮਿੰਨਾ ਯੂਕਰੇਨ ਦੀ ਰਾਜਧਾਨੀ ਕੀਵ ਤੋਂ ਕਰੀਬ 575 ਕਿਲੋਮੀਟਰ ਦੂਰ ਹੈ। ਏਧਰ ਰੂਸੀ ਰੱਖਿਆ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਯੂਕਰੇਨ ਦੀਆਂ ਸੱਤ ਬੰਦਰਗਾਹਾਂ 'ਤੇ 18 ਦੇਸ਼ਾਂ ਦੇ 76 ਬੇੜਿਆਂ ਨੂੰ ਰੋਕਿਆ ਗਿਆ ਹੈ।

ਸੰਯੁਕਤ ਰਾਸ਼ਟਰ (ਯੂਐੱਨ) ਪ੍ਰਮੁੱਖ ਐਂਟੋਨੀਓ ਗੁਤਰਸ ਮੰਗਲਵਾਰ ਨੂੰ ਰੂਸ ਦੀ ਰਾਜਧਾਨੀ ਮਾਸਕੋ ਪੁੱਜੇ। ਉਨ੍ਹਾਂ ਨੇ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਮੁਲਾਕਾਤ ਕੀਤੀ ਤੇ ਯੂਕਰੇਨ 'ਚ ਜੰਗਬੰਦੀ ਦੀ ਅਪੀਲ ਕੀਤੀ। ਗੁਤਰਸ ਨੇ ਕਿਹਾ ਕਿ ਯੂਕਰੇਨ 'ਚ ਚੱਲ ਰਹੀ ਲੜਾਈ ਦਾ ਦੁਨੀਆ ਦੇ ਵੱਖ-ਵੱਖ ਹਿੱਸਿਆਂ 'ਚ ਖ਼ੁਰਾਕ ਸੁਰੱਖਿਆ 'ਤੇ ਪੈ ਰਹੇ ਅਸਰ ਨੂੰ ਘੱਟ ਕਰਨਾ ਚਾਹੁੰਦੇ ਹਾਂ। ਯੂਐੱਨ ਜਨਰਲ ਸਕੱਤਰ ਇਸੇ ਹਫ਼ਤੇ ਯੂਕਰੇਨ ਦੀ ਰਾਜਧਾਨੀ ਕੀਵ ਵੀ ਜਾਣਗੇ।

# ਸਿਹਤ ਤੇ ਸਿੱਖਿਆ: ਪੰਜਾਬ ਤੇ ਦਿੱਲੀ ਵਿਚਾਲੇ ਸਮਝੌਤਾ

**ਨਵੀਂ ਦਿੱਲੀ–** ਸਿਹਤ, ਸਿੱਖਿਆ ਅਤੇ ਹੋਰ ਪ੍ਰਮੁੱਖ ਖੇਤਰਾਂ ਦੀ ਕਾਇਆਕਲਪ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਵਿਚ ਉਨ੍ਹਾਂ ਦੇ ਹਮਰੁਤਬਾ ਅਰਵਿੰਦ ਕੇਜਰੀਵਾਲ ਨੇ ਦੋਵਾਂ ਸੂਬਿਆਂ ਵੱਲੋਂ ਗਿਆਨ ਦੇ ਵਟਾਂਦਰੇ ਲਈ ਸਮਝੌਤਾ ਸਹੀਬੰਦ ਕੀਤਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸਿੱਖਿਆ, ਸਿਹਤ ਤੇ ਬਿਜਲੀ ਉਨ੍ਹਾਂ ਦੀ ਸਰਕਾਰ ਦੀ ਸਿਖਰਲੀਆਂ ਤਰਜੀਹਾਂ ਹਨ ਤੇ ਪੰਜਾਬ ਨੂੰ ਇਨ੍ਹਾਂ ਖੇਤਰਾਂ ਵਿੱਚ ਦਿੱਲੀ ਤੋਂ ਬਹੁਤ ਕੁਝ ਸਿੱਖਣ ਨੂੰ ਮਿਲੇਗਾ। ਇਸੇ ਤਰ੍ਹਾਂ ਦਿੱਲੀ, ਪੰਜਾਬ ਤੋਂ ਖੇਤੀ ਬਾਰੇ ਗਿਆਨ ਲੈ ਸਕਦਾ ਹੈ। ਉਧਰ ਕੇਜਰੀਵਾਲ ਨੇ ਕਿਹਾ ਕਿ ਜੇਕਰ ਹਰੇਕ ਰਾਜ ਦੂਜੇ ਵੱਲੋਂ ਕੀਤੇ ਚੰਗੇ ਕੰਮਾਂ ਤੋਂ ਸਬਕ ਲੈਣ ਲੱਗੇ ਤਾਂ ਭਾਰਤ ਦੀ ਤਰੱਕੀ ਹੋਵੇਗੀ।

ਸਮਝੌਤਾ ਸਹੀਬੰਦ ਕਰਨ ਮੌਕੇ ਰੱਖੀ ਪ੍ਰੈੱਸ ਕਾਨਫਰੰਸ ਦੌਰਾਨ ਭਗਵੰਤ ਮਾਨ ਤੇ ਅਰਵਿੰਦ ਕੇਜਰੀਵਾਲ ਨੇ ਇਸ ਨੂੰ ਨਿਵੇਕਲੀ ਪਹਿਲਕਦਮੀ ਦੱਸਦੇ ਹੋਏ ਦੋਵਾਂ ਸੂਬਿਆਂ ਦੇ ਲੋਕਾਂ ਦੀ ਭਲਾਈ ਅਤੇ ਤਰੱਕੀ ਨੂੰ ਯਕੀਨੀ ਬਣਾਉਣ ਲਈ ਉਸਾਰੂ ਤੇ ਮਿਸਾਲੀ ਕਦਮ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਮਝੌਤਾ ਪੰਜਾਬ ਤੇ ਦਿੱਲੀ ਸਰਕਾਰਾਂ ਨੂੰ ਗਿਆਨ, ਤਜਰਬਾ ਤੇ ਮੁਹਾਰਤ ਆਪਸ ਵਿਚ ਸਾਂਝਾ ਕਰਨ ਦੇ ਯੋਗ ਬਣਾਏਗਾ। ਕਰਾਰ ਤਹਿਤ ਦੋਵੇਂ ਸਰਕਾਰਾਂ ਲੋਕਾਂ ਦੀ ਭਲਾਈ ਲਈ ਜਾਣਕਾਰੀ ਹਾਸਲ ਕਰਨ ਵਾਸਤੇ ਮੰਤਰੀਆਂ, ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਇਕ-ਦੂਜੇ ਦੇ ਸੂਬਿਆਂ ਵਿਚ ਭੇਜਿਆ ਕਰਨਗੀਆਂ। ਭਗਵੰਤ ਮਾਨ ਨੇ ਪੰਜਾਬ ਵਿਚ ਦਿੱਲੀ ਮਾਡਲ ਦੇ ਆਧਾਰ ਉਤੇ 117 ਸਰਕਾਰੀ ਸਕੂਲ ਅਤੇ 117 ਮੁਹੱਲਾ ਕਲੀਨਿਕ ਸਥਾਪਤ ਕਰਨ ਦਾ ਐਲਾਨ ਕਰਦੇ ਹੋਏ ਕਿਹਾ ਪੰਜਾਬ ਸਰਕਾਰ ਸ਼ੁਰੂਆਤ ਵਜੋਂ ਸੂਬੇ ਦੇ 117 ਵਿਧਾਨ ਸਭਾ ਹਲਕਿਆਂ ਵਿਚ ਇਕ-ਇਕ ਸਰਕਾਰੀ ਸਕੂਲ ਅਤੇ ਮੁਹੱਲਾ ਕਲੀਨਿਕ ਸਥਾਪਤ ਕਰੇਗੀ। ਉਨ੍ਹਾਂ ਕਿਹਾ, ''ਮਨੁੱਖ ਦਾ ਸਮੁੱਚਾ ਜੀਵਨ ਵਿਦਿਆਰਥੀ ਵਾਂਗ ਹੋਣਾ ਚਾਹੀਦਾ ਹੈ ਅਤੇ ਜਿੱਥੋਂ ਵੀ ਜੋ ਕੁਝ ਚੰਗਾ ਸਿੱਖਣ ਨੂੰ ਮਿਲੇ, ਉਸ ਨੂੰ ਗ੍ਰਹਿਣ ਕਰ ਲੈਣਾ ਚਾਹੀਦਾ ਹੈ। ਅਸੀਂ ਇੱਥੇ ਹੀ ਨਹੀਂ ਰੁਕਾਂਗੇ, ਜੇਕਰ ਸਾਨੂੰ ਆਪਣੇ ਸੂਬੇ ਦੀ ਖਾਤਰ ਬਾਕੀ ਸੂਬਿਆਂ ਜਾਂ ਹੋਰ ਮੁਲਕਾਂ ਵਿਚ ਵੀ ਜਾਣਾ ਪਿਆ ਤਾਂ ਜ਼ਰੂਰ ਜਾਵਾਂਗੇ।''



ਵਿਰੋਧੀ ਧਿਰਾਂ ਵੱਲੋਂ ਸਮਝੌਤੇ ਨੂੰ ਲੈ ਕੇ ਕੀਤੀ ਜਾ ਰਹੀ ਨੁਕਤਾਚੀਨੀ ਦਾ ਜਵਾਬ ਦਿੰਦਿਆਂ ਭਗਵੰਤ ਮਾਨ ਨੇ ਕਿਹਾ ਕਿ ਵਿਰੋਧੀ ਬਿਨਾਂ ਕਿਸੇ ਆਧਾਰ ਤੋਂ ਸਿਰਫ ਆਲੋਚਨਾ ਕਰਨ ਲਈ ਹੀ ਰੌਲਾ-ਰੱਪਾ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਇਕਪਾਸੜ ਸਮਝੌਤਾ ਨਹੀਂ, ਸਗੋਂ ਇਹ ਸਮਝੌਤਾ ਸਹੀ ਮਾਅਨਿਆਂ ਵਿਚ ਦੋਵਾਂ ਸੂਬਿਆਂ ਵੱਲੋਂ ਗਿਆਨ ਦੇ ਵਟਾਂਦਰੇ ਦਾ ਜ਼ਰੀਆ ਹੈ ਜਿਸ ਨਾਲ ਪੰਜਾਬ, ਦਿੱਲੀ ਪਾਸੋਂ ਸਿਹਤ ਤੇ ਸਿੱਖਿਆ ਵਰਗੇ ਖੇਤਰਾਂ ਵਿਚ ਲਾਗੂ ਕੀਤੇ ਲੋਕ ਪੱਖੀ ਮਾਡਲਾਂ ਨੂੰ ਅਪਣਾਏਗਾ ਜਦਕਿ ਦਿੱਲੀ, ਪੰਜਾਬ ਪਾਸੋਂ ਖੇਤੀਬਾੜੀ ਵਰਗੇ ਖੇਤਰਾਂ ਵਿਚ ਕੀਤੇ ਗਏ ਵਿਸ਼ਾਲ ਤਜਰਬੇ ਦਾ ਲਾਭ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਨੇ ਆਪਣੇ ਅਧਿਆਪਕਾਂ ਨੂੰ ਫਿਨਲੈਂਡ, ਕੈਂਬਰਿਜ ਤੇ ਹੋਰ ਵੱਖ-ਵੱਖ ਥਾਵਾਂ ਉਤੇ ਸਿੱਖਿਆ ਖੇਤਰ ਵਿਚ ਨਵੀਆਂ ਤਕਨੀਕਾਂ ਅਤੇ ਹੁਨਰ ਸਿੱਖਣ ਲਈ ਭੇਜਿਆ ਸੀ, ਜਿਸ ਦਾ ਲਾਭ ਦਿੱਲੀ ਦੇ ਬੱਚਿਆਂ ਨੂੰ ਹੋ ਰਿਹਾ ਹੈ।

ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨੂੰ ਰੰਗ ਕਰਕੇ ਸਮਾਰਟ ਸਕੂਲ ਦਾ ਨਾਂ ਦੇ ਕੇ ਪੰਜਾਬੀਆਂ ਨਾਲ ਧੋਖਾ ਕੀਤਾ। ਦਿੱਲੀ ਸਰਕਾਰ ਦਾ 25 ਫੀਸਦੀ ਬਜਟ ਸਿੱਖਿਆ ਖੇਤਰ ਲਈ ਹੁੰਦਾ ਹੈ ਜਦਕਿ ਪੰਜਾਬ ਵਿਚ ਇਹ ਬਜਟ ਮਹਿਜ਼ 2 ਫੀਸਦੀ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ 19000 ਸਰਕਾਰੀ ਸਕੂਲਾਂ, ਜਿੱਥੇ 23 ਲੱਖ ਬੱਚੇ ਪੜ੍ਹ ਰਹੇ ਹਨ, ਵਿਚ ਅਤਿ-ਆਧੁਨਿਕ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਦੀ ਸਖ਼ਤ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਿਹਤ ਖੇਤਰ ਨਾਲ ਜੁੜਿਆ ਬੁਨਿਆਦੀ ਢਾਂਚਾ ਲੜਖੜਾਇਆ ਹੋਇਆ ਹੈ ਕਿਉਂਕਿ ਸੂਬੇ ਕੋਲ ਚੰਗੇ ਡਾਕਟਰ ਅਤੇ ਹੋਰ ਪੈਰਾ-ਮੈਡੀਕਲ ਸਟਾਫ ਤਾਂ ਹੈ ਪਰ ਲੋੜੀਂਦਾ ਢਾਂਚਾ ਨਹੀਂ ਹੈ। ਉਨ੍ਹਾਂ ਸੰਸਦ ਮੈਂਬਰ ਵਜੋਂ ਆਪਣਾ ਤਜਰਬਾ ਸਾਂਝਾ ਕਰਦਿਆਂ ਕਿਹਾ, ''ਮੈਂ ਆਪਣੇ ਸੰਸਦੀ ਕੋਟੇ ਦੇ ਫੰਡ ਵਿੱਚੋਂ ਸਿਹਤ ਵਿਭਾਗ ਨੂੰ ਵਾਤਾਨਕੂਲ ਐਂਬੂਲੈਂਸ ਦੇਣਾ ਚਾਹੁੰਦਾ ਸੀ ਪਰ ਮੈਨੂੰ ਇਸ ਕਰਕੇ ਨਾਂਹ ਕਰ ਦਿੱਤੀ ਗਈ ਕਿ ਇਸ ਨੂੰ ਚਲਾਉਣ ਲਈ ਉਨ੍ਹਾਂ ਕੋਲ ਸਟਾਫ ਨਹੀਂ ਹੈ।'' ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਤੀ ਨੂੰ ਲਾਹੇਵੰਦ ਬਣਾਉਣ ਲਈ ਛੇਤੀ ਹੀ ਖੇਤੀਬਾੜੀ ਖੇਤਰ ਲਈ ਫਸਲੀ ਵਿਭਿੰਨਤਾ ਸਮੇਤ ਨਵੀਆਂ ਨੀਤੀਆਂ ਤੇ ਪ੍ਰੋਗਰਾਮ ਤਿਆਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰੰਗਲਾ ਪੰਜਾਬ ਬਣਾਉਣ ਤੇ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਦੇ ਮਿਸ਼ਨ ਵਿਚ ਉਹ ਤੇ ਦੁਨੀਆ ਭਰ ਵਿਚ ਬੈਠਾ ਹਰੇਕ ਪੰਜਾਬੀ ਸਰਕਾਰ ਦਾ ਸਾਥ ਦੇਣ ਲਈ ਤਤਪਰ ਹੈ। ਨਸ਼ਿਆਂ ਦੇ ਖੇਤਰ ਵਿਚ ਤਿੰਨ ਪਰਤੀ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ ਤਾਂ ਕਿ ਨਸ਼ੇ ਦੇ ਖਾਤਮੇ ਦੇ ਨਾਲ-ਨਾਲ ਨਸ਼ੇ ਤੋਂ ਗ੍ਰਸਤ ਲੋਕਾਂ ਨੂੰ ਢੁਕਵਾਂ ਇਲਾਜ ਮੁਹੱਈਆ ਕਰਵਾਇਆ ਜਾ ਸਕੇ। ਇਸ ਮੌਕੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਪੰਜਾਬ ਦੇ ਸਿਹਤ ਮੰਤਰੀ ਡਾ। ਵਿਜੈ ਸਿੰਗਲਾ, ਪੰਜਾਬ ਦੇ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਦਿੱਲੀ ਦੇ ਸਿਹਤ ਮੰਤਰੀ ਸਤਿੰਦਰ ਜੈਨ, ਰਾਜ ਸਭਾ ਮੈਂਬਰ ਰਾਘਵ ਚੱਢਾ ਤੋਂ ਇਲਾਵਾ ਪੰਜਾਬ ਦੇ ਮੁੱਖ ਸਕੱਤਰ ਅਨਿਰੁਧ ਤਿਵਾੜੀ, ਦਿੱਲੀ ਦੇ ਮੁੱਖ ਸਕੱਤਰ ਨਰੇਸ਼ ਕੁਮਾਰ ਸਮੇਤ ਦੋਵਾਂ ਸੂਬਿਆਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਦਰਬਾਰ ਸਾਹਿਬ ਦੇ ਮੁੱਖ ਦੁਆਰਾਂ 'ਤੇ ਲੱਗਣਗੀਆਂ ਸਕੈਨਿੰਗ ਮਸ਼ੀਨਾਂ

**ਅੰਮ੍ਰਿਤਸਰ–** ਸ੍ਰੀ ਦਰਬਾਰ ਸਾਹਿਬ ਵਿੱਚ ਸੁਰੱਖਿਆ ਵਧਾਉਣ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਘਰ ਦੇ ਮੁੱਖ ਦਰਵਾਜ਼ਿਆਂ 'ਤੇ ਸਕੈਨਿੰਗ ਮਸ਼ੀਨਾਂ



ਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਫ਼ੈਸਲਾ ਅੱਜ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਲਿਆ ਗਿਆ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਲਈ ਪੁੱਜਦੀ ਹੈ। ਇਥੇ ਸੁਰੱਖਿਆ ਪ੍ਰਬੰਧ ਹੋਰ ਵਧਾਉਂਦੇ ਹੋਏ ਹੁਣ ਸਕੈਨਿੰਗ ਮਸ਼ੀਨਾਂ ਲਾਈਆਂ ਜਾਣਗੀਆਂ ਤਾਂ ਜੋ ਕੋਈ ਵੀ ਵਿਅਕਤੀ ਪਾਬੰਦੀਸ਼ੁਦਾ ਵਸਤੂ ਅੰਦਰ ਨਾ ਲਿਆ ਸਕੇ। ਇਸ ਮੌਕੇ ਉਨ੍ਹਾਂ ਨਤਮਸਤਕ ਹੋਣ ਲਈ ਪਹੁੰਚਣ ਵਾਲੀ ਸੰਗਤ ਦੇ ਠਹਿਰਨ ਲਈ ਨਵੀਆਂ ਸਰਾਵਾਂ ਬਣਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਇਸ ਸਬੰਧੀ ਕਮੇਟੀ ਨੇ ਸ਼ਹਿਰ ਵਿੱਚ ਨਗਰ ਨਿਗਮ ਦੀ ਹੱਦ ਤੋਂ ਬਾਹਰ, ਖਾਸਕਰ ਜੀਟੀ ਰੋਡ 'ਤੇ ਜ਼ਮੀਨ ਖਰੀਦਣ ਦਾ ਫ਼ੈਸਲਾ ਲਿਆ ਹੈ। ਇਸ ਕੰਮ ਲਈ ਇਕ ਸਬ-ਕਮੇਟੀ ਸਥਾਪਤ ਕੀਤੀ ਗਈ ਹੈ, ਜੋ ਜ਼ਮੀਨ ਦੀ ਤਲਾਸ਼ ਕਰਕੇ ਆਪਣੀ ਰਿਪੋਰਟ ਦੇਵੇਗੀ।

ਇਸ ਮੌਕੇ ਕਬੱਡੀ ਤੇ ਹਾਕੀ ਅਕੈਡਮੀਆਂ ਦੀ ਕਾਰ-ਗੁਜ਼ਾਰੀ ਨੂੰ ਬਿਹਤਰ ਬਣਾਉਣ ਲਈ ਵੀ ਇੱਕ ਸਬ-ਕਮੇਟੀ ਬਣਾਈ ਗਈ। ਉਨ੍ਹਾਂ ਦੱਸਿਆ ਕਿ ਮਈ ਮਹੀਨੇ ਤੋਂ ਪੰਜਾਬ ਸਮੇਤ ਦੇਸ਼ ਭਰ ਵਿੱਚ ਧਰਮ ਪ੍ਰਚਾਰ ਮੁਹਿੰਮ ਵਿੱਢੀ ਜਾਵੇਗੀ। ਇਸ ਸਬੰਧੀ ਦੇਸ਼ ਭਰ ਵਿੱਚ ਸਥਾਪਤ 13 ਸਿੱਖ ਮਿਸ਼ਨ ਤੇ ਪੰਜਾਬ ਦੇ ਹਰ ਹਲਕੇ ਵਿੱਚ ਪ੍ਰਚਾਰਕ ਅੰਮ੍ਰਿਤ ਸੰਚਾਰ ਤੇ ਕੀਰਤਨ ਸਮਾਗਮ ਕਰਵਾਉਣਗੇ। ਅੰਤ੍ਰਿੰਗ ਕਮੇਟੀ ਨੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਟਿਆਲਾ ਵਿੱਚ ਸੋਲਰ ਸਿਸਟਮ ਸਥਾਪਤ ਕਰਨ ਨੂੰ ਪ੍ਰਵਾਨਗੀ ਦਿੱਤੀ ਹੈ, ਜਿਸ ਦੀ ਸੇਵਾ ਗੁਰਸ਼ਬਦ ਪ੍ਰਚਾਰ ਸਭਾ ਕਰਵਾਏਗੀ। ਇਸ ਮੌਕੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨਾਂ ਦੀ ਪ੍ਰਕਿਰਿਆ ਸੁਖਾਲੀ ਕੀਤੀ ਜਾਵੇ।

ਇਸ ਦੌਰਾਨ ਅੰਤ੍ਰਿੰਗ ਕਮੇਟੀ ਵਿੱਚ ਵਿਰੋਧੀ ਧਿਰ ਨਾਲ ਸਬੰਧਿਤ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ ਨੇ ਵੀ ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਦੇ ਕੀਰਤਨ ਦਾ ਪ੍ਰਸਾਰਨ ਖ਼ੁਦ ਕਰਨ, ਲਾਪਤਾ ਹੋਏ 328 ਪਾਵਨ ਸਰੂਪਾਂ ਦਾ ਪਤਾ ਲਾਉਣ, ਅਮਰੀਕਾ ਵਾਸੀ ਸਿੱਖ ਵੱਲੋਂ ਬਿਨਾਂ ਪ੍ਰਵਾਨਗੀ ਪਾਵਨ ਸਰੂਪ ਛਾਪਣ, ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿੱਚੋਂ ਕੁਝ ਅਮਲੇ ਨੂੰ ਫਾਰਗ ਕਰਨ ਆਦਿ ਸਬੰਧੀ ਕਾਰਵਾਈ ਕਰਨ 'ਤੇ ਜ਼ੋਰ ਦਿੱਤਾ।

# ਪੰਜਾਬ 'ਚ ਹੁਣ ਡੂੰਘਾ ਹੋਣ ਲੱਗਿਆ ਬਿਜਲੀ ਸੰਕਟ

**ਚੰਡੀਗੜ੍ਹ–** ਗਰਮੀ ਵਧਣ ਕਾਰਨ ਪੰਜਾਬ 'ਚ ਜਿੱਥੇ ਬਿਜਲੀ ਸੰਕਟ ਡੂੰਘਾ ਹੋ ਰਿਹਾ ਹੈ ਤੇ ਉੱਥੇ ਅੱਜ ਤਾਪ ਘਰਾਂ ਦੇ ਦੋ ਯੂਨਿਟ ਤਕਨੀਕੀ ਨੁਕਸ ਕਰਕੇ ਬੰਦ ਹੋ ਗਏ ਹਨ। ਇਨ੍ਹਾਂ ਯੂਨਿਟਾਂ ਦੇ ਬੰਦ ਹੋਣ ਨਾਲ ਬਿਜਲੀ ਸਪਲਾਈ 'ਚ ਤਿੰਨ ਦਿਨਾਂ ਲਈ ਕਰੀਬ 200 ਲੱਖ ਯੂਨਿਟ ਦੀ ਕਟੌਤੀ ਹੋ ਗਈ ਹੈ। ਤਲਵੰਡੀ ਸਾਬੋ ਤਾਪ ਘਰ ਤੇ ਰੋਪੜ ਥਰਮਲ ਦੀ ਇੱਕ-ਇੱਕ ਯੂਨਿਟ ਬੰਦ ਹੋ ਗਈ ਹੈ। ਇਨ੍ਹਾਂ ਦੇ ਠੀਕ ਹੋਣ 'ਚ ਕਰੀਬ ਤਿੰਨ ਦਿਨ ਦਾ ਸਮਾਂ ਲੱਗਣ ਦਾ ਅਨੁਮਾਨ ਹੈ। ਪਾਵਰਕੌਮ ਵੱਲੋਂ ਦੋ ਯੂਨਿਟ ਬੰਦ ਹੋਣ ਕਰਕੇ ਬਦਲਵੇਂ ਪ੍ਰਬੰਧ ਕਰਨੇ ਪੈ ਰਹੇ ਹਨ। ਹੁਣ ਗਰਮੀ ਕਰਕੇ ਬਿਜਲੀ ਦੀ ਵੱਧ ਤੋਂ ਵੱਧ ਮੰਗ ਪਿਛਲੇ ਵਰ੍ਹੇ ਨਾਲੋਂ 68 ਫ਼ੀਸਦੀ ਵੱਧ ਗਈ ਹੈ ਤਾਂ ਪਾਵਰਕੌਮ ਕੋਲ ਪਾਵਰ ਕੱਟ ਲਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਬਚਿਆ ਹੈ। ਅੱਜ ਪੰਜਾਬ ਦੇ ਦਿਹਾਤੀ ਅਤੇ ਖੇਤੀ ਸੈਕਟਰ 'ਚ ਬਿਜਲੀ ਦੇ ਕੱਟ ਲੱਗੇ ਹਨ ਅਤੇ ਖੇਤੀ ਨੂੰ ਢੁੱਕਵੀਂ ਬਿਜਲੀ ਸਪਲਾਈ ਨਹੀਂ ਦਿੱਤੀ ਜਾ ਸਕੀ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਬੀਤੇ ਦਿਨ ਪੰਜਾਬ ਵਿੱਚ ਬਿਜਲੀ ਦੀ ਵੱਧ ਤੋਂ ਵੱਧ ਮੰਗ 8150 ਮੈਗਾਵਾਟ ਸੀ ਜਦਕਿ ਬੀਤੇ ਵਰ੍ਹੇ ਇਸੇ ਦਿਨ ਇਹ ਮੰਗ 5500 ਮੈਗਾਵਾਟ ਸੀ। ਇਸੇ ਤਰ੍ਹਾਂ ਪੰਜਾਬ 'ਚ ਬੀਤੇ ਦਿਨ ਬਿਜਲੀ ਖਪਤ 1740 ਲੱਖ ਯੂਨਿਟ ਸੀ ਜੋ ਪਿਛਲੇ ਵਰ੍ਹੇ ਇਸੇ ਦਿਨ 1106 ਲੱਖ ਯੂਨਿਟ ਸੀ। ਇਹ ਵਾਧਾ ਕਰੀਬ 57 ਫ਼ੀਸਦੀ ਬਣਦਾ ਹੈ। ਸਨਅਤੀ ਖੇਤਰ 'ਚ ਵੀ ਬਿਜਲੀ ਦੀ ਮੰਗ ਵਧੀ ਹੈ।

'ਆਪ' ਸਰਕਾਰ ਦਾ ਆਗਾਮੀ ਪਹਿਲਾ ਝੋਨੇ ਦਾ ਸੀਜ਼ਨ ਹੈ ਜਿਸ ਲਈ ਢੁੱਕਵੀਂ ਬਿਜਲੀ ਸਪਲਾਈ ਦੇਣਾ ਸਰਕਾਰ ਲਈ ਚੁਣੌਤੀ ਹੋਵੇਗੀ। ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਦਿਨ ਮੱਦੇਨਜ਼ਰ ਕੇਂਦਰੀ ਊਰਜਾ ਮੰਤਰੀ ਆਰਕੇ ਸਿੰਘ ਨਾਲ ਦਿੱਲੀ ਵਿਚ ਮੀਟਿੰਗ ਕੀਤੀ ਹੈ। ਸੰਭਾਵਨਾ ਜਾਪ ਰਹੀ ਹੈ ਕਿ ਪਾਵਰਕੌਮ ਨੂੰ ਐਤਕੀਂ ਵੱਧ ਬਿਜਲੀ ਖ਼ਰੀਦਣੀ ਪਵੇਗੀ। ਹੁਣ ਤੱਕ ਕਰੀਬ 200 ਕਰੋੜ ਦੀ ਬਿਜਲੀ ਪਾਵਰਕੌਮ ਖ਼ਰੀਦ ਚੁੱਕਾ ਹੈ। ਪਾਵਰਕੌਮ ਨੇ ਸੰਕਟ ਨਾਲ ਨਜਿੱਠਣ ਲਈ ਭਲਕ ਲਈ 120 ਲੱਖ ਯੂਨਿਟਾਂ ਦੀ ਖ਼ਰੀਦ ਕਰ ਲਈ ਹੈ। ਝੋਨੇ ਦੇ ਸੀਜ਼ਨ ਵਿਚ ਰਾਜ ਵਿਚ ਬਿਜਲੀ ਦੀ ਮੰਗ 15 ਹਜ਼ਾਰ ਮੈਗਾਵਾਟ ਤੱਕ ਪਹੁੰਚਣ ਦਾ ਅਨੁਮਾਨ ਹੈ। ਇੱਕ ਨਜ਼ਰ ਮਾਰੀਏ ਤਾਂ ਲਹਿਰਾ ਮੁਹੱਬਤ ਤਾਪ ਘਰ ਦੇ ਸਾਰੇ ਯੂਨਿਟ ਚੱਲ ਰਹੇ ਹਨ ਜਦਕਿ ਰੋਪੜ ਦਾ ਇੱਕ ਯੂਨਿਟ ਜੋ ਸਾਲਾਨਾ ਮੁਰੰਮਤ ਲਈ ਬੰਦ ਸੀ, ਉਹ ਅੱਜ ਰਾਤ ਚੱਲ ਸਕਦਾ ਹੈ। ਤਲਵੰਡੀ ਸਾਬੋ ਥਰਮਲ ਦਾ ਇੱਕ ਯੂਨਿਟ 15 ਅਪਰੈਲ ਤੋਂ ਸਾਲਾਨਾ ਮੁਰੰਮਤ ਲਈ ਬੰਦ ਹੈ ਜਦਕਿ ਇੱਕ ਯੂਨਿਟ ਬੁਆਇਲਰ ਲੀਕ ਹੋਣ ਕਰਕੇ ਬੰਦ ਹੋ ਗਿਆ ਹੈ। ਰਾਜਪੁਰਾ ਥਰਮਲ ਦੇ ਦੋਵੇਂ ਯੂਨਿਟ ਅਤੇ ਗੋਇੰਦਵਾਲ ਤਾਪ ਘਰ ਦਾ ਇੱਕ ਯੂਨਿਟ ਚੱਲ ਰਿਹਾ ਹੈ।

# ਸਾਂਪਲਾ ਮੁੜ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਨਿਯੁਕਤ



**ਚੰਡੀਗੜ੍ਹ (ਬਿਊਰੋ)–** ਵਿਜੇ ਸਾਂਪਲਾ ਨੂੰ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੁਆਰਾ ਅਨੁਸੂਚਿਤ ਜਾਤੀਆਂ ਲਈ ਰਾਸ਼ਟਰੀ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ । ਸਾਂਪਲਾ ਪੰਜਾਬ ਦੇ ਉੱਘੇ ਦਲਿਤ ਚਿਹਰਾ ਹਨ, ਜਿਨ੍ਹਾਂ ਨੂੰ ਦੂਜੀ ਵਾਰ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ । 1998 'ਚ ਜਲੰਧਰ ਛਾਉਣੀ ਵਿਚ ਪੈਂਦੇ ਪਿੰਡ ਸੋਫੀ ਦੇ ਸਰਪੰਚ ਵਜੋਂ ਆਪਣਾ ਸਿਆਸੀ ਸਫਰ ਸ਼ੁਰੂ ਕਰਨ ਵਾਲੇ ਸਾਂਪਲਾ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਹਨ।

# ਨਿਊਜਰਸੀ ਨਿਵਾਸੀ ਵਿਰੁੱਧ ਯਹੂਦੀਆਂ 'ਤੇ ਹਮਲੇ ਦੇ ਮਾਮਲੇ 'ਚ ਨਫਰਤੀ ਅਪਰਾਧ ਦੇ ਦੋਸ਼ ਆਇਦ

**ਸੈਕਰਾਮੈਂਟੋ 21 ਅਪ੍ਰੈਲ (ਹੁਸਨ ਲੜੋਆ ਬੰਗਾ)–** ਨਿਊਜਰਸੀ ਦੇ ਵਸਨੀਕ ਡੀਆਨ ਮਾਰਸ਼ ਵਿਰੁੱਧ ਆਰਥੋਡਾਕਸ ਯਹੂਦੀ ਭਾਈਚਾਰੇ ਨਾਲ ਸਬੰਧਿਤ ਲੋਕਾਂ ਉਪਰ



ਹਿੰਸਕ ਹਮਲੇ ਕਰਨ ਦੇ ਮਾਮਲਿਆਂ ਵਿਚ ਨਫਰਤੀ ਅਪਰਾਧ ਦੇ ਦੋਸ਼ ਆਇਦ ਕੀਤੇ ਗਏ ਹਨ। ਇਸਤਗਾਸਾ ਪੱਖ ਨੇ ਦੋਸ਼ ਲਾਏ ਹਨ ਕਿ ਮਾਰਸ਼ ਨੇ ਇਕ ਦਿਨ ਵਿਚ 4 ਵਿਅਕਤੀਆਂ ਉਪਰ ਹਮਲਾ ਕੀਤਾ ਕਿਉਂਕਿ ਉਹ ਯਹੂਦੀ ਸਨ। ਨਿਊਜਰਸੀ ਯੂ ਐਸ ਅਟਾਰਨੀ ਫਿਲਿਪ ਆਰ ਸੈਲਿੰਗਰ ਨੇ ਕਿਹਾ ਹੈ ਕਿ ਮਾਰਸ਼ ਨੇ ਸੰਘੀ ਨਫਰਤੀ ਅਪਰਾਧ ਰੋਕ ਕਾਨੂੰਨ ਦੀ ਉਲੰਘਣਾ ਕੀਤੀ ਹੈ ਤੇ ਉਸ ਨੇ ਜਾਣਬੁੱਝ ਕੇ ਯਹੂਦੀ ਲੋਕਾਂ ਨੂੰ ਨਿਸ਼ਾਨਾ ਬਣਾਇਆ ਤੇ ਉਨਾਂ ਨੂੰ ਜ਼ਖਮੀ ਕੀਤਾ। ਮਾਰਸ਼ ਨੇ ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀਆਂ ਨੂੰ ਆਪਣੇ ਬਿਆਨ ਦੀ ਇਕ ਵੀਡੀਓ ਦਿੱਤੀ ਹੈ ਜਿਸ ਵਿਚ ਉਸ ਨੇ ਕਿਹਾ ਹੈ ਅਜਿਹਾ ਕਰਨਾ ਜਰੂਰੀ ਹੈ ਕਿਉਂਕਿ ਇਹ ਲੋਕ ਅਸਲੀ ਸ਼ੈਤਾਨ ਹਨ। ਜਦੋਂ ਜਾਂਚ ਅਧਿਕਾਰੀਆਂ ਨੇ ਉਸ ਨੂੰ ਕਿਹਾ ਕਿ ਉਹ ਕਿਹੜੇ ਸ਼ੈਤਾਨ ਦੀ ਗੱਲ ਕਰ ਰਿਹਾ ਹੈ ਤਾਂ ਉਸ ਨੇ ਜਵਾਬ ਦਿੱਤਾ ਹੈਸੀਡਿਕ ਯਹੂਦੀ। ਜੇਕਰ ਦੋਸ਼ ਸਹੀ ਸਾਬਤ ਹੋ ਜਾਂਦੇ ਹਨ ਤਾਂ ਮਾਰਸ਼ ਨੂੰ ਉਮਰ ਕੈਦ ਤੇ 2.50 ਲੱਖ ਡਾਲਰ ਤਕ ਜੁਰਮਾਨਾ ਹੋ ਸਕਦਾ ਹੈ।

# ਸੋਸ਼ਲ ਮੀਡੀਆ ਜ਼ਰੀਏ ਫੈਲਦੀਆਂ ਅਫਵਾਹਾਂ ਤੋਂ ਓਬਾਮਾ ਚਿੰਤਤ

**ਸਟੇਨਫੋਰਡ–**ਅੱਜ ਦੁਨੀਆ ਭਰ ਵਿੱਚ ਸੋਸ਼ਲ ਮੀਡੀਆ ਜਾਣਕਾਰੀ ਦੇ ਫੈਲਾਅ ਦੇ ਮਾਮਲੇ ਚ ਮੀਡੀਆ ਦੀਆਂ ਬਾਕੀ ਵਿਧਾਵਾਂ ਉੱਤੇ ਹਾਵੀ ਹੁੰਦਾ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਫੈਲ ਰਹੀਆਂ ਗਲਤ ਸੂਚਨਾਵਾਂ ਨੂੰ ਲੈ ਕੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਗੰਭੀਰ ਚਿੰਤਾ ਜਤਾਈ ਹੈ।

ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਗਲਤ ਸੂਚਨਾਵਾਂ ਨਾਲ ਲੋਕਾਂ ਦੀ ਜਾਨ ਤਕ ਜਾ ਰਹੀ ਹੈ। ਇਹ ਲੋਕਤੰਤਰ ਲਈ ਖਤਰਾ ਪੈਦਾ ਕਰ ਰਿਹਾ ਹੈ। ਤਕਨੀਕੀ ਕੰਪਨੀਆਂ ਨੂੰ ਇਸਦੇ ਨਿਯਮ ਬਣਾਉਣੇ ਚਾਹੀਦੇ ਹਨ ਅਤੇ ਇਸਦਾ ਹੱਲ ਕੱਢਣਾ ਚਾਹੀਦਾ ਹੈ। ਓਬਾਮਾ ਮੁਤਾਬਕ, ਇਨ੍ਹਾਂ ਪਲੇਟਫਾਰਮਾਂ ਨੂੰ ਡਿਜ਼ਾਇਨ ਹੀ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਇਹ ਸਾਨੂੰ ਗਲਤ ਦਿਸ਼ਾ 'ਚ ਲੈ ਜਾਂਦੇ ਹਨ। ਸਟੇਨਫੋਰਡ ਸਾਈਬਰ ਪਾਲਿਸੀ ਸੈਂਟਰ ਦੇ ਇਕ ਪ੍ਰੋਗਰਾਮ 'ਚ ਓਬਾਮਾ ਨੇ ਗਲਤ ਸੂਚਨਾ ਦੇ ਪ੍ਰਸਾਰ ਦੇ ਅਸਲ ਦੁਨੀਆ ਦੇ ਪ੍ਰਭਾਵਾਂ ਵੱਲ ਇਸ਼ਾਰਾ ਕੀਤਾ, ਜਿਸ ਵਿਚ



ਕੋਵਿਡ-19 ਅਤੇ ਇਸਦੇ ਟੀਕਿਆਂ ਬਾਰੇ ਗਲਤ ਜਾਣਕਾਰੀ ਫੈਲਾਉਣਾ ਵੀ ਸ਼ਾਮਿਲ ਹੈ। ਓਬਾਮਾ ਨੇ ਕਿਹਾ ਕਿ ਵਿਗਿਆਨਕਾਂ ਨੇ ਰਿਕਾਰਡ ਸਮੇਂ 'ਚ ਸੁਰੱਖਿਅਤ, ਪ੍ਰਭਾਵੀ ਟੀਕੇ ਵਿਕਸਿਤ ਕੀਤੇ ਹਨ। ਇਹ ਅਵਿਸ਼ਵਾਸ਼ਯੋਗ ਪ੍ਰਾਪਤੀ ਹੈ। ਫਿਰ ਵੀ ਹਰ 5 'ਚੋਂ ਇਕ ਅਮਰੀਕੀ ਟੀਕਾ ਲਗਵਾਉਣ ਦੀ ਬਜਾਏ ਖੁਦ ਅਤੇ ਆਪਣੇ ਪਰਿਵਾਰ ਨੂੰ ਖਤਰੇ 'ਚ ਪਾਉਣ ਲਈ ਤਿਆਰ ਹੈ।

ਓਬਾਮਾ ਦੀ ਟਿੱਪਣੀ ਅਜਿਹੇ ਸਮੇਂ 'ਚ ਆਈ ਹੈ ਜਦੋਂ ਵੱਡੀਆਂ ਟੈਕਨਾਲੋਜੀ ਕੰਪਨੀਆਂ ਖਪਤਕਾਰਾਂ ਨੂੰ ਨੁਕਸਾਨ ਪਹੁੰਚਾਉਣ ਲਈ ਛੋਟੇ ਖਿਡਾਰੀਆਂ ਨਾਲ ਮੁਕਾਬਲੇਬਾਜ਼ੀ, ਆਪਣੇ ਲਾਭ ਲਈ ਨਿੱਜੀ ਡਾਟਾ ਦੀ ਮਨਮਾਨੀ ਵਰਤੋਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀਆਂ ਹਨ।

ਇਹੀ ਨਹੀਂ, ਇਨ੍ਹਾਂ ਕੰਪਨੀਆਂ ਦੀ ਤਾਕਤ ਅਤੇ ਪ੍ਰਭਾਵ 'ਤੇ ਲਗਾਮ ਕੱਸਣ 'ਤੇ ਅਮਰੀਕਾ 'ਚ ਕਾਨੂੰਨ ਬਣਾਉਣ 'ਤੇ ਵੀ ਵਿਚਾਰ ਹੋ ਰਿਹਾ ਹੈ।

# ਪਾਕਿ ਦੀ 34 ਫੀਸਦ ਵਸੋ 3.2 ਡਾਲਰ ਰੋਜ਼ਾਨਾ ਆਮਦਨ ਨਾਲ ਕਰਦੀ ਹੈ ਗੁਜ਼ਾਰਾ

**ਇਸਲਾਮਾਬਾਦ–** ਪਾਕਿਸਤਾਨ ਦੀ ਆਰਥਿਕ ਹਾਲਤ ਬੇਹਦ ਖਰਾਬ ਹੈ। ਵਿਸ਼ਵ ਬੈਂਕ ਦੀ ਜਾਣਕਾਰੀ ਮੁਤਾਬਕ ਦੇਸ਼ ਦੀ ਲਗਭਗ 34 ਫ਼ੀਸਦੀ ਆਬਾਦੀ ਸਿਰਫ਼ 3.2 ਡਾਲਰ ਜਾਂ 588 ਰੁਪਏ ਦੀ ਦੈਨਿਕ ਆਮਦਨ 'ਤੇ ਜੀਵਨ ਬਿਤਾਉਣ ਨੂੰ ਮਜ਼ਬੂਰ ਹੈ। ਨਕਦੀ ਸੰਕਟ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਦੇ ਨਵੇਂ ਵਿੱਤ ਮੰਤਰੀ ਮਿਫਤਾ ਇਸਾਮਿਲ ਦੇ ਸਾਹਮਣੇ ਮਹਿੰਗਾਈ ਨੂੰ ਕੰਟਰੋਲ ਕਰਨ ਦੀ ਸਭ ਤੋਂ ਵੱਡੀ ਚੁਣੌਤੀ ਹੈ। ਵਿਸ਼ਵ ਬੈਂਕ ਦੀ ਪਾਕਿਸਤਾਨ ਦੇ ਵਿਕਾਸ 'ਅਪਡੇਟ' ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਧਦੀ ਮਹਿੰਗਾਈ ਨੇ ਗ਼ਰੀਬ ਅਤੇ ਕਮਜ਼ੋਰ ਪਰਿਵਾਰਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਹ ਪਰਿਵਾਰ ਆਪਣੇ ਬਜਟ ਦਾ ਇਕ ਵੱਡਾ ਹਿੱਸਾ ਖੁਰਾਕ ਪਦਾਰਥਾਂ ਅਤੇ ਉਰਜਾ 'ਤੇ ਖਰਚ ਕਰਦੇ ਹਨ। ਐਕਸਪ੍ਰੈਸ ਟ੍ਰਿਬਿਊਨ' ਨੇ ਬੈਂਕ ਦੇ ਹਵਾਲੇ ਨਾਲ ਜਾਰੀ



ਰਿਪੋਰਟ ਵਿਚ ਕਿਹਾ ਕਿ ਗ਼ਰੀਬ ਲੋਕ ਆਪਣੇ ਬਜਟ ਜਾਂ ਕਮਾਈ ਦਾ ਅੱਧਾ ਹਿੱਸਾ ਖਾਣ-ਪੀਣ ਵਾਲੀਆਂ ਵਸਤੂਆਂ ਜਾਂ ਭੋਜਨ 'ਤੇ ਖਰਚ ਕਰਦੇ ਹਨ। ਵਿਸ਼ਵ ਬੈਂਕ ਨੇ ਕਿਹਾ ਕਿ ਪਾਕਿਸਤਾਨ ਵਿੱਚ ਵਿੱਤੀ ਸਾਲ 2021-22 ਵਿੱਚ ਮਹਿੰਗਾਈ 8 ਫ਼ੀਸਦੀ ਦੇ ਟੀਚੇ ਦੇ ਮੁਕਾਬਲੇ ਔਸਤਨ 10.7 ਫ਼ੀਸਦੀ ਰਹਿਣ ਦਾ ਅਨੁਮਾਨ ਹੈ। ਰਿਪੋਰਟ ਮੁਤਾਬਕ ਪਾਕਿਸਤਾਨ 'ਚ ਮਹਿੰਗਾਈ ਦੱਖਣੀ ਏਸ਼ੀਆ ਦੇ ਖੇਤਰ 'ਚ ਸਭ ਤੋਂ ਜ਼ਿਆਦਾ ਹੈ। ਇਸ ਦੌਰਾਨ, ਅੰਤਰ-ਰਾਸ਼ਟਰੀ ਮੁਦਰਾ ਫੰਡ ਨੇ ਮੌਜੂਦਾ ਵਿੱਤੀ ਸਾਲ ਲਈ ਪਾਕਿਸਤਾਨ ਦੀ ਅਰਥਵਿਵਸਥਾ ਦੇ ਵਿਕਾਸ ਦੇ ਅਨੁਮਾਨ ਨੂੰ 4 ਫ਼ੀਸਦੀ 'ਤੇ ਬਰਕਰਾਰ ਰੱਖਿਆ ਹੈ।






# ਮਾਸਕੋ ਨਾਲ ਭਾਰਤ ਦੇ ਸਬੰਧਾਂ ਤੋਂ ਵਾਸ਼ਿੰਗਟਨ ਭਲੀਭਾਂਤ ਜਾਣੂ-ਅਮਰੀਕੀ ਵਿਦੇਸ਼ ਵਿਭਾਗ

## ਕਿਹਾ ਪਾਬੰਦੀਆਂ ਕਾਰਨ ਰੂਸ ਪਹਿਲਾਂ ਵਾਲੀ ਕੀਮਤ 'ਤੇ ਨਹੀਂ ਦੇ ਸਕੇਗਾ ਫੌਜੀ ਸਾਜ਼ ਸਮਾਨ

**ਸੈਕਰਾਮੈਂਟੋ 24 ਅਪ੍ਰੈਲ (ਹੁਸਨ ਲੜੋਆ ਬੰਗਾ)**–ਭਾਰਤ ਦੇ ਰੂਸ ਨਾਲ ਪਿਛਲੇ ਕਈ ਸਾਲਾਂ ਤੋਂ ਰੱਖਿਆ ਖੇਤਰ ਵਿਚ ਸਬੰਧ ਹਨ ਤੇ ਇਹ ਸਬੰਧ ਓਦੋਂ ਤੋਂ ਹਨ ਜਦੋਂ ਭਾਰਤ ਦੇ ਇਕ ਭਾਈਵਾਲ ਵਜੋਂ ਅਮਰੀਕਾ ਮੌਜੂਦ ਨਹੀਂ ਸੀ, ਅਮਰੀਕਾ ਭਾਰਤ ਦੀ ਇਸ ਸਥਿੱਤੀ ਤੋਂ ਭਲੀਭਾਂਤ ਜਾਣੂ ਹੈ। ਇਹ ਪ੍ਰਗਟਾਵਾ ਅਮਰੀਕੀ ਵਿਦੇਸ਼ ਮੰਤਰੀ ਐਨਟਨੀ ਬਲਿੰਕਨ ਦੇ ਚੋਟੀ ਦੇ ਸਲਾਹਕਾਰ ਡੈਰਕ ਚੋਲੈਟ ਨੇ ਕੀਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਵਿਚ ਕੌਂਸਲਰ ਵਜੋਂ ਤਾਇਨਾਤ ਚੋਲੈਟ ਨੇ ਕਿਹਾ ਹੈ ਕਿ ਅਮਰੀਕਾ ਭਾਰਤ ਦਾ ਸਮਰਥਨ ਕਰਦਾ ਹੈ ਤੇ ਅਮਰੀਕਾ ਤੇ ਭਾਰਤ ਵਿਚਾਲੇ ਭਾਈਵਾਲੀ ਦੀਆਂ ਬਹੁਤ ਸੰਭਾਵਨਾਵਾਂ ਹਨ। ਏ ਐਨ ਆਈ ਨਾਲ ਇਕ ਵਿਸ਼ੇਸ਼ ਗੱਲਬਾਤ ਦੌਰਾਨ ਚੋਲੈਟ ਨੇ ਕਿਹਾ ਕਿ ਰੂਸ ਤੇ ਭਾਰਤ ਵਿਚਾਲੇ ਸਬੰਧਾਂ ਦੀ ਕਈ ਦਹਾਕੇ ਪੁਰਾਣੀ ਦਾਸਤਾਨ ਹੈ ਪਰੰਤੂ ਅੱਜ ਅਸੀਂ ਵੱਖਰੀ ਤਰਾਂ ਦੇ ਹਾਲਾਤ ਦਾ ਸਾਹਮਣਾ ਕਰ ਰਹੇ ਹਾਂ। ਅੱਜ ਹਕੀਕਤ ਕੁਝ ਹੋਰ ਹੈ। ਉਨਾਂ ਕਿਹਾ ਕਿ "ਪਿਛਲੇ 10 ਸਾਲਾਂ ਤੋਂ ਅਮਰੀਕਾ ਤੇ ਭਾਰਤ ਵਿਚਾਲੇ ਰੱਖਿਆ ਖੇਤਰ ਵਿਚ ਸਬੰਧ ਨਾਟਕੀ ਢੰਗ ਨਾਲ ਬਦਲੇ ਹਨ। ਅਮਰੀਕੀ ਵਿਦੇਸ਼ ਮੰਤਰੀ ਬਲਿੰਕਨ ਤੇ ਰੱਖਿਆ ਮੰਤਰੀ ਲਾਇਡ ਆਸਟਿਨ ਦੀ ਆਪਣੇ ਭਾਰਤੀ ਹਮਰੁਤਬਾ ਨਾਲ ਹੋਈ ਦੋ ਵਾਰ ਟੂ ਪਲੱਸ ਗੱਲਬਾਤ ਨੇ ਦੋਨਾਂ ਦੇਸ਼ਾਂ ਵਿਚਾਲੇ ਸਬੰਧਾਂ ਨੂੰ ਹੋਰ ਸਪੱਸ਼ਟ ਕੀਤਾ ਹੈ।,, ਇਸ ਗੱਲ ਉਪਰ ਜੋਰ ਦਿੰਦਿਆਂ ਕਿ ਅਮਰੀਕਾ ਦਾ ਭਾਰਤ ਰਣਨੀਤਿਕ ਭਾਈਵਾਲ ਹੈ, ਚੋਲੈਟ ਨੇ ਕਿਹਾ ਕਿ ਅਸੀਂ ਸੁਭਾਵਕ ਭਾਈਵਾਲ ਹਾਂ ਤੇ ਇਸ ਭਾਈਵਾਲੀ ਵਿਚ ਕਾਫੀ ਸੰਭਾਵਨਾਵਾਂ ਮੌਜੂਦ ਹਨ। ਉਨਾਂ ਕਿਹਾ ਕਿ ਇਹ ਭਾਈਵਾਲੀ ਪਹਿਲਾਂ ਹੀ ਖਿੱਤੇ ਵਿਚ ਦੋਨਾਂ ਦੇਸ਼ਾਂ ਤੇ ਵਿਸ਼ਵ ਨੂੰ ਫਾਇਦਾ ਪਹੁੰਚਾ ਰਹੀ ਹੈ। ਚੋਲੈਟ ਨੇ ਹੋਰ ਕਿਹਾ ਕਿ ਅਮਰੀਕਾ ਭਾਰਤ ਨਾਲ ਨੇੜਿਉਂ ਸੰਪਰਕ ਵਿਚ ਹੈ । ਚੋਲੈਟ ਨੇ ਇਹ ਵੀ ਦਾਅਵਾ ਕੀਤਾ ਕਿ ਰੂਸ ਆਪਣੇ ਉਪਰ ਲੱਗੀਆਂ ਆਰਥਿਕ ਪਾਬੰਦੀਆਂ ਕਾਰਨ ਪਹਿਲਾਂ ਵਾਲੀ ਕੀਮਤ ਉਪਰ ਫੌਜੀ ਸਾਜ ਸਮਾਨ ਨਹੀਂ ਦੇ



ਸਕੇਗਾ ਤੇ ਰੂਸ ਦੇ ਕੁਝ ਹਥਿਆਰ ਬਣਾਉਣ ਦੇ ਕਾਰਖਾਨਿਆਂ ਵਿਚ ਉਤਪਾਦਨ ਬੰਦ ਹੋ ਗਿਆ ਹੈ ਕਿਉਂਕਿ ਉਨਾਂ ਨੂੰ ਹਿੱਸੇ ਪੁਰਜੇ ਦਰਾਮਦ ਕਰਨ ਵਿਚ ਮੁਸ਼ਕਿਲ ਆ ਰਹੀ ਹੈ। ਇਹ ਪੁੱਛੇ ਜਾਣ 'ਤੇ ਕਿ ਹਥਿਆਰਾਂ ਦੀ ਬਰਾਮਦ ਦੇ ਨਜਰੀਏ ਤੋਂ ਭਾਰਤ ਨੂੰ ਭਰਮਾਉਣ ਲਈ ਅਮਰੀਕਾ ਦੀ ਕੀ ਯੋਜਨਾ ਹੈ ਤਾਂ ਚੋਲੈਟ ਨੇ ਕਿਹਾ ਕਿ ਭਾਰਤ ਨੂੰ ਭਰਮਾਉਣ ਵਾਲੀ ਕੋਈ ਗੱਲ ਨਹੀਂ ਹੈ ਸਾਡੀ ਭਾਈਵਾਲੀ ਸੰਗਠਿਤ ਰੂਪ ਵਿਚ ਅੱਗੇ ਵਧ ਰਹੀ ਹੈ। ਵਿਸ਼ੇਸ਼ ਤੌਰ 'ਤੇ ਰੱਖਿਆ ਖੇਤਰ ਵਿਚ ਸਾਡੇ ਸਬੰਧ ਮਜਬੂਤ ਹਨ। ਉਨਾਂ ਕਿਹਾ ਕਿ ਇਹ ਰਾਤੋ ਰਾਤ ਵਾਪਰਨ ਵਾਲੀ ਘਟਨਾ ਨਹੀਂ ਹੈ, ਇਸ ਨੂੰ ਲੰਬਾ ਸਮਾਂ ਲੱਗ ਸਕਦਾ ਹੈ ਤੇ ਇਸ ਦੌਰਾਨ ਅਸੀਂ ਆਪਣੇ ਭਾਰਤੀ ਭਾਈਵਾਲ ਦਾ ਸਮਰਥਨ ਕਰਨਾ ਚਹੰਦੇ ਹਾਂ। ਇਥੇ ਜਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿਚ ਅਮਰੀਕੀ ਰੱਖਿਆ ਮੰਤਰੀ ਲਾਇਡ ਆਸਟਿਨ ਨੇ ਕਿਹਾ ਸੀ ਕਿ ਰੂਸ ਕੋਲੋਂ ਭਾਰਤ ਫੌਜੀ ਸਾਜ ਸਮਾਨ ਦੀ ਖਰੀਦ ਘਟਾ ਦੇਵੇ ਕਿਉਂਕਿ ਵਾਸ਼ਿੰਗਟਨ ਦਾ ਵਿਚਾਰ ਹੈ ਕਿ ਇਹ ਖਰੀਦ ਨਵੀਂ ਦਿੱਲੀ ਦੇ ਹਿੱਤ ਵਿਚ ਨਹੀਂ ਹੈ।

# ਨਿਊ ਯਾਰਕ ਵਿੱਚ ਨਫਰਤੀ ਹਿੰਸਾ ਦੀਆਂ ਘਟਨਾਵਾਂ ਦੇ ਸ਼ਿਕਾਰ ਸੱਜਣ ਸਿੰਘ ਦੇ ਘਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਧਰਮ ਪ੍ਰਚਾਰ ਕਮੇਟੀ ਦੇ ਵਧੀਕ ਸਕੱਤਰ ਪਰਮਜੀਤ ਸਿੰਘ ਸਰੋਆ ਹਾਲ ਪੁੱਛਣ ਲਈ ਪੁੱਜੇ

**ਸੈਕਰਾਮੈਂਟੋ 24 ਅਪ੍ਰੈਲ (ਹੁਸਨ ਲੜੋਆ ਬੰਗਾ)**–ਨਿਊ ਯਾਰਕ ਦੇ ਰਿਚਮੰਡ ਹਿੱਲ ਵਿੱਚ ਪਿਛਲੇ ਦਿਨੀ ਲਗਾਤਾਰ ਸਿੱਖਾਂ ਨਾਲ ਨਫਰਤੀ ਹਿੱਸਾ ਦੀਆਂ ਘਟਨਾਵਾਂ ਦੇ ਸ਼ਿਕਾਰ ਸੱਜਣ ਸਿੰਘ ਦੇ ਘਰ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਵਧੀਕ ਸਕੱਤਰ ਪਰਮਜੀਤ ਸਿੰਘ ਸਰੋਆ ਹਾਲ ਪੁੱਛਣ ਲਈ ਪੁੱਜੇ ਉਨਾਂ ਪਰਿਵਾਰ ਤੋਂ ਘਟਨਾ ਸਬੰਧੀ ਪੂਰੇ ਵੇਰਵੇ ਪ੍ਰਾਪਤ ਕੀਤੇ ।ਇਸ ਮੌਕੇ ਉਹਨਾਂ ਨਾਲ ਗੁਰਦੁਆਰਾ ਸਿੱਖ ਕਲਚਰਲ ਸੁਸਇਟੀ ਦੇ ਜਨਤਕ ਅਤੇ ਵਿਦੇਸ਼ ਮਾਮਲਿਆਂ ਦੇ ਚੇਅਰਮੈਨ ਹਰਪ੍ਰੀਤ ਸਿੰਘ ਤੂਰ ਵੀ ਸਨ। ਮੁਲਾਕਾਤ ਤੋਂ ਬਾਅਦ ਡਾ ਪਰਮਜੀਤ ਸਿੰਘ ਸਰੋਆ ਨੇ ਦੱਸਿਆ ਕਿ ਪਰਿਵਾਰ ਨੇ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਦੋਨੋ ਦੋਸ਼ੀਆਂ ਵਿੱਚੋਂ ਇੱਕ ਨੂੰ ਕਾਬੂ ਕਰ ਲਿਆ ਗਿਆ ਹੈ ਅਤੇ ਜਲਦੀ ਦੂਜਾ



ਵੀ ਪੁਲਸ ਦੀ ਗ੍ਰਿਫ਼ਤ ਵਿੱਚ ਹੋਵੇਗਾ ਉਹਨਾਂ ਦੱਸਿਆ ਕਿ ਸੱਜਣ ਸਿੰਘ ਦੇ ਸਿਰ ਵਿੱਚ ਕਾਫ਼ੀ ਸੱਟਾਂ ਹਨ। ਉਹਨਾਂ ਦੱਸਿਆ ਕਿ ਨਿਊਯਾਰਕ ਪ੍ਰਸ਼ਾਸਨ ਇਹਨਾਂ ਘਟਨਾਵਾਂ ਨੂੰ ਕਾਫ਼ੀ ਗੰਭੀਰਤਾ ਨਾਲ ਲੈ ਰਿਹਾ ਅਤੇ ਅਜਿਹਾ ਮਹੌਲ ਸਿਰਜਿਆ ਜਾ ਰਿਹਾ ਕਿ ਅੱਗੇ ਤੋਂ ਅਜਿਹੀਆਂ ਘਟਨਾਵਾਂ ਨਾ ਵਾਪਰਨ । ਇਸ ਮੌਕੇ ਸੱਜਣ ਸਿੰਘ ਦੀ ਧਰਮ ਪਤਨੀ ਕਮਲਜੀਤ ਕੌਰ ਅਤੇ ਪਰਿਵਾਰਕ ਮੈਂਬਰ ਹਾਜ਼ਰ ਸਨ। ਉਕਤ ਪੱਤਰਕਾਰ ਨਾਲ ਘਟਨਾ ਦੇ ਸ਼ਿਕਾਰ ਸੱਜਣ ਸਿੰਘ ਗੱਲਬਾਤ ਕਰਦਿਆਂ ਦੱਸਿਆ ਕਿ ਦੂਸਰੇ ਬਜ਼ੁਰਗ ਜ਼ਿਹਨਾਂ ਨਾਲ ਪਹਿਲਾ ਘਟਨਾ ਵਾਪਰੀ ਸੀ ਉਸਦੇ ਦੋਸ਼ੀ ਨੂੰ ਵੀ ਕਾਬੂ ਕਰ ਲਿਆ ਗਿਆ ਹੈ ਭਾਵੇਂ ਉਹ ਬਜ਼ੁਰਗ ਇੰਡੀਆ ਚਲੇ ਗਏ ਹਨ ਪਰ ਸਥਾਨਕ ਭਾਈਚਾਰ ਉਸਦਾ ਕੇਸ ਪੈਰਵਾਈ ਨਾਲ ਲੜੇਗਾ।

ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਵਧੀਕ ਸਕੱਤਰ ਪਰਮਜੀਤ ਸਿੰਘ ਸਰੋਆ ਨੇ ਇਸ ਮੌਕੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹਰ ਹੀਲੇ ਵਸੀਲੇ ਪੀੜਤ ਪਰਿਵਾਰਾਂ ਨਾਲ ਖੜੀ ਹੈ ਤੇ ਜੋ ਸੰਭਵ ਹੋਇਆ ਕੀਤਾ ਜਾਵੇਗਾ। ਇਸ ਮੌਕੇ ਉਨਾਂ ਸੱਜਣ ਸਿੰਘ ਦੀ ਧਰਮ ਪਤਨੀ ਕਮਲਜੀਤ ਕੌਰ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਸ਼ੋਮਣੀ ਕਮੇਟੀ ਵਲੋਂ ਇਹ ਮੁੱਦਾ ਕੋਮਾਂਤਰੀ ਪੱਧਰ ਤੇ ਉਠਾਉਣ ਲਈ ਵਿਸ਼ੇਸ਼ ਧੰਨਵਾਦ ਕੀਤਾ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

SPECIAL BIT INSPECTION AND DOT AUDIT COMPLIANCE:
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

ਦੇਸ਼ ਦੁਆਬਾ

# The Ad Dharm in Dr. Ambedkar's writing!

STATEMENT "E" [f1] NOTE BY Dr. B. R. AMBEDKAR TO THE INDIAN FRANCHISE COMMITTEE (LOTHIAN COMMITTEE) ON THE DEPRESSED CLASSES SUBMITTED ON MAY 1st, 1932

## Depressed Classes in the Punjab

**In** connection with the population figure for the depressed classes given in the census of 1931 I wish to draw attention to two facts:

(1) The population of those who caused pollution by touch was according to the census of 1911, 2-8 Million while in the census of 1931 the population of untouchables is given as amounting to 1.3 million.

(2) The census of 1911 gives a list of 23 castes which are deemed to cause pollution by touch. The census of 1931 mentions only castes as forming the untouchable population in the Punjab. 12. Why the total population of the untouchables and the list of castes included in that category should have shrunk so much between 1911 and 1931 I am not able to ascertain. It is however necessary to state that among the untouchables of Punjab there has been going on for some years past a strong movement called the Ad-Dharm Movement the object of which is to separate from the Hindu fold and form themselves into a distinct community under the new name of "Ad-Dharmis". Such has been the strength of the movement that the untouchables decided to return themselves as "Ad-Dharmis" instead of Hindus in the census of 1931, and the Government gave recognition to this feeling and allowed the Census Superintendent of Punjab to open a new category of Ad-Dharmis. This led in some parts of the Punjab to riots between the Hindus and the untouchables. As a result the untouchables in some parts returned themselves simply as "Ad-Dharmis" without mentioning their respective castes, and in other parts where they were prevented from doing so returned themselves as Hindus under their caste names. I am mentioning these facts to show that the difficulties created in the enumeration of the untouchables and which are admitted by the Government of Punjab may be responsible for this shrinkage in the number and list of untouchables in the Punjab. The matter therefore requires to be carefully looked into.a

**Courtesy: C. L. Chumber**
**Editor-in- Chief: Kaumi Udarian**
**(Monthly Journal in Punjabi/Hindi/English)**
**Jalandhar City (Punjab) India.**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# 03 ਮਈ 2022, ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਅੱਜ 03 ਮਈ ਨੂੰ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਮਨਾਇਆ ਜਾ ਰਿਹਾ ਹੈ ਅਤੇ ਇਸ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਗਮ ਹੋ ਰਹੇ ਹਨ। ਪੱਤਰਕਾਰਤਾ ਦੀ ਅਜ਼ਾਦੀ ਦੀ ਮਹੱਤਤਾ ਨੂੰ ਵੇਖਦੇ ਹੋਏ ਹੀ ਸੰਯੁਕਤ ਰਾਸ਼ਟਰ ਸੰਘ ਨੇ 1993 ਵਿੱਚ 03 ਮਈ ਦੇ ਦਿਹਾੜੇ ਨੂੰ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ ਉਸਤੋਂ ਬਾਦ ਹਰ ਸਾਲ 03 ਮਈ ਨੂੰ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਸਰਕਾਰਾਂ ਵਲੋਂ ਅਤੇ ਮੀਡੀਆ ਉਦਯੋਗ ਨਾਲ ਜੁੜੇ ਲੋਕਾਂ ਵਲੋਂ ਪੱਤਰਕਾਰਤਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਇਸਦੇ ਅਜ਼ਾਦ ਰੂਪ ਵਿੱਚ ਕੰਮ ਕਰਨ ਲਈ ਠੋਸ ਨੀਤੀਆਂ ਬਣਾਈਆਂ ਜਾਂਦੀਆਂ ਹਨ। ਇਹ ਮੰਨਿਆ ਗਿਆ ਹੈ ਕਿ ਨਿਰਪੱਖ ਅਤੇ ਅਜ਼ਾਦ ਪੱਤਰਕਾਰਤਾ ਇੱਕ ਅਜਿਹਾ ਸ਼ੀਸ਼ਾ ਹੈ ਜੋਕਿ ਲੋਕਾਂ ਨੂੰ ਸਮਾਜ ਦੀ ਸਹੀ ਤਸਵੀਰ ਵਿਖਾਂਉਦਾ ਹੈ। ਮੀਡੀਆ ਦੇ ਵੱਖ ਵੱਖ ਮਾਧਿਅਮਾਂ ਪ੍ਰਿੰਟ ਮੀਡੀਆ, ਇਲਾਕਟ੍ਰਾਨਿਕ ਮੀਡੀਆ, ਆਨਲਾਇਨ ਮੀਡੀਆ ਆਦਿ ਦਾ ਬਿਨਾਂ ਕਿਸੇ ਦਬਾਓ ਅਤੇ ਡਰ ਦੇ ਕੰਮ ਕਰਨਾ ਹੀ ਪ੍ਰੈਸ ਦੀ ਅਸਲੀ ਆਜ਼ਾਦੀ ਹੈ। ਜੇਕਰ ਪੱਤਰਕਾਰਤਾ ਅਜ਼ਾਦ ਕੰਮ ਨਹੀਂ ਕਰੇਗੀ ਤਾਂ ਉਹ ਸਮਾਜ ਵਿੱਚ ਹੋ ਰਹੀਆਂ ਕੋਤਾਹੀਆਂ ਅਤੇ ਘਟਨਾਵਾਂ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕਦੀ ਹੈ। ਯੂਨੈਸਕੋ ਅਤੇ ਉਰੂਗਵੇ ਗਣਰਾਜ ਇਸ ਸਾਲ 2022 ਲਈ ਵਿਸ਼ਵ ਪ੍ਰੈਸ ਸੁਤੰਤਰਤਾ ਦਿਵਸ ਗਲੋਬਲ ਕਾਨਫਰੰਸ ਦੀ ਮੇਜ਼ਬਾਨੀ ਕਰਨਗੇ। "ਡਿਜੀਟਲ ਘੇਰਾਬੰਦੀ ਅਧੀਨ ਪੱਤਰਕਾਰੀ" ਥੀਮ ਅਧੀਨ ਪ੍ਰਗਟਾਵੇ ਦੀ ਆਜ਼ਾਦੀ ਤੇ ਡਿਜੀਟਲ ਯੁੱਗ ਦੇ ਪ੍ਰਭਾਵ, ਪੱਤਰਕਾਰਾਂ ਦੀ ਸੁਰੱਖਿਆ, ਜਾਣਕਾਰੀ ਤੱਕ ਪਹੁੰਚ ਅਤੇ ਗੋਪਨੀਯਤਾ ਤੇ ਚਰਚਾ ਕੀਤੀ ਜਾਵੇਗੀ। ਵਿਸ਼ਵ ਪ੍ਰੈਸ ਸੁਤੰਤਰਤਾ ਦਿਵਸ 2022 ਇਹਨਾਂ ਮੁੱਦਿਆਂ ਦੀ ਪੜਚੋਲ ਕਰਨ ਅਤੇ ਪ੍ਰੈਸ ਦੀ ਆਜ਼ਾਦੀ ਅਤੇ ਗੋਪਨੀਯਤਾ ਲਈ ਵਧੀ ਹੋਈ ਨਿਗਰਾਨੀ ਦੁਆਰਾ ਪੈਦਾ ਹੋਏ ਖਤਰਿਆਂ ਨੂੰ ਹੱਲ ਕਰਨ ਲਈ ਠੋਸ ਹੱਲ ਵਿਕਸਿਤ ਕਰਨ ਲਈ ਨੀਤੀ ਨਿਰਮਾਤਾਵਾਂ, ਪੱਤਰਕਾਰਾਂ, ਮੀਡੀਆ ਪ੍ਰਤੀਨਿਧਾਂ, ਕਾਰਕੁਨਾਂ, ਸਾਈਬਰ ਸੁਰੱਖਿਆ ਪ੍ਰਬੰਧਕਾਂ ਅਤੇ ਕਾਨੂੰਨੀ ਮਾਹਿਰਾਂ ਵਰਗੇ ਸਬੰਧਤ ਹਿੱਸੇਦਾਰਾਂ ਨੂੰ ਦੁਬਾਰਾ ਇਕੱਠੇ ਕਰੇਗਾ। ਰਿਪੋਰਟਰਜ਼ ਵਿਦਾਊਟ ਬਾਰਡਰਜ਼ ਸੰਗਠਨ ਅਨੁਸਾਰ ਦੁਨੀਆਂ ਦੇ 180 ਦੇਸ਼ਾਂ ਵਿੱਚੋਂ 73 ਦੇਸ਼ਾਂ ਵਿੱਚ ਪੱਤਰਕਾਰਤਾ ਤੇ ਲੱਗਭੱਗ




ਮੁਕੰਮਲ ਪਾਬੰਦੀ ਹੈ ਅਤੇ ਲੱਗਭੱਗ 59 ਹੋਰ ਦੇਸ਼ਾਂ ਵਿੱਚ ਵੀ ਪੂਰੀ ਅਜ਼ਾਦੀ ਨਹੀਂ ਹੈ। ਇਸ ਤਰਾਂ ਲੱਗਭੱਗ 73 ਫਿਸਦੀ ਦੇਸ਼ਾਂ ਵਿੱਚ ਪ੍ਰੈਸ ਤੇ ਤਰਾਂ ਤਰਾਂ ਦੀਆਂ ਪਾਬੰਦੀਆਂ ਹਨ।

ਵਿਸ਼ਵ ਪ੍ਰੈਸ ਅਜਾਦੀ ਇੰਡੈਕਸ ਅਨੁਸਾਰ ਦੁਨੀਆਂ ਦੇ 180 ਦੇਸ਼ਾਂ ਵਿੱਚੋਂ ਲੱਗਭੱਗ 132 ਦੇਸ਼ਾਂ ਵਿੱਚ ਪੱਤਰਕਾਰਤਾ ਦੀ ਹਾਲਤ ਬਹੁਤ ਖਰਾਬ, ਖਰਾਬ, ਮੁਸ਼ਕਿਲ ਵਾਲੀ ਹੀ ਹੈ। ਪੱਤਰਕਾਰਾਂ ਦੀ ਅਜਾਦੀ ਦੇ ਮਾਮਲੇ ਵਿੱਚ ਨਾਰਵੇ ਦੀ ਹਾਲਤ ਸਭ ਤੋਂ ਵਧੀਆ ਹੈ ਅਤੇ ਪਹਿਲੇ ਨੰਬਰ ਤੇ ਹੈ, ਫਿਨਲੈਂਡ ਦੂਜੇ ਨੰਬਰ ਤੇ ਅਤੇ ਡੈਨਮਾਰਕ ਤੀਜੇ ਨੰਬਰ ਤੇ ਹੈ। ਐਰੀਟਰੀਆ ਦੀ ਹਾਲਤ ਸਭ ਤੋਂ ਬੁਰੀ ਹੈ ਅਤੇ 180ਵੇਂ ਨੰਬਰ ਤੇ ਹੈ। ਦੱਖਣੀ ਏਸ਼ੀਆ ਦੇ ਮੁਲਕਾਂ ਵਿੱਚ ਪੱਤਰਕਾਰਤਾ ਦੀ ਅਜਾਦੀ ਸਭ ਤੋਂ ਵੱਧ ਖਤਰੇ ਵਿੱਚ ਹੈ। ਸਾਡੇ ਗੁਆਂਢੀ ਮੁੱਲਕ ਪੱਤਰਕਾਰਤਾ ਦੀ ਅਜਾਦੀ ਦੇ ਮਾਮਲੇ ਵਿੱਚ ਕਾਫੀ ਪਿੱਛੇ ਹਨ। ਇਸ ਮਾਮਲੇ ਵਿੱਚ ਪਾਕਿਸਤਾਨ 145ਵੇਂ, ਬੰਗਲਾ ਦੇਸ਼ 152ਵੇਂ, ਨੇਪਾਲ 106ਵੇਂ, ਸ੍ਰੀ ਲੰਕਾ 127ਵੇਂ ਅਤੇ ਚੀਨ 177ਵੇਂ ਨੰਬਰ ਤੇ ਹੈ। ਭਾਰਤ ਦੀ ਹਾਲਤ ਗੁਆਂਢੀ ਦੇਸ਼ਾਂ ਨਾਲੋਂ ਕੁੱਝ ਠੀਕ ਹੈ। ਇਸ ਰਿਪੋਰਟ ਅਨੁਸਾਰ ਭਾਰਤ ਦੀ ਹਾਲਤ ਸਾਲ 2016 ਵਿੱਚ 133ਵੇਂ ਨੰਬਰ ਤੇ ਸੀ ਜੋਕਿ ਹੁਣ 142ਵੇਂ ਨੰਬਰ ਤੇ ਪਹੁੰਚ ਗਈ ਹੈ। 1992 ਅਤੇ 2021 ਦੇ ਵਿਚਕਾਰ, ਨਿਊਯਾਰਕ-ਅਧਾਰਤ ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਨੇ 1400 ਤੋਂ ਵੱਧ ਪੱਤਰਕਾਰਾਂ ਨੂੰ ਦਰਜ ਕੀਤਾ ਹੈ ਜੋ ਉਹਨਾਂ ਦੇ ਕੰਮ ਲਈ ਬਦਲਾ ਲੈਣ ਲਈ ਮਾਰੇ ਗਏ ਸਨ ਅਤੇ ਹੋਰ 560 ਪੱਤਰਕਾਰ ਮਾਰੇ ਗਏ ਜਿੱਥੇ ਸਹੀ ਉਦੇਸ਼ ਸਪੱਸ਼ਟ ਨਹੀਂ ਸੀ। ਸਾਲ 2012 ਵਿੱਚ ਸੀਰੀਆ ਵਿੱਚ ਸੰਘਰਸ਼ ਅਤੇ ਸੋਮਾਲੀਆ ਵਿੱਚ ਰਿਕਾਰਡ ਗਿਣਤੀ ਵਿੱਚ ਗੋਲੀਬਾਰੀ ਕਾਰਨ 100 ਤੋਂ ਵੱਧ ਪੱਤਰਕਾਰ ਮਾਰੇ ਗਏ । ਬੇਸ਼ੱਕ ਇਸ ਖੇਤਰ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਪੱਤਰਕਾਰਾਂ ਦੇ ਮਾਰੇ ਜਾਣ ਦੀਆਂ ਘਟਨਾਵਾਂ ਦੀ ਗਿਣਤੀ ਘੱਟ ਰਹੀ ਹੈ ਪਰੰਤੂ ਇਸ ਕਮੇਟੀ ਨੇ ਚੇਤਾਵਨੀ ਦਿੱਤੀ ਹੈ ਕਿ ਪੱਤਰਕਾਰਾਂ ਨੂੰ ਹੁਣ ਉਨ੍ਹਾਂ ਖੇਤਰਾਂ ਵਿੱਚ ਅਕਸਰ ਮਾਰਿਆ ਜਾਂਦਾ ਹੈ ਜੋ ਸ਼ਾਂਤੀਪੂਰਨ ਮੰਨੇ ਜਾਂਦੇ ਹਨ। ਉਦਾਹਰਨ ਲਈ 2016 ਵਿੱਚ ਗੈਰ-ਵਾਰ ਜ਼ੋਨ ਵਿੱਚ 42 ਪ੍ਰਤੀਸ਼ਤ ਹੱਤਿਆਵਾਂ ਹੋਈਆਂ ਸਨ ਅਤੇ 2020 ਵਿੱਚ ਇਹ ਗਿਣਤੀ ਵੱਧਕੇ 68 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ। ਇਸ ਤੋਂ ਇਲਾਵਾ 2020 ਦੇ ਅੰਤ ਤੱਕ 274 ਪੱਤਰਕਾਰਾਂ ਨੂੰ ਕੈਦ ਕਰਨ 65 ਪੱਤਰਕਾਰ ਦੇ ਲਾਪਤਾ ਹੋਣ ਦੇ ਮਾਮਲੇ ਸਾਹਮਣੇ ਆਏ ਹਨ। ਪਿਛਲੇ ਤਿੰਨ ਦਹਾਕਿਆਂ ਦੌਰਾਨ ਮਾਰੇ ਗਏ ਪੱਤਰਕਾਰਾਂ ਵਿੱਚੋਂ ਇੱਕ ਚੌਥਾਈ ਤੋਂ ਵੱਧ ਦੀ ਮੌਤ ਸਿਰਫ਼ ਤਿੰਨ ਦੇਸ਼ਾਂ ਇਰਾਕ, ਸੀਰੀਆ ਅਤੇ ਫਿਲੀਪੀਨਜ਼ ਵਿੱਚ ਹੀ ਹੋਈ ਹੈ। ਅਫਗਾਨਿਸਤਾਨ, ਪਾਕਿਸਤਾਨ ਅਤੇ ਰੂਸ ਦੇ ਕਵਰੇਜ ਖੇਤਰ ਦੇ ਦੇਸ਼ ਵੀ ਉਹਨਾਂ 10 ਦੇਸ਼ਾਂ ਵਿੱਚ ਸ਼ਾਮਲ ਹਨ ਜਿੱਥੇ ਸਭ ਤੋਂ ਵੱਧ ਪੱਤਰਕਾਰ ਮਾਰੇ ਗਏ ਹਨ। ਮਹਿਲਾ ਪੱਤਰਕਾਰਾਂ ਨੂੰ ਹੋਰ ਵੀ ਵੱਧ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਨਵੰਬਰ 2020 ਵਿੱਚ ਇੰਟਰਨੈਸ਼ਨਲ ਸੈਂਟਰ ਫਾਰ ਜਰਨਲਿਸਟਸ ਅਤੇ ਯੂਨੈਸਕੋ ਦੇ ਇੱਕ ਅਧਿਐਨ ਵਿੱਚ ਖੁਲਾਸਾ ਹੋਇਆ ਹੈ ਕਿ ਸਰਵੇਖਣ ਵਿੱਚ ਹਿੱਸਾ ਲੈਣ ਵਾਲੀਆਂ ਲਗਭਗ ਤਿੰਨ-ਚੌਥਾਈ ਮਹਿਲਾ ਪੱਤਰਕਾਰਾਂ ਨੇ ਆਪਣੇ ਪੱਤਰਕਾਰਤਾ ਦੇ ਕੰਮ ਦੌਰਾਨ ਆਨਲਾਈਨ ਧਮਕੀਆਂ ਦਾ ਅਨੁਭਵ ਕੀਤਾ ਹੈ, ਲਗਭਗ 50 ਪ੍ਰਤੀਸ਼ਤ ਮਹਿਲਾ ਪੱਤਰਕਾਰਾਂ ਨੂੰ ਨਫ਼ਰਤ ਭਰੀ ਭਾਸ਼ਾ ਨਾਲ ਦੁਰਵਿਵਹਾਰ ਕੀਤਾ ਗਿਆ ਅਤੇ ਇੱਕ ਚੌਥਾਈ ਨੂੰ ਸਰੀਰਕ ਹਿੰਸਾ ਦੀਆਂ ਧਮਕੀਆਂ ਮਿਲੀਆਂ ਹਨ। ਸਾਲ 2019 ਵਿੱਚ ਅਮਰੀਕਾ ਸਥਿਤ ਰਿਸਰਚ ਸੈਂਟਰ ਦੁਆਰਾ ਮੀਡੀਆ ਦੀ ਆਜ਼ਾਦੀ ਦੇ ਮਹੱਤਵ ਸਬੰਧੀ 30 ਤੋਂ ਵੱਧ ਦੇਸ਼ਾਂ ਵਿੱਚ ਲੋਕਾਂ ਦੀ ਇੰਟਰਵਿਓ ਵਿੱਚ ਅਮਰੀਕਨ ਉਹਨਾਂ ਵਿੱਚੋਂ ਸਨ ਜਿਹਨਾਂ ਦੀ ਸਭ ਤੋਂ ਵੱਧ ਪਰਵਾਹ ਸੀ ਅਤੇ 80 ਪ੍ਰਤੀਸ਼ਤ ਨੇ ਕਿਹਾ ਕਿ ਉਹਨਾਂ ਲਈ ਬਹੁਤ ਮਹੱਤਵਪੂਰਨ ਸੀ ਕਿ ਮੀਡੀਆ ਰਾਜ ਜਾਂ ਸਰਕਾਰੀ ਸੈਂਸਰਸ਼ਿਪ ਤੋਂ ਬਿਨਾਂ ਖਬਰਾਂ ਦੀ ਰਿਪੋਰਟ ਕਰ ਸਕਦਾ ਹੈ, ਰੂਸ ਵਿੱਚ ਸਿਰਫ 38 ਪ੍ਰਤੀਸ਼ਤ ਲੋਕ ਇਸ ਕਥਨ ਨਾਲ ਸਹਿਮਤ ਸਨ। ਅਕਤੂਬਰ 2020 ਵਿੱਚ ਮਾਰਕੀਟ ਰਿਸਰਚ ਗਰੁੱਪ ਨੇ ਖੋਜ ਕੀਤੀ ਕਿ ਰੂਸ ਅਤੇ ਹੰਗਰੀ ਦੇ ਲਗਭਗ 80 ਪ੍ਰਤੀਸ਼ਤ ਲੋਕ ਸਿਰਫ਼ ਉਹ ਖ਼ਬਰਾਂ ਪੜ੍ਹਦੇ ਹਨ ਜਿਨ੍ਹਾਂ ਤੱਕ ਉਹ ਮੁਫ਼ਤ ਵਿੱਚ ਪਹੁੰਚ ਸਕਦੇ ਹਨ। 2011 ਤੋਂ 2015 ਵਿੱਚ ਯੂਨੈਸਕੋ ਨੇ 491 ਹੱਤਿਆਵਾਂ ਦਰਜ ਕੀਤੀਆਂ ਹਨ। ਸਾਲ 2016 ਪੱਤਰਕਾਰਾਂ ਲਈ ਸਭ ਤੋਂ ਘਾਤਕ ਸਾਲ ਰਿਹਾ ਕਿਉਂਕਿ ਇਸ ਸਾਲ 102 ਲੋਕਾਂ ਦੀ ਨੌਕਰੀ ਦੌਰਾਨ ਅਤੇ ਕੰਮ ਦੌਰਾਨ ਮੌਤ ਹੋ ਗਈ ਸੀ। ਸਾਲ 2016 ਤੋਂ 2020 ਤੱਕ ਦੁਨੀਆ ਵਿੱਚ 400 ਪੱਤਰਕਾਰਾਂ ਨੂੰ ਮਾਰਿਆ ਗਿਆ ਸੀ। ਕਮੇਟੀ ਟੂ ਪ੍ਰੋਟੈਕਟ ਜਰਨਲਿਸਟਜ਼ ਅਨੁਸਾਰ ਬਹੁਤੇ ਮਾਮਲਿਆਂ ਦੀ ਸਹੀ ਜਾਂਚ ਵੀ ਨਹੀਂ ਕੀਤੀ ਗਈ ਅਤੇ ਸਬੰਧਿਤ ਦੋਸ਼ੀਆਂ ਖਿਲਾਫ ਸਫਲਤਾ ਪੂਰਬਕ ਮੁਕੱਦਮਾ ਨਹੀਂ ਚਲਾਇਆ ਗਿਆ ਹੈ। ਪਹਿਲਾਂ ਪੱਤਰਕਾਰਤਾ ਇੱਕ ਮਿਸ਼ਨ ਸੀ ਅਤੇ ਮੀਡੀਆ ਨਾਲ ਜੁੜੇ ਲੋਕਾਂ ਦੀ ਸਮਾਜ ਪ੍ਰਤੀ ਵਿਸ਼ੇਸ਼ ਜਿੰਮੇਵਾਰੀ ਹੁੰਦੀ ਸੀ ਪਰ ਹੁਣ ਬਹੁਤੇ ਮੀਡੀਆ ਅਦਾਰਿਆਂ ਤੇ ਵਪਾਰਿਕ ਘਰਾਣਿਆਂ ਅਤੇ ਰਾਜਨੇਤਾਵਾਂ ਦਾ ਕਬਜ਼ਾ ਹੋ ਗਿਆ ਹੈ। ਇਹ ਵੀ ਸੱਚ ਹੈ ਕਿ ਕਈ ਮੀਡੀਆ ਅਦਾਰਿਆਂ ਨੇ ਵਪਾਰਕ ਹਿੱਤਾਂ ਨੂੰ ਪਹਿਲ ਨਾ ਦਿੰਦੇ ਹੋਏ ਆਪਣੀ ਸਾਖ ਕਾਇਮ ਰੱਖੀ ਹੋਈ ਹੈ ਪਰੰਤੂ ਕੁੱਝ ਨੇ ਇਸਨੂੰ ਨਿਰੋਲ ਲਾਹੇਵੰਦ ਵਪਾਰ ਬਣਾਕੇ ਰੱਖਿਆ ਹੋਇਆ ਹੈ। ਕਈ ਮੀਡੀਆ ਕਰਮੀਆਂ ਦੀ ਨਾਕਾਰਤਮਕ ਸੋਚ ਅਤੇ ਕਾਰਜਪ੍ਰਣਾਲੀ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅੱਜ ਪੱਤਰਕਾਰਿਤਾ ਦਾ ਖੇਤਰ ਵਿਆਪਕ ਹੋ ਗਿਆ ਹੈ ਅਤੇ ਤੱਥਾਂ ਨੂੰ ਤੋੜ-ਮਰੋੜ ਕੇ, ਵਧਾ-ਚੜ੍ਹਾਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਪੱਤਰਕਾਰਿਤਾ ਵਿੱਚ ਵੱਧਣ ਲੱਗੀ ਹੈ। ਖੋਜੀ ਪੱਤਰਕਾਰਿਤਾ ਦੇ ਨਾਮ ਤੇ ਪੀਲੀ ਅਤੇ ਨੀਲੀ ਪੱਤਰਕਾਰਿਤਾ ਕੁਝ ਪੱਤਰਕਾਰਾਂ ਦੇ ਜੀਵਨ ਦਾ ਅਭਿੰਨ ਅੰਗ ਬਣਦੀ ਜਾ ਰਹੀ ਹੈ। ਭਾਰਤੀ ਚੋਣ ਆਯੋਗ ਵਲੋਂ ਕਈ ਮੀਡੀਆ ਅਦਾਰਿਆਂ ਅਤੇ ਪੱਤਰਕਾਰਾਂ ਤੇ ਵੋਟਾਂ ਦੌਰਾਨ ਪੈਸੇ ਲੈਕੇ ਖਬਰਾਂ ਲਗਾਉਣ ਦੀਆਂ ਸ਼ਿਕਾਇਤਾਂ ਸਾਡੇ ਸਭ ਲਈ ਖਤਰਨਾਕ ਸੰਕੇਤ ਹੈ। ਭਾਰਤੀ ਸੰਵਿਧਾਨ ਵਿੱਚ ਦਰਜ ਮੌਲਿਕ ਅਧਿਕਾਰਾਂ ਵਿੱਚ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਅਜ਼ਾਦੀ ਵੀ ਸ਼ਾਮਿਲ ਹੈ। ਦੁਨੀਆਂ ਵਿੱਚ ਲਗਭੱਗ 50 ਦੇਸ਼ਾਂ ਵਿੱਚ ਪ੍ਰੈਸ ਪਰਿਸ਼ਦ ਜਾਂ ਮੀਡੀਆ ਪਰਿਸ਼ਦ ਹੈ। ਭਾਰਤ ਵਿੱਚ ਪ੍ਰੈਸ ਨੂੰ ਵਾਚਡਾੱਗ ਅਤੇ ਪ੍ਰੈਸ ਪਰਿਸ਼ਦ ਨੂੰ ਮੋਰਲ ਵਾਚਡਾੱਗ ਕਿਹਾ ਜਾਂਦਾ ਹੈ। 4 ਜੁਲਾਈ 1966 ਨੂੰ ਭਾਰਤੀ ਪ੍ਰੈਸ ਪਰਿਸ਼ਦ ਦੀ ਸਥਾਪਨਾ ਕੀਤੀ ਗਈ ਜਿਸਨੇ 16 ਨਵੰਬਰ 1966 ਤੋਂ ਆਪਣਾ ਕੰਮ ਸ਼ੁਰੂ ਕੀਤਾ। ਐਮਰਜੈਂਸੀ ਦੌਰਾਨ ਜਦੋਂ ਪ੍ਰੈਸ ਤੇ ਸੈਂਸਰ ਲੱਗਿਆ ਸੀ ਉਦੋਂ ਪੱਤਰਕਾਰਿਤਾ ਇੱਕ ਵਾਰ ਫਿਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟਾਚਾਰ ਮਿਟਾਓ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ। ਹੌਲੀ-ਹੌਲੀ ਪੱਤਰਕਾਰਿਤਾ ਪ੍ਰੋਡਕਸ਼ਨ ਤੋਂ ਸੈਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ। ਇਹਨਾਂ ਸਾਰੀਆਂ ਸਮਾਜਿਕ ਬੁਰਾਈਆਂ ਦੇ ਲਈ ਸਿਰਫ ਮੀਡੀਆ ਨੂੰ ਦੋਸ਼ੀ ਠਹਿਰਾਉਣਾ ਉਚਿੱਤ ਨਹੀਂ ਹੈ। ਮੀਡੀਆ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ, ਪਰ ਕਦੀ-ਕਦੀ ਮੀਡੀਆ ਸਮਾਜ ਅਤੇ ਹਾਲਾਤ ਤੋਂ ਵੀ ਪ੍ਰਭਾਵਿਤ ਹੋਣ ਲੱਗਦਾ ਹੈ। ਭਾਰਤੀ ਪ੍ਰੈਸ ਪਰਿਸ਼ਦ ਦੇ ਨਿਰਦੇਸ਼ਾਂ ਅਨੁਸਾਰ ਛੇ ਮੈਂਬਰੀ ਸਬ-ਕਮੇਟੀ ਬਣਾਈ ਗਈ। ਇਹ ਕਮੇਟੀ ਦੇਸ਼ ਦੇ ਉਹਨਾਂ ਗਿਆਰਾ ਸੂਬਿਆਂ ਵਿੱਚ ਗਈ ਜਿੱਥੇ ਪੱਤਰਕਾਰਾਂ ਨਾਲ ਕਈ ਘਟਨਾਵਾਂ ਵਾਪਰੀਆਂ ਅਤੇ ਲੱਗਭੱਗ 1200 ਪੱਤਰਕਾਰਾਂ, ਸੰਪਾਦਕਾਂ ਅਤੇ ਪੱਤਰਕਾਰਾਂ ਦੇ ਸੰਗਠਨਾਂ, ਸਿਵਲ ਅਧਿਕਾਰੀਆਂ, ਉਚ ਪੁਲਿਸ ਅਫਸਰਾਂ, ਕੁਝ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਮੰਤਰੀਆਂ ਨਾਲ ਮਿਲ ਕੇ ਜਾਣਕਾਰੀ ਪ੍ਰਾਪਤ ਕੀਤੀ। ਇਸ ਕਮੇਟੀ ਨੇ ਪੱਤਰਕਾਰਾਂ ਤੇ ਹੋ ਰਹੇ ਹਮਲਿਆਂ ਅਤੇ ਪੱਤਰਕਾਰਾਂ ਦੀ ਭੂਮਿਕਾ ਬਾਰੇ ਵੱਖ ਵੱਖ ਸੂਬਿਆਂ ਵਿੱਚ ਵਿਚਾਰ ਵਟਾਂਦਰਾ ਕੀਤਾ। ਭਾਰਤੀ ਪ੍ਰੈਸ ਪਰਿਸ਼ਦ ਦੀ ਸਾਲਾਨਾ ਰਿਪੋਰਟ 2020-2021 ਅਨੁਸਾਰ ਇੱਕ ਸਾਲ ਦੌਰਾਨ ਪਰਿਸ਼ਦ ਕੋਲ ਵੱਖ ਵੱਖ ਮੀਡੀਆ ਨਾਲ ਜੁੜੇ ਹੋਏ ਵਿਅਕਤੀਆਂ ਅਤੇ ਮੀਡੀਆਕਰਮੀਆਂ ਵਲੋਂ 522 ਸ਼ਿਕਾਇਤਾਂ ਦਰਜ ਹੋਈਆਂ ਹਨ ਜਿਨ੍ਹਾਂ ਵਿੱਚੋਂ 57

(ਬਾਕੀ ਸਫਾ 23 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਯੂ.ਐਸ.ਏ.ਖਬਰਨਾਮਾ (ਹੁਸਨ ਲੜੋਆ ਬੰਗਾ)

# ਸਿਨਸਿਨਾਟੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਅਰਜਨ ਦੇਵ ਜੀ ਦਾ ਗੁਰਪੂਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ





**ਸੈਕਰਾਮੈਂਟੋ, ਕੈਲੀਫੋਰਨੀਆ –** ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਦੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਸ਼ਹੀਦਾਂ ਦੇ ਸਰਤਾਜ ਪੰਜਵੀ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ, ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 401ਵੇਂ ਪ੍ਰਕਾਸ਼ ਗੁਰਪੁਰਬ ਅਤੇ 400 ਸਾਲਾ ਸ਼ਤਾਬਦੀ ਵਰ੍ਹੇ ਦੀ ਸੰਪੂਰਨਤਾ ਨੂੰ ਸਮਰਪਿਤ ਤਿੰਨ ਦਿਨਾਂ ਵਿਸ਼ੇਸ਼ ਕੀਰਤਨ ਸਮਾਗਮ ਕਰਵਾਏ ਗਏ। ਵੱਡੀ ਗਿਣਤੀ ਵਿੱਚ ਸੰਗਤਾਂ ਵਲੋਂ ਇਹ ਪੂਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਗਏ। ਇਹਨਾਂ ਤਿੰਨ ਦਿਨਾਂ ਕੀਰਤਨ ਸਮਾਗਮਾਂ ਲਈ ਪਹੁੰਚੇ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਹਰਪ੍ਰੀਤ ਸਿੰਘ ਅਤੇ ਭਾਈ ਬਚਿੱਤਰ ਸਿੰਘ ਜੀ ਦੇ ਜੱਥੇ ਨੇ ਰੱਸ ਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਕੀਰਤਨੀ ਜੱਥੇ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ ਨੇ ਵੀ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਗੁਰੂ ਸਾਹਿਬ ਜੀ ਦੇ ਜੀਵਨ ਤੇ ਇਤਿਹਾਸ ਬਾਰੇ ਆਈ ਸੰਗਤ ਨੂੰ ਜਾਣਕਾਰੀ ਦਿੱਤੀ। ਭਾਈ ਰਵਿੰਦਰ ਸਿੰਘ ਜੀ ਦਾ ਕੀਰਤਨੀ ਜੱਥਾ ਪਹਿਲੀ ਵਾਰ ਓਹਾਇਓ ਵਿਖੇ ਕੀਰਤਨ ਦੀ ਸੇਵਾ ਲਈ ਪੁੱਜਾ ਸੀ। ਉਹਨਾਂ ਦੇ ਜੱਥੇ ਨੂੰ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਸਿਰੋਪਾਓ ਨਾਲ ਸਨਮਾਨਿਤ ਕੀਤਾ।

ਇਹਨਾਂ ਵਿਸ਼ੇਸ਼ ਸਮਾਗਮਾਂ ਵਿੱਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੇਟਨ, ਕੋਲੰਬਸ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨਟੱਕੀ, ਇੰਡੀਆਨਾ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਇਸ ਦੋਰਾਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਤਿੰਨ ਦਿਨਾਂ ਲਈ ਚੱਲੇ ਇਹਨਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ ਗਿਆ। ਇਸ ਦੋਰਾਨ ਗੁਰਦੁਆਰਾ ਸਾਹਿਬ ਵਿਖੇ ਦਿਲ ਦੇ ਰੋਗਾਂ ਨਾਲ ਸੰਬੰਧਿਤ ਇਕ ਵਿਸ਼ੇਸ਼ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿਚ ਸੰਗਤਾਂ ਦੇ ਈਕੇਜੀ, ਈਸੀਜੀ ਟੈਸਟ ਕੀਤੇ ਗਏ। ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰਾਂ ਨੇ ਮੈਡੀਕਲ ਜਾਂਚ ਕੀਤੀ ਅਤੇ ਹਰੇਕ ਵਿਅਕਤੀ ਨੂੰ ਜਾਂਚ ਰਿਪੋਰਟ ਵੀ ਦਿੱਤੀਆਂ ਗਈਆਂ।

# ਫਿਲਾਡੈਲਫੀਆ ਵਿਚ ਦੋ ਮੰਜਿਲਾ ਘਰ ਨੂੰ ਲੱਗੀ ਅੱਗ ਵਿਚ ਸੜਣ ਨਾਲ 3 ਬੱਚਿਆਂ ਸਮੇਤ 4 ਦੀ ਮੌਤ



**ਸੈਕਰਾਮੈਂਟੋ –** ਫਿਲਾਡੈਲਫੀਆ ਦੇ ਇਕ ਦੋ ਮਜਿੰਲਾ ਘਰ ਨੂੰ ਲੱਗੀ ਅੱਗ ਵਿਚ ਸੜ ਕੇ 3 ਬੱਚਿਆਂ ਤੇ ਇਕ ਔਰਤ ਦੀ ਮੌਤ ਹੋ ਗਈ। ਅੱਗ ਬੁਝਾਊ ਵਿਭਾਗ ਦੇ ਬੁਲਾਰੇ ਕੈਥੀ ਮੈਥਸਨ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਗ ਐਤਵਾਰ ਤੜਕਸਾਰ 2 ਵਜੇ ਹਰਟਵਿਲੇ ਸਟਰੀਟ ਵਿਚ ਦੋ ਮੰਜਿਲਾ ਇਮਾਰਤ ਦੇ ਇਕ ਘਰ ਵਿਚ ਲੱਗੀ। ਜਦੋਂ ਅੱਗ ਬੁਝਾਊ ਵਿਭਾਗ ਦੇ ਮੁਲਾਜ਼ਮ ਮੌਕੇ ਉਪਰ ਪੁੱਜੇ ਤਾਂ ਘਰ ਦੀਆਂ ਦੋਨਾਂ ਮਜਿੰਲਾਂ ਵਿਚੋਂ ਧੂੰਆਂ ਨਿਕਲ ਰਿਹਾ ਸੀ।

ਉਨਾਂ ਦੱਸਿਆ ਕਿ ਅੱਗ ਲੱਗਣ ਸਮੇ ਘਰ ਵਿਚ 5 ਲੋਕ ਸਨ ਜਿਨਾਂ ਵਿਚੋਂ 3 ਬੱਚਿਆਂ ਤੇ 1 ਔਰਤ ਦੀ ਮੌਤ ਹੋ ਗਈ ਜਦ ਕਿ ਪੰਜਵਾਂ ਵਿਅਕਤੀ ਜੋ ਔਰਤ ਹੀ ਸੀ, ਨੇ ਦੂਸਰੀ ਮੰਜਿਲ ਤੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ। ਉਸ ਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮੈਥਸਨ ਨੇ ਦੱਸਿਆ ਕਿ ਅੱਗ ਉਪਰ ਅੱਧੇ ਘੰਟੇ ਵਿਚ ਕਾਬੂ ਪਾ ਲਿਆ ਗਿਆ। ਉਨਾਂ ਦੱਸਿਆ ਕਿ ਫਿਲਾਡੈਲਫੀਆ ਦੇ ਮੈਡੀਕਲ ਐਗਜ਼ਾਮੀਨਰ ਦੇ ਦਫਤਰ ਵੱਲੋਂ ਮੌਤਾਂ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਹਾਲਾਂ ਕਿ ਸਪੱਸ਼ਟ ਤੌਰ 'ਤੇ ਮੌਤਾਂ ਸੜਣ ਨਾਲ ਹੋਈਆਂ ਪ੍ਰਤੀਤ ਹੋ ਰਹੀਆਂ ਹਨ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਦੱਖਣੀ ਕੈਰੋਲੀਨਾ ਵਿਚ ਘਰੇਲੂ ਝਗੜਾ ਨਿਪਟਾਉਣ ਗਏ ਪੁਲਿਸ ਅਫਸਰ ਦੀ ਗੋਲੀ ਮਾਰ ਕੇ ਹੱਤਿਆ



**ਸੈਕਰਾਮੈਂਟੋ 25 ਅਪ੍ਰੈਲ–** ਦੱਖਣੀ ਕੈ-ਰੋਲੀਨਾ ਵਿਚ ਇਕ ਘਰੇਲੂ ਝਗੜਾ ਹੋਣ ਦੀ ਮਿਲੀ ਸੂਚਨਾ ਉਪਰੰਤ ਮੌਕੇ ਉਪਰ ਪੁੱਜੇ ਪੁਲਿਸ ਅਫਸਰ 28 ਸਾਲਾ ਰਾਇ ਐਂਡਰੀਊ 'ਡਰੀਊ, ਬਾਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਮੁੱਖੀ ਕਰਿਸ ਕੋਵਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਲਿਸ ਨੇ ਸ਼ੱਕੀ ਹਮਲਾਵਰ ਨਾਲ ਗੱਲਬਾਤ ਕਰਨ ਦੀ 7 ਘੰਟੇ ਕੋਸ਼ਿਸ਼ ਕੀਤੀ ਪਰੰਤੂ ਸ਼ੱਕੀ ਨੇ ਆਤਮ ਸਮਰਪਣ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਖੁਦ ਨੂੰ ਵੀ ਗੋਲੀ ਮਾਰ ਲਈ ਜਿਸ ਨਾਲ ਉਸ ਦੀ ਮੌਤ ਹੋ ਗਈ।

ਉਨਾਂ ਦੱਸਿਆ ਕਿ ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ ਇਕ ਮਰਦ ਵਿਹੜੇ ਦੇ ਸਾਹਮਣੇ ਖੜਾ ਸੀ।

ਪੁਲਿਸ ਅਫਸਰ ਨੇ ਉਸ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਜਿਸ ਦੌਰਾਨ ਘਰ ਦੇ ਅੰਦਰੋਂ ਗੋਲੀਆਂ ਚੱਲੀਆਂ ਜਿਨਾਂ ਵਿਚੋਂ ਇਕ ਰਾਇ ਐਂਡਰੀਊ 'ਡਰੀਊ, ਬਾਰ ਨੂੰ ਲੱਗੀ ਜਿਸ ਉਪਰੰਤ ਉਹ ਦਮ ਤੋੜ ਗਿਆ।

# ਇੰਡਿਆਨਾ ਵਿਚ ਇਕ ਪਾਰਟੀ ਦੌਰਾਨ ਚੱਲੀਆਂ ਗੋਲੀਆਂ, 2 ਮੌਤਾਂ 4 ਜ਼ਖਮੀ

**ਸੈਕਰਾਮੈਂਟੋ 26 ਅਪ੍ਰੈਲ–** ਲਫੇਟ, ਇੰਡਿਆਨਾ ਵਿਚ ਇਕ ਬਲਾਕ ਪਾਰਟੀ ਦੌਰਾਨ ਗੋਲੀ ਚੱਲ ਜਾਣ ਦੇ ਸਿੱਟੇ ਵਜੋਂ 2 ਜਣਿਆਂ ਦੀ ਮੌਤ ਹੋ ਗਈ ਤੇ 4 ਹੋਰ ਜ਼ਖਮੀ ਹੋ ਗਏ। ਲਫੇਟ ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਪਾਰਟੀ ਵਿਚ 100 ਤੋਂ ਵਧ ਲੋਕ ਸ਼ਾਮਿਲ ਸਨ। ਗੋਲੀ ਚੱਲਣ ਦੀ ਘਟਨਾ ਬੀਤੇ ਦਿਨ ਤੜਕਸਾਰ 4।30 ਵਜੇ ਵਾਪਰੀ। ਪੁਲਿਸ ਨੇ ਘਟਨਾ ਸਥਾਨ ਤੋਂ ਕਈ ਚੱਲੇ ਤੇ ਅਣਚੱਲੇ ਕਾਰਤੂਸ ਬਰਾਮਦ ਕੀਤੇ ਹਨ। ਮ੍ਰਿਤਕਾਂ ਦੀ ਪਛਾਣ ਟੌਮੀ ਮਾਰਸ਼ਲ (34) ਤੇ ਐਡਵਰਡ ਰਾਬਰਸਨ (29) ਵਜੋਂ ਹੋਈ ਹੈ। ਮੁੱਢਲੀ ਜਾਂਚ ਵਿਚ ਸਪੱਸ਼ਟ ਹੋਇਆ ਹੈ ਕਿ ਇਨਾਂ ਦੀ ਮੌਤ ਗੋਲੀ ਵੱਜਣ ਕਾਰਨ ਹੋਈ ਹੈ।

# ਅਦਾਲਤ ਦੀ ਮਾਣਹਾਨੀ ਦੇ ਮਾਮਲੇ ਵਿਚ ਸਾਬਕਾ ਰਾਸ਼ਟਰਪਤੀ ਟਰੰਪ ਨੂੰ ਪ੍ਰਤੀ ਦਿਨ 10000 ਡਾਲਰ ਜੁਰਮਾਨਾ ਭਰਨ ਦੇ ਆਦੇਸ਼



**ਸੈਕਰਾਮੈਂਟੋ 26 ਅਪ੍ਰੈਲ–** ਨਿਊਯਾਰਕ ਦੀ ਇਕ ਅਦਾਲਤ ਨੇ ਪਰਿਵਾਰਕ ਕਾਰੋਬਾਰ ਸੌਦੇ ਵਿਚ ਸਿਵਲ ਫਰਾਡ ਜਾਂਚ ਤਹਿਤ ਲੋੜੀਂਦੇ ਦਸਤਾਵੇਜ਼ ਦੇਣ 'ਚ ਅਸਫਲ ਰਹਿਣ ਕਾਰਨ ਅਦਾਲਤ ਦੀ ਮਾਣਹਾਨੀ ਲਈ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਦੋਸ਼ੀ ਕਰਾਰ ਦਿੱਤਾ ਹੈ। ਜੱਜ ਆਰਥਰ ਐਨਗੋਰਾਨ ਨੇ ਆਪਣੇ ਆਦੇਸ਼ ਵਿਚ ਸਾਬਕਾ ਰਾਸ਼ਟਰਪਤੀ ਨੂੰ ਉਲੰਘਣਾ ਕਰਨ ਵਾਲੇ ਸਮੇ ਲਈ ਪ੍ਰਤੀ ਦਿਨ 10000 ਡਾਲਰ ਜੁਰਮਾਨਾ ਭਰਨ ਲਈ ਕਿਹਾ ਹੈ। ਮੈਨਹਟਨ ਅਦਾਲਤ ਦੇ ਜੱਜ ਨੇ ਆਪਣੇ ਫੈਸਲੇ ਵਿਚ ਕਿਹਾ " ਮਿਸਟਰ ਟਰੰਪ ਮੈ ਜਾਣਦਾ ਹਾਂ ਤੁਸੀਂ ਆਪਣੇ ਕੰਮਕਾਰ ਨੂੰ ਗੰਭੀਰਤਾ ਨਾਲ ਲੈਂਦੇ ਹੋ ਤੇ ਮੈ ਇਸ ਪ੍ਰਤੀ ਗੰਭੀਰ ਹਾਂ। ਪ੍ਰਾਪਤ ਜਾਣਕਾਰੀ ਅਨੁਸਾਰ ਨਿਊਯਾਰਕ ਦੇ ਅਟਾਰਨੀ ਜਨਰਲ ਲੀਟੀਆ ਜੇਮਜ ਜੋ ਇਕ ਡੈਮੋਕਰੈਟਿਕ ਹੈ, ਨੇ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਜੱਜ ਵੱਲੋਂ ਨਿਸਚਤ ਅੰਤਿਮ ਤਾਰੀਕ 31 ਮਾਰਚ ਤੱਕ ਦਸਤਾਵੇਜ਼ ਨਾ ਦੇਣ ਲਈ ਸਾਬਕਾ ਰਾਸ਼ਟਰਪਤੀ ਟਰੰਪ ਨੂੰ ਦੋਸ਼ੀ ਮੰਨਿਆ ਜਾਵੇ।

ਜੇਮਜ ਨੇ ਅਦਾਲਤ ਦੇ ਫੈਸਲੇ ਉਪਰੰਤ ਕਿਹਾ ਕਿ ਅੱਜ ਨਿਆਂ ਹੋਇਆ ਹੈ ਕਿਉਂਕਿ ਕਈ ਸਾਲਾਂ ਤੱਕ ਟਰੰਪ ਨੇ ਕਾਨੂੰਨ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ ਅਤੇ ਸਾਬਕਾ ਰਾਸ਼ਟਰਪਤੀ ਤੇ ਉਸ ਦੀ ਕੰਪਨੀ ਦੀਆਂ ਵਿੱਤੀ ਲੈਣ ਦੇਣ ਸਬੰਧੀ ਸਾਡੀ ਕਾਨੂੰਨੀ ਜਾਂਚ ਵਿਚ ਅੜਿਕਾ ਪਾਇਆ ਹੈ। ਉਨਾਂ ਕਿਹਾ ਅੱਜ ਦੇ ਫੈਸਲੇ ਤੋਂ ਸਪੱਸ਼ਟ ਹੈ ਕਿ ਕੋਈ ਵੀ ਕਾਨੂੰਨ ਤੋਂ ਉਪਰ ਨਹੀਂ ਹੈ। ਦੂਸਰੇ ਪਾਸੇ ਟਰੰਪ ਦੀ ਵਕੀਲ ਅਲੀਨਾ ਹਾਬਾ ਨੇ ਕਿਹਾ ਹੈ ਕਿ " ਅਸੀਂ ਸਨਮਾਨ ਸਹਿਤ ਅਦਾਲਤ ਦੇ ਨਿਰਣੇ ਨਾਲ ਅਸਹਿਮਤੀ ਪ੍ਰਗਟਾਉਂਦੇ ਹਾਂ। ਸਾਰੇ ਮੰਗੇ ਗਏ ਦਸਤਾਵੇਜ਼ ਮਹੀਨਾ ਪਹਿਲਾਂ ਅਟਾਰਨੀ ਜਨਰਲ ਨੂੰ ਦਿੱਤੇ ਗਏ ਹਨ। ਮੈ ਵਿਸ਼ੇਸ਼ ਤੌਰ 'ਤੇ ਫਲੋਰਿਡਾ ਟਰੰਪ ਨੂੰ ਇਹ ਪੁੱਛਣ ਲਈ ਗਈ ਸੀ ਕਿ ਜੋ ਦਸਤਾਵੇਜ਼ ਮੰਗੇ ਗਏ ਹਨ ਕੀ ਉਨਾਂ ਵਿਚੋਂ ਕੋਈ ਉਨਾਂ ਕੋਲ ਹੈ। ਅਸੀਂ ਫੈਸਲੇ ਨੂੰ ਚੁਣੌਤੀ ਦੇਵਾਂਗੇ।

# ਅਮਰੀਕੀ ਸੈਨਿਕ ਦੀ ਸਿਖਲਾਈ ਦੌਰਾਨ ਮੌਤ



**ਸੈਕਰਾਮੈਂਟੋ 21 ਅਪ੍ਰੈਲ–** ਇਕ ਅਮਰੀਕੀ ਸੈਨਿਕ ਦੀ ਕੇਨਓਹ ਬੇਅ, ਹਵਾਈ, ਵਿਚ ਸਮੁੰਦਰੀ ਫੌਜ ਦੇ ਅੱਡੇ 'ਤੇ ਸਿਖਲਾਈ ਦੌਰਾਨ ਮੌਤ ਹੋ ਗਈ। ਇਹ ਜਾਣਕਾਰੀ ਨੇਵੀ ਐਕਸਪੀਡੀਸ਼ਨਰੀ ਕੰਬਟ ਕਮਾਂਡ ਜਨਤਿਕ ਮਾਮਲੇ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਮ੍ਰਿਤਕ ਸੈਨਿਕ ਦਾ ਨਾਂ ਲੈਫਟੀਨੈਂਟ ਜੇ ਜੀ ਆਰਨ ਫਲਾਵਰ ਹੈ ਜੋ ਸਿਖਲਾਈ ਦੌਰਾਨ ਬੇਹੋਸ਼ ਹੋ ਗਿਆ। ਬਿਆਨ ਵਿਚ ਕਿਹਾ ਗਿਆ ਹੈ ਕਿ 29 ਸਾਲਾ ਫਲਾਵਰ ਨੂੰ ਹਸਪਤਾਲ ਵਿਚ ਮ੍ਰਿਤਕ ਐਲਾਨ ਦਿੱਤਾ ਗਿਆ। ਫਲਾਵਰ 2012 ਵਿਚ ਅਮਰੀਕੀ ਨੌ ਸੈਨਾ ਵਿਚ ਸ਼ਾਮਿਲ ਹੋਇਆ ਸੀ ਤੇ ਮਈ 2018 ਵਿਚ ਉਹ ਨਵਲ ਅਕੈਡਮੀ ਤੋਂ ਗਰੈਜੂਏਸ਼ਨ ਕਰਨ ਉਪਰੰਤ ਕਮਿਸ਼ਨਡ ਅਫਸਰ ਬਣਿਆ ਸੀ। ਜਨਵਰੀ 2022 ਵਿਚ ਉਹ ਨੇਵੀ ਦੇ ਧਮਾਕਾਖੇਜ਼ ਸਮਗਰੀ ਡਿਸਪੋਜ਼ਲ ਮੋਬਾਇਲ ਯੁਨਿਟ ਵਿਚ ਸ਼ਾਮਿਲ ਹੋਇਆ ਸੀ। ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

# ਨਿਊ ਹੈਮਸ਼ਾਇਰ ਵਿਚ ਜੋੜੇ ਦੀ ਗੋਲੀਆਂ ਮਾਰ ਕੇ ਹੱਤਿਆ, ਮਿਲੀਆਂ ਲਾਸ਼ਾਂ



**ਸੈਕਰਾਮੈਂਟੋ 24 ਅਪ੍ਰੈਲ (ਹੁਸਨ ਲੜੋਆ ਬੰਗਾ)–** ਕੋਨਕਾਰਡ (ਨਿਊ ਹੈਮਸ਼ਾਇਰ) ਦੇ ਵੂਡਡ ਖੇਤਰ ਵਿਚ ਬਜੁਰਗ ਜੋੜੇ ਦੀਆਂ ਲਾਸ਼ਾਂ ਮਿਲੀਆਂ ਹਨ ਜਿਨਾਂ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੀ ਗਈ ਹੈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ ਹੈ। ਡਿਪਟੀ ਚੀਫ ਮੈਡੀਕਲ ਐਗਜ਼ਾਮੀਨਰ ਮਿਸ਼ੈਲ ਵੀਨਬਰਗ ਅਨੁਸਾਰ ਮ੍ਰਿਤਕਾਂ ਦੀ ਪਛਾਣ ਡਜੈਸਵੈਂਡਰ ਰੀਡ 66 ਸਾਲ ਤੇ ਸਟੀਫਨ ਰੀਡ 67 ਸਾਲ ਵਜੋਂ ਹੋਈ ਹੈ। ਉਨਾਂ ਦੇ ਕਈ ਗੋਲੀਆਂ ਮਾਰੀਆਂ ਗਈਆਂ ਹਨ। ਮਿਲੀ ਜਾਣਕਾਰੀ ਅਨੁਸਾਰ ਜੋੜਾ ਘਰ ਤੋਂ ਬੀਤੇ ਦਿਨ ਦੁਪਹਿਰ 2।22 ਵਜੇ ਸੈਰ ਲਈ ਗਿਆ ਸੀ ਪਰ ਵਾਪਿਸ ਘਰ ਨਹੀਂ ਪਰਤਿਆ। ਪੁਲਿਸ ਨੇ ਇਸ ਭੇਦਭਰੇ ਕਤਲ ਦੀ ਗੁੱਥੀ ਸੁਲਝਾਉਣ ਲਈ ਲੋਕਾਂ ਕੋਲੋਂ ਮੱਦਦ ਮੰਗੀ ਹੈ ਤੇ ਕਿਹਾ ਹੈ ਕਿ ਜੇਕਰ ਕਿਸੇ ਕੋਲ ਇਸ ਮਾਮਲੇ ਵਿਚ ਕੋਈ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸਾਂਝੀ ਕਰੇ। ਪੁਲਿਸ ਨੇ ਆਮ ਲੋਕਾਂ ਨੂੰ ਕਿਹਾ ਹੈ ਕਿ ਉਹ ਆਮ ਜਿੰਦਗੀ ਵਿਚ ਇਹਤਿਆਤ ਵਰਤਣ ਤੇ ਸੈਰ ਜਾਂ ਜਰੂਰੀ ਕੰਮ ਕਾਰ ਲਈ ਜਾਣ ਸਮੇ ਚੌਕਸ ਰਹਿਣ। ਮ੍ਰਿਤਕ ਜੋੜੇ ਦੇ ਗਵਾਂਢੀਆਂ ਦਾ ਕਹਿਣਾ ਹੈ ਕਿ ਜੋੜਾ ਬਹੁਤ ਸ਼ਾਂਤਮਈ ਜੀਵਨ ਜੀ ਰਿਹਾ ਸੀ। ਪੁਲਿਸ ਮਾਮਲੇ ਦੀ ਹਰ ਪੱਖ ਤੋਂ ਜਾਂਚ ਕਰ ਰਹੀ ਹੈ।

# ਪੰਜਾਬੀ ਲਿਖਾਰੀ ਸਭਾ (ਰਜਿ) ਸਿਆਟਲ ਵੱਲੋਂ ਬਹੁਪੱਖੀ ਸਾਹਿਤਕਾਰਾ ਸੁੰਦਰਪਾਲ ਰਾਜਾਸਾਂਸੀ (ਪਿੰਡ ਬੋਦਲਾਂ) ਨਾਲ ਰੂ-ਬ-ਰੂ

**ਸਿਆਟਲ-** ਪੰਜਾਬੀ ਲਿਖਾਰੀ ਸਭਾ (ਰਜਿ) ਸਿਆਟਲ, ਸਾਹਿਤਕ ਉਦੇਸ਼ਾਂ ਦੀ ਪ੍ਰਾਪਤੀ ਲਈ, ਆਪਣੇ ਉਦਮਾਂ ਦੀ ਲੜੀ ਵਿੱਚ ਇਕ ਹੋਰ ਉਦਮ ਜੋੜਦਿਆਂ ਸਾਹਿਤਕ ਪ੍ਰੋਗਰਾਮ ਵਿੱਚ, ਬਰੈਪਟਨ ਕੈਨੇਡਾ ਵੱਸਦੀ ਬਹੁਪੱਖੀ ਸਾਹਿਤਕਾਰਾ ਸੁੰਦਰਪਾਲ ਰਾਜਾਸਾਂਸੀ ਨਾਲ, ਗੁਰਦੁਆਰਾ ਸੱਚਾ ਮਾਰਗ, ਆਬਰਨ (ਸਿਆਟਲ) ਦੀ ਸਕੂਲੀ ਇਮਾਰਤ ਵਿੱਚ, ਦਿਨ ਐਤਵਾਰ ਨੂੰ ਸਾਹਿਤਕ ਮਿਲਣੀ ਕੀਤੀ। ਸ੍ਰੀਮਤੀ ਸੁੰਦਰਪਾਲ ਰਾਜਾਸਾਂਸੀ ਜੀ ਇਕੋ ਸਮੇਂ ਕਵਿੱਤਰੀ, ਗਾਇਕਾ, ਸਟੇਜੀ ਐਕਟਰ,ਫਿਲਮੀ ਕਲਾਕਾਰ, ਟੀਵੀ ਮੇਜ਼ਮਾਨ ਅਤੇ ਅਧਿਆਪਿਕਾ ਹੈ। ਸੁਹਿਰਦ ਸਮਾਜਿਕ-ਸੇਵਿਕਾ ਦੇ ਤੌਰ ਤੇ ਆਪਣਾ ਨਾਂ ਕਮਾਉਣ ਵਾਲੀ ਇਹ ਲੇਖਿਕਾ 'ਸਾਂਈਂ ਮੀਆਂ ਮੀਰ ਹੰਬਲ ਫਾਊਡੇਸ਼ਨ ਕੈਨੇਡਾ' ਦੀ ਸਰਪ੍ਰਸਤ ਵੀ ਹੈ। ਇਸ ਡਰਾਈਵਿੰਗ ਇਨਸਟਰੱਕਟਰ ਸ਼ਖਸ਼ੀਅਤ ਨੇ ਮਾਂ ਬੋਲੀ ਪੰਜਾਬੀ ਦੀ ਝੋਲੀ ਵਿੱਚ ਅੱਜ ਤੱਕ ਦੋ ਕਾਵਿ ਪੁਸਤਕਾਂ 'ਰੂਹ ਦੇ ਬੋਲ' ਅਤੇ 'ਨਾ ਧੀਆਂ ਨੂੰ ਰੋਲ' ਪਾਈਆਂ ਹਨ। ਸਭਾ ਦੇ ਮੀਤ ਪ੍ਰਧਾਨ ਬਲਿਹਾਰ ਸਿੰਘ ਲੇਹਲ, ਸਹਾਇਕ ਸਕੱਤਰ ਸਾਧੂ ਸਿੰਘ ਝੱਜ, ਖਜ਼ਾਨਚੀ ਪ੍ਰਿਤਪਾਲ ਸਿੰਘ ਟਿਵਾਣਾ, ਪ੍ਰੈਸ ਸਕੱਤਰ ਮੰਗਤ ਕੁਲਜਿੰਦ ਅਤੇ ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿਧੂ ਅਹੁਦੇਦਾਰਾਂ ਮੈਂਬਰਾਂ ਅਤੇ ਸਰੋਤਿਆਂ ਦੀ ਹਾਜ਼ਰੀ ਵਿੱਚ ਲੇਖਿਕਾ ਨੇ ਆਪਣੇ ਪਰਿਵਾਰ ਬਾਰੇ ਅਤੇ ਕੈਨੇਡਾ ਆ ਵੱਸਣ ਦੇ ਬਣੇ ਸਬੱਬ ਬਾਰੇ ਦੱਸਦਿਆਂ ਆਪਣੇ ਸਾਹਿਤਕ, ਸਮਾਜਿਕ, ਸਟੇਜੀ ਅਤੇ ਫਿਲਮੀ ਕਲਾਕਾਰ-ਸਫਰ ਦੀ ਜਾਣਕਾਰੀ ਸਾਂਝੀ ਕੀਤੀ। ਸਰੋਤਿਆਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦਿਆਂ ਉਹਨਾਂ ਆਪਣੀਆਂ ਕਈ ਕਵਿਤਾਵਾਂ ਤਰੰਨਮ ਵਿੱਚ ਸੁਣਾਈਆਂ।ਧੀਆ ਦੇ ਦਿਲਾਂ ਦੀਆਂ ਸੰਵੇਦਨਾਵਾਂ ਨੂੰ, 'ਬਾਪੂ ਤੇਰੇ ਵਿਹੜੇ ਵਿੱਚ ਕਿੱਕਲੀ ਮੈਂ ਪਾਵਾਂ, ਨਿੱਕੇ ਨਿੱਕੇ ਪੈਰਾਂ 'ਚ ਪੰਜੇਬਾਂ ਛਣਕਾਵਾਂ, ਤੇਰੇ ਘਰ ਸੂਰਜਾਂ ਦੀ ਨਿੱਘ ਲੈਕੇ ਆਵਾਂ'। ਤੇ ਹਾਂ ਜੀ ਇਹੀ ਮੋਹ ਭਰਿਆ ਨਿੱਘ ਉਹਨਾਂ ਨੂੰ ਪੰਜਾਬੀ ਲਿਖਾਰੀ ਸਭਾ (ਰਜਿ)।ਸਿਆਟਲ ਦੇ ਵਿਹੜੇ ਖਿੱਚ ਲਿਆਇਆ।



ਪੰਜਾਬੀਆਂ ਦੇ ਗੁੰਮ ਹੋ ਰਹੇ ਵਿਰਸੇ ਦੀ ਯਾਦ, ਨੌਜਵਾਨਾਂ 'ਚ ਵੱਧ ਰਹੇ ਨਸ਼ਿਆਂ ਦੀ ਚਿੰਤਾ, ਭਰੂਣ ਹੱਤਿਆਵਾਂ ਅਤੇ ਔਰਤ ਤੇ ਹੋ ਰਹੇ ਜ਼ੁਲਮਾਂ ਦੀ ਕਹਾਣੀ ਆਦਿ ਵਿਸ਼ਿਆਂ ਉਪਰ ਕਵੀਸ਼ਰੀ ਛੰਦਾਂ 'ਚ ਬੰਨੀਆਂ ਰਚਨਾਵਾਂ ਸੁਣਾਈਆਂ।ਜਦ ਉਹਨਾਂ ਆਪਣੀ ਮਿੱਠੀ ਸੁਰੀਲੀ ਆਵਾਜ਼ ਵਿੱਚ ਪੰਜਾਬ ਦੇ ਹਰਮਨ ਪਿਆਰੇ ਛੰਦ- ਟੱਪਿਆਂ, 'ਮਧਾਣੀਆਂ ਬਾਪੂ ਸਾਨੂੰ ਆ ਲੈਣ ਦੇ ਅਸੀਂ ਆਪਣੀਆਂ ਹੀ ਕਿਸਮਤਾਂ ਖਾਣੀਆਂ' ਨੂੰ ਛੋਹਿਆ ਤਾਂ ਪਿਛਲੀ ਸਦੀ ਦੇ ਛੇਵੇਂ ਸੱਤਵੇਂ ਦਹਾਕਿਆਂ ਦੇ ਵਿਆਹਾਂ ਸ਼ਾਦੀਆਂ ਦਾ ਮਾਹੌਲ ਤਾਜ਼ਾ ਹੋ ਗਿਆ।

ਅੱਖਰਾਂ ਤੇ ਸ਼ਬਦਾਂ ਦੇ ਮਾਨਵ ਨਾਲ ਯੁਗਾਂ ਯੁਗਾਤਰਾਂ ਤੋਂ ਨਹੁੰ-ਮਾਸ ਦੇ ਰਿਸ਼ਤੇ ਅਤੇ ਉਹਨਾਂ ਦੀ ਪਰਿਵਾਰਿਕ, ਸਮਾਜਿਕ, ਇਤਿਹਾਸਕ ਰਿਸ਼ਤਿਆ ਦੀ ਸਾਂਝ, ਨੂੰ ਆਪਣੀ ਕਲਮ ਸਿਰਜਣਾ ਨਾਲ ਸਿੱਧ ਕਰ ਦਿੱਤਾ ਕਿ ਲੰਬੀਆਂ ਦੂਰੀਆਂ ਦੀ ਅੱਖਰਾਂ ਅਤੇ ਸ਼ਬਦਾਂ ਸਾਹਮਣੇ ਕੋਈ ਔਕਾਤ ਨਹੀਂ। ਪੰਜਾਬੀ ਲਿਖਾਰੀ ਸਭਾ (ਰਜਿ।) ਸਿਆਟਲ ਵੱਲੋਂ ਸਨਮਾਨ ਚਿੰਨ ਦੇ ਕੇ ਉਹਨਾਂ ਦਾ ਸਨਮਾਨ ਕੀਤਾ ਗਿਆ। ਸਨਮਾਨ ਮੌਕੇ ਸਿਆਟਲ ਇਲਾਕੇ ਦੀਆਂ ਜਾਣੀਆਂ ਪਹਿਚਾਣੀਆਂ ਹਸਤੀਆਂ ਰਘੁਵੀਰ ਸਿੰਘ, ਸੁਰਿੰਦਰ ਕੌਰ, ਗੁਰਜੀਤ ਸਿੰਘ, ਗਿਆਨੀ ਮੋਹਨ ਸਿੰਘ, ਸੁਖਮਿੰਦਰ ਸਿੰਘ, ਰਜਿੰਦਰ ਸਿੰਘ ਬੈਂਸ, ਪ੍ਰਿਤਪਾਲ ਸਿੰਘ ਬੈਂਸ, ਹਰਪ੍ਰੀਤ ਸਿੰਘ ਬੈਂਸ, ਗੁਰਤੀਰਥ ਪਾਲਜੀਤ ਸਿੰਘ ਬੈਂਸ, ਕਰੀਹਾ ਪਰਿਵਾਰ ਅਤੇ ਮੈਡਮ ਮਧੂ ਪ੍ਰਾਸ਼ਰ ਹਾਜ਼ਰ ਸਨ। ਮੰਗਤ ਕੁਲਜਿੰਦ ਅਤੇ ਸਾਧੂ ਸਿੰਘ ਝੱਜ ਨੇ ਆਪਣੀਆਂ ਨਵੀਆਂ ਛਪੀਆਂ ਕਿਤਾਬਾਂ ਉਹਨਾਂ ਨੂੰ ਭੇਂਟ ਕੀਤੀਆਂ।

ਤਲਵੰਡੀ ਸਾਬੋ ਵੱਸਦੇ ਦਰਸ਼ਨ ਸਿੰਘ ਭੰਮੇ ਤੋਂ ਕਵੀਸ਼ਰੀ ਬਾਰੇ ਗਿਆਨ ਲੈ ਰਹੀ ਇਸ ਗਾਇਕਾ ਨੇ ਗੁਰੂ ਸਾਹਿਬਾਨਾਂ ਦੀਆਂ ਮੇਹਰਾਂ ਸੰਬੰਧੀ ਕਵੀਸ਼ਰੀ ਸੰਗਤ ਨਾਲ ਸਾਂਝੀ ਕੀਤੀ। ਗੁਰੂਦੁਆਰਾ ਸੱਚਾ ਮਾਰਗ ਆਬਰਨ ਦੀ ਮਨੇਜਮੈਂਟ ਵੱਲੋਂ ਉਹਨਾਂ ਦਾ ਸਿਰੋਪਾ ਦੇ ਕੇ ਸਨਮਾਨ ਕੀਤਾ ਗਿਆ। ਸਭਾ ਦੇ ਪ੍ਰਧਾਨ ਹਰਪਾਲ ਸਿੰਘ ਸਿਧੂ ਅਤੇ ਸਕੱਤਰ ਸੁਖਵੀਰ ਸਿੰਘ ਬੀਹਲਾ ਕੁਝ ਨਾ ਟਾਲੇ ਜਾ ਸਕਣ ਵਾਲੇ ਕਾਰਨਾਂ ਕਰਕੇ ਪ੍ਰੋਗਰਾਮ ਚ ਵਿਅਕਤੀਗਤ ਤੌਰ ਤੇ ਭਾਵੇਂ ਨਹੀਂ ਆ ਸਕੇ ਪਰ ਸੰਚਾਰ ਮਾਧਿਅਮ ਰਾਹੀਂ ਉਹ ਸਮਾਰੋਹ ਦੇ ਅੰਗ ਸੰਗ ਹੀ ਰਹੇ।

**ਮੰਗਤ ਕੁਲਜਿੰਦ ਪ੍ਰੈਸ ਸਕੱਤਰ**
**ਮੋ ਅਤੇ ਵੱਟਸ +1 425 286 0163**

# ਪਿੰਡ ਸਾਹਲੋਂ ਵਿਚ ਡਾ. ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ

ਪਿੰਡ ਸਾਹਲੋਂ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 131ਵਾਂ ਜਨਮ ਦਿਨ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿਚ ਡਾ. ਸੁਖਵਿੰਦਰ ਕੁਮਾਰ ਸੁੱਖੀ ਹਲਕਾ ਵਿਧਾਇਕ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਤੇ ਸਮਾਗਮ ਦੀ ਪ੍ਰਧਾਨਗੀ ਸ੍ਰੀਮਤੀ ਸੁਰਿੰਦਰ ਕੌਰ ਸਰਪੰਚ ਨੇ ਕੀਤੀ। ਬਾਬਾ ਸਾਹਿਬ ਦੇ ਸਟੈਚੂ ਤੇ ਫੁੱਲ ਮਾਲਾਵਾਂ ਭੇਂਟ ਕਰਨ ਉਪਰੰਤ ਡਾ. ਸੁੱਖੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸਾਨੂੰ ਬਾਬਾ ਸਾਹਿਬ ਨੂੰ ਪੜ੍ਹਨਾ ਚਾਹੀਦਾ ਹੈ ਤੇ ਉਹਨਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ। ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ



ਤਾਂ ਜੋ ਉਹ ਚੰਗੇ ਨਾਗਰਿਕ ਬਣ ਕੇ ਆਪਣਾ ਤੇ ਆਪਣੀ ਕੌਮ ਦਾ ਜੀਵਨ ਪੱਧਰ ਉੱਚਾ ਚੁੱਕ ਸਕਣ। ਉਹਨਾਂ ਕਿਹਾ ਕਿ ਸਾਨੂੰ ਆਪਣੇ ਰਾਜਸੀ ਲੀਡਰਾਂ ਨੂੰ ਵੀ ਕਟਹਿਰੇ ਵਿਚ ਖੜ੍ਹੇ ਕਰਕੇ ਕੌਮ ਪ੍ਰਤੀ ਕੀਤੇ ਕੰਮਾਂ ਬਾਰੇ ਸਵਾਲ ਕਰਨੇ ਚਾਹੀਦੇ ਹਨ।

ਇਸ ਮੌਕੇ ਤੇ ਸਰਵਸ੍ਰੀ ਦਿਨੇਸ਼ ਕੁਮਾਰ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ, ਸੰਤੋਖ ਜੱਸੀ ਜ਼ਿਲ੍ਹਾ ਪ੍ਰਧਾਨ ਪੰਚਾਇਤ ਯੂਨੀਅਨ, ਸ੍ਰੀ ਰੂਪ ਲਾਲ ਧੀਰ ਮਿਸ਼ਨਰੀ ਗਾਇਕ ਤੇ ਬਸਪਾ ਆਗੂ, ਸ੍ਰੀ ਸੁਰਿੰਦਰ ਸੁੰਮਨ ਬਸਪਾ ਆਗੂ, ਸ੍ਰੀ ਹਰਮੇਸ਼ ਭਾਰਤੀ ਨੇ ਵੀ ਆਪੋ-ਆਪਣੇ ਵਿਚਾਰ ਰੱਖੇ ਅਤੇ ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਸਤਪਾਲ ਸਾਹਲੋਂ ਨੇ ਬਾਖ਼ੂਬੀ ਨਿਭਾਈ।

ਇਸ ਮੌਕੇ ਤੇ ਸਰਵਸ੍ਰੀ ਗੁਰਮੇਲ ਚੰਦ ਨੰਬਰਦਾਰ, ਮੱਖਣ ਰਾਮ ਪੰਚ, ਜਸਵੰਤ ਸਿੰਘ ਪੰਚ, ਗੁਰਪੀਤ ਬੱਲਾ ਯੂਥ ਅਕਾਲੀ ਆਗੂ, ਰਜਨੀ ਪੰਚ, ਕਮਲਾ ਸੱਲਣ, ਮਹਿੰਦਰ ਕੌਰ, ਸਰਬਜੀਤ ਕੌਰ, ਸਾਗਰ ਸੰਧੂ, ਅਮਨਦੀਪ ਸਿੰਘ, ਸੁੱਚਾ ਸਿੰਘ ਪ੍ਰਧਾਨ, ਸਿੰਗਾਰਾ ਸਿੰਘ, ਪਿਆਰਾ ਸਿੰਘ ਸਾਬਕਾ ਐਸ. ਡੀ. ਓ., ਰੇਨੂੰ ਬਾਲਾ ਸਾਬਕਾ ਸਰਪੰਚ, ਜਸਵਿੰਦਰ ਸਿੰਘ ਭੱਟੀ, ਉਂਕਾਰ ਸਿੰਘ, ਚੈਂਚਲ ਰਾਮ, ਗਿਆਨ ਚੰਦ, ਮਹਿੰਦਰ ਰਾਮ ਆਦਿ ਵੀ ਹਾਜ਼ਰ ਸਨ।







# ਪ੍ਰਧਾਨ ਮੰਤਰੀ ਮੋਦੀ ਨੂੰ ਮਿਲਿਆ ਪਹਿਲਾ ਲਤਾ ਮੰਗਸ਼ੇਕਰ ਐਵਾਰਡ

**ਮੁੰਬਈ**-ਦੇਸ਼ ਦੀ ਮਹਾਨ ਗਾਇਕਾ ਮਰਹੂਮ ਲਤਾ ਮੰਗੇਸ਼ਕਰ ਦੀ ਯਾਦ ਵਿੱਚ ਸਥਾਪਿਤ ਕੀਤਾ ਗਿਆ ਪਹਿਲਾ ਪੁਰਸਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਊਸ਼ਾ ਮੰਗੇਸ਼ਕਰ, ਆਸ਼ਾ ਭੌਂਸਲੇ, ਮਹਾਰਾਸ਼ਟਰ ਦੇ ਰਾਜਪਾਲ ਭਗਤ ਸਿੰਘ ਕੋਸ਼ਿਆਰੀ, ਮਹਾਰਾਸ਼ਟਰ ਵਿੱਚ ਵਿਰੋਧੀ ਧਿਰ ਦੇ ਨੇਤਾ ਦੇਵੇਂਦਰ ਫੜਨਵੀਸ ਸਮੇਤ ਹੋਰਨਾਂ ਦੀ ਮੌਜੂਦਗੀ ਵਿੱਚ ਪੁਰਸਕਾਰ ਪ੍ਰਾਪਤ ਕੀਤਾ। ਮਾਸਟਰ ਦੀਨਾਨਾਥ ਮੰਗੇਸ਼ਕਰ ਸਮ੍ਰਿਤੀ ਪ੍ਰਤਿਸ਼ਠਾਨ ਚੈਰੀਟੇਬਲ ਟਰੱਸਟ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਪੁਰਸਕਾਰ ਹਰ ਸਾਲ ਉਸ ਵਿਅਕਤੀ ਨੂੰ ਦਿੱਤਾ ਜਾਵੇਗਾ ਜਿਸ ਨੇ ਸਾਡੇ ਦੇਸ਼, ਇਸ ਦੇ ਲੋਕਾਂ ਅਤੇ ਸਾਡੇ ਸਮਾਜ ਲਈ ਮੋਹਰੀ, ਸ਼ਾਨਦਾਰ ਅਤੇ ਮਿਸਾਲੀ ਯੋਗਦਾਨ ਪਾਇਆ ਹੈ।

ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਮੈਂ ਸੰਗੀਤ ਵਰਗੇ ਡੂੰਘੇ ਵਿਸ਼ੇ ਦਾ ਗਿਆਨਵਾਨ ਨਹੀਂ ਹਾਂ ਪਰ ਸੱਭਿਆਚਾਰਕ ਸਮਝ ਨਾਲ ਮੈਨੂੰ ਲੱਗਦਾ ਹੈ ਕਿ ਸੰਗੀਤ ਸਾਧਨਾ ਹੋਣ ਦੇ ਨਾਲ-ਨਾਲ ਇੱਕ ਭਾਵਨਾ ਵੀ ਹੈ। ਸੰਗੀਤ ਤੁਹਾਨੂੰ ਦੇਸ਼ ਭਗਤੀ ਅਤੇ ਫਰਜ਼ ਦੀ ਭਾਵਨਾ ਦੇ ਸਿਖਰ 'ਤੇ ਲੈ ਜਾ ਸਕਦਾ ਹੈ। ਅਸੀਂ ਸਾਰੇ ਖੁਸ਼ਕਿਸਮਤ ਹਾਂ ਕਿ ਅਸੀਂ ਲਤਾ ਦੀਦੀ ਦੇ ਰੂਪ ਵਿੱਚ ਸੰਗੀਤ ਦੀ ਇਹ ਸ਼ਕਤੀ ਦੇਖੀ ਹੈ। ਸਾਨੂੰ ਉਨ੍ਹਾਂ ਨੂੰ ਆਪਣੀਆਂ ਅੱਖਾਂ ਨਾਲ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਮੈਨੂੰ ਮਾਣ ਹੈ ਕਿ ਲਤਾ ਦੀਦੀ ਮੇਰੀ ਵੱਡੀ ਭੈਣ ਸੀ। ਮੈਨੂੰ ਹਮੇਸ਼ਾ ਲਤਾ ਦੀਦੀ ਤੋਂ ਵੱਡੀ ਭੈਣ ਵਰਗਾ ਅਥਾਹ ਪਿਆਰ ਮਿਲਿਆ ਹੈ ਜਿਸ ਨੇ ਪੀੜ੍ਹੀਆਂ ਨੂੰ ਪਿਆਰ ਅਤੇ ਜਜ਼ਬਾਤ ਦਾ ਤੋਹਫ਼ਾ ਦਿੱਤਾ ਹੈ। ਇਸ ਤੋਂ ਵੱਡੀ ਖੁਸ਼ਕਿਸਮਤੀ ਕੀ ਹੋ ਸਕਦੀ ਹੈ? ਉਨ੍ਹਾਂ ਕਿਹਾ ਕਿ ਜਦੋਂ ਇਹ ਐਵਾਰਡ ਲਤਾ ਦੀਦੀ ਵਰਗੀ ਵੱਡੀ ਭੈਣ ਦੇ ਨਾਂ 'ਤੇ ਹੁੰਦਾ ਹੈ ਤਾਂ ਇਹ ਉਨ੍ਹਾਂ ਦੀ ਮੇਰੇ ਪ੍ਰਤੀ ਸਨੇਹ ਅਤੇ ਪਿਆਰ ਦਾ ਪ੍ਰਤੀਕ ਹੈ। ਮੈਂ ਇਹ ਪੁਰਸਕਾਰ ਸਾਰੇ ਦੇਸ਼ਵਾਸੀਆਂ ਨੂੰ ਸਮਰਪਿਤ ਕਰਦਾ ਹਾਂ। ਜਿਵੇਂ ਲਤਾ ਦੀਦੀ ਲੋਕਾਂ ਦੀ ਸੀ।



ਇਸੇ ਤਰ੍ਹਾਂ ਉਨ੍ਹਾਂ ਦੇ ਨਾਂ 'ਤੇ ਮੈਨੂੰ ਦਿੱਤਾ ਗਿਆ ਇਹ ਐਵਾਰਡ ਲੋਕਾਂ ਦਾ ਹੈ। ਲਤਾ ਜੀ 'ਏਕ ਭਾਰਤ, ਸ੍ਰੇਸ਼ਠ ਭਾਰਤ' ਦੀ ਸੁਰੀਲੀ ਪੇਸ਼ਕਾਰੀ ਵਾਂਗ ਸਨ। ਤੁਸੀਂ ਦੇਖੋ, ਉਸਨੇ ਦੇਸ਼ ਦੀਆਂ 30 ਤੋਂ ਵੱਧ ਭਾਸ਼ਾਵਾਂ ਵਿੱਚ ਹਜ਼ਾਰਾਂ ਗੀਤ ਗਾਏ ਹਨ। ਹਿੰਦੀ, ਮਰਾਠੀ, ਸੰਸਕ੍ਰਿਤ ਜਾਂ ਹੋਰ ਭਾਰਤੀ ਭਾਸ਼ਾਵਾਂ, ਲਤਾਜੀ ਦੀ ਆਵਾਜ਼ ਹਰ ਭਾਸ਼ਾ ਵਿੱਚ ਇੱਕੋ ਜਿਹੀ ਹੈ। ਉਨ੍ਹਾਂ ਕਿਹਾ ਕਿ ਸੰਗੀਤ ਦੇ ਨਾਲ-ਨਾਲ ਲਤਾ ਦੀਦੀ ਦੇ ਅੰਦਰ ਦੇਸ਼ ਭਗਤੀ ਦੀ ਜੋ ਚੇਤਨਾ ਸੀ, ਉਹ ਉਨ੍ਹਾਂ ਦੇ ਪਿਤਾ ਸ। ਵੀਰ ਸਾਵਰਕਰ ਦੁਆਰਾ ਲਿਖਿਆ ਗੀਤ ਦੀਨਾਨਾਥ ਜੀ ਨੇ ਆਜ਼ਾਦੀ ਸੰਗਰਾਮ ਦੌਰਾਨ ਸ਼ਿਮਲਾ ਵਿੱਚ ਬ੍ਰਿਟਿਸ਼ ਵਾਇਸਰਾਏ ਦੇ ਪ੍ਰੋਗਰਾਮ ਵਿੱਚ ਗਾਇਆ ਸੀ। ਉਸ ਦੇ ਥੀਮ 'ਤੇ ਪ੍ਰਦਰਸ਼ਨ ਕੀਤਾ। ਸੰਸਕ੍ਰਿਤੀ ਤੋਂ ਵਿਸ਼ਵਾਸ ਤੱਕ, ਪੂਰਬ ਤੋਂ ਪੱਛਮ ਤੱਕ, ਉੱਤਰ ਤੋਂ ਦੱਖਣ ਤੱਕ, ਲਤਾ ਜੀ ਦੇ ਨੋਟਾਂ ਨੇ ਪੂਰੇ ਦੇਸ਼ ਨੂੰ ਇੱਕ ਕਰਨ ਦਾ ਕੰਮ ਕੀਤਾ। ਉਹ ਦੁਨੀਆਂ ਵਿੱਚ ਸਾਡੇ ਭਾਰਤ ਦੀ ਸੱਭਿਆਚਾਰਕ ਰਾਜਦੂਤ ਵੀ ਸੀ।

## ਟਰੰਪ ਸਮਰਥਕਾਂ ਨੇ ਮੱਧ ਕਾਲੀ ਚੋਣਾਂ ਤੋਂ ਪਹਿਲਾਂ ਮਾਰਚ ਦੇ ਅੰਤ ਤੱਕ 12-40 ਕਰੋੜ ਡਾਲਰ ਫੰਡ ਜੁਟਾਇਆ

**ਸੈਕਰਾਮੈਂਟੋ 22 ਮਾਰਚ (ਹੁਸਨ ਲੜੋਆ ਬੰਗਾ)-** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨੈੱਟਵਰਕ ਆਫ ਪੋਲੀਟੀਕਲ ਐਡਵੋਕੇਸੀ ਗਰੁੱਪਸ ਨੇ ਮਾਰਚ ਦੇ ਅੰਤ ਤੱਕ 12।40 ਕਰੋੜ ਡਾਲਰ ਫੰਡ ਜੁਟਾਇਆ ਹੈ। ਇਸ ਤਰਾਂ ਸਾਬਕਾ ਰਾਸ਼ਟਰਪਤੀ ਦੇ ਸਮਰਥਕਾਂ ਨੇ ਮੱਧਕਾਲੀ ਚੋਣਾਂ ਤੇ ਉਸ ਉਪਰੰਤ ਰਾਜਸੀ ਗਤੀਵਿਧੀਆਂ ਲਈ ਕਾਫੀ ਫੰਡ ਇਕੱਠਾ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਇਹ ਖੁਲਾਸਾ ਸੰਘੀ ਚੋਣ ਕਮਿਸ਼ਨ ਕੋਲ ਫੰਡ ਜੁਟਾਉਣ ਸਬੰਧ ਦਾਇਰ ਤਾਜ਼ਾ ਵੇਰਵੇ ਤੋਂ ਹੋਇਆ ਹੈ। ਰਿਪਬਲੀਕਨ ਨੈਸ਼ਨਲ ਕਮੇਟੀ ਕੋਲ ਮਾਰਚ ਦੇ ਅੰਤ ਵਿਚ 4।50 ਕਰੋੜ ਡਾਲਰ ਨਕਦ ਸਨ। ਸਭ ਤੋਂ ਵੱਡੇ ਟਰੰਪ ਗਰੁੱਪ ਸੇਵ ਅਮੈਰੀਕਾ ਪੀ ਏ ਸੀ ਨੇ ਮਾਰਚ ਵਿਚ 50 ਲੱਖ ਡਾਲਰ ਤੋਂ ਵਧ ਫੰਡ ਇਕੱਠਾ ਕੀਤਾ।

## ਐਰੀਜ਼ੋਨਾ ਵਿਚ ਅੱਗ ਲੱਗਣ ਨਾਲ 20000 ਤੋਂ ਵਧ ਏਕੜ ਜੰਗਲ ਸੜ ਕੇ ਹੋਇਆ ਸਵਾਹ, ਹੰਗਾਮੀ ਸਥਿਤੀ ਦਾ ਐਲਾਨ

**ਸੈਕਰਾਮੈਂਟੋ 22 ਅਪ੍ਰੈਲ (ਹੁਸਨ ਲੜੋਆ ਬੰਗਾ)-** ਕੋਕੋਨੀਨੋ ਕਾਊਂਟੀ ਵਿਚ ਐਰੀਜ਼ੋਨਾ ਦੇ ਜੰਗਲ ਵਿਚ ਲੱਗੀ ਭਿਆਨਕ ਅੱਗ ਦੇ ਸਿੱਟੇ ਵਜੋਂ 20000 ਏਕੜ ਤੋਂ ਵਧ ਰਕਬਾ ਸੜ ਕੇ ਸਵਾਹ ਹੋ ਗਿਆ ਹੈ। ਗਵਰਨਰ ਡੌਗ ਡੂਸੇ ਨੇ ਹਾਲਾਤ ਦੇ ਮੱਦੇਨਜ਼ਰ ਹੰਗਾਮੀ ਸਥਿੱਤੀ ਦਾ ਐਲਾਨ ਕਰ ਦਿੱਤਾ ਹੈ। ਅੱਗ ਫਲੈਗਸਟਾਫ ਨੇੜੇ ਲੱਗੀ ਹੈ ਜਿਸ ਵਿਚ ਘੱਟੋ ਘੱਟ 2 ਦਰਜ਼ਨ ਇਮਾਰਤਾਂ ਤਬਾਹ ਹੋ ਗਈਆਂ ਹਨ ਤੇ ਸੈਂਕੜੇ ਘਰਾਂ ਦੇ ਵਸਨੀਕਾਂ ਨੂੰ ਘਰ ਖਾਲੀ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਗਵਰਨਰ ਨੇ ਕਿਹਾ ਹੈ ਕਿ ਤੇਜ਼ ਹਵਾਵਾਂ ਨੇ ਅੱਗ ਉਪਰ ਤੇਲ ਪਾਉਣ ਦਾ ਕੰਮ ਕੀਤਾ ਹੈ ਤੇ ਅੱਗ ਤੇਜ਼ੀ ਨਾਲ ਫੈਲੀ ਹੈ। ਉਨਾਂ ਕਿਹਾ ਹੈ ਕਿ ਅੱਗ ਉਪਰ ਕਾਬੂ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਗਵਰਨਰ ਨੇ ਖੇਤਰ ਵਿਚਲੇ ਨਿਵਾਸੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਨਾਲ ਸਹਿਯੋਗ ਕਰਨ ਤੇ ਉਨਾਂ ਵੱਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਕਰਨ। ਉਨਾਂ ਨੇ ਕਿਹਾ ਹੈ ਕਿ ਸਥਿੱਤੀ ਉਪਰ ਨਿਰੰਤਰ ਨਜਰ ਰੱਖੀ ਜਾ ਰਹੀ ਹੈ ਤੇ ਲੋੜ ਪੈਣ 'ਤੇ ਹੋਰ ਲੋੜੀਂਦੀ ਮੱਦਦ ਮੰਗਵਾਈ ਜਾਵੇਗੀ। ਕੋਕੋਨੀਨੋ ਕਾਊਂਟੀ ਬੋਰਡ ਆਫ ਸੁਪਰਵਾਈਜ਼ਰ ਦੇ ਪ੍ਰਧਾਨ ਪੈਟਰਿਕ ਹੌਰਸਮੈਨ ਨੇ ਕਿਹਾ ਹੈ ਕਿ ਖਾਲੀ ਕਰਵਾਏ ਗਏ ਖੇਤਰ ਵਿਚ ਅੰਦਾਜ਼ਨ 2068 ਲੋਕ ਰਹਿੰਦੇ ਹਨ। 766 ਘਰਾਂ ਨੂੰ ਖਾਲੀ ਕਰਵਾ ਲਿਆ ਗਿਆ ਹੈ। 1000 ਤੋਂ ਵਧ ਪਸ਼ੂਆਂ ਨੂੰ ਵੀ ਕੱਢਿਆ ਗਿਆ ਹੈ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।







# ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਦੋ ਕਹਾਣੀ-ਸੰਗ੍ਰਹਿ ਰਿਲੀਜ਼









**ਸਟਾਕਟਨ (ਬਿਊਰੋ ਨਿਊਜ਼)–** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਲੰਘੀ 16 ਅਪ੍ਰੈਲ ਨੂੰ ਇਥੋਂ ਦੇ (Royal Indian Cuisine& Banquet) ਹਾਲ ਵਿੱਚ ਸ਼ਾਨਦਾਰ ਸਾਹਿਤਕ ਸਮਾਗਮ ਕੀਤਾ ਗਿਆ। ਜਿਸ ਦੌਰਾਨ ਡਾ. ਰਵੀ ਸ਼ੇਰ ਗਿੱਲ ਦਾ ਕਹਾਣੀ-ਸੰਗ੍ਰਹਿ; 'ਕਿਤੇ ਉਹ ਨਾ ਹੋਵੇ' ਅਤੇ ਤ੍ਰਿਪਤ ਸਿੰਘ ਭੱਟੀ ਦਾ ਮਿੰਨੀ ਕਹਾਣੀ-ਸੰਗ੍ਰਹਿ 'ਕੋਧਰੇ ਦੀ ਰੋਟੀ' ਪਾਠਕਾਂ ਦੀ ਸੱਥ ਵਿੱਚ ਉਤਾਰੇ ਗਏ।

ਅਮਨ ਸ਼ਾਤੀ ਦੇ ਪਹਿਰਦਾਰਾਂ ਨੂੰ ਸਮਰਪਿਤ ਇਸ ਸਮਾਗਮ ਦਾ ਆਗ਼ਾਜ਼ 'ਸਾਹਿਰ ਲੁਧਿਆਣਵੀ' ਦੇ ਗੀਤ 'ਪੈਗ਼ਾਮੇ ਅਮਨ', ਟਰਾਂਟੋ ਦੇ ਹਰਮਨ ਪਿਆਰੇ ਗਾਇਕ ਇਕਬਾਲ ਬਰਾੜ ਜੀ ਦੀ ਦਰਦ ਭਰੀ, ਮੰਤਰ-ਮੁਗੱਧ ਅਵਾਜ਼ ਨਾਲ ਹੋਇਆ।

ਇਸ ਉਪਰੰਤ ਹਰਜਿੰਦਰ ਪੰਧੇਰ ਨੇ ਰਿਲੀਜ਼ ਕੀਤੇ ਜਾਣ ਵਾਲੇ ਦੋਹਾਂ ਕਹਾਣੀ-ਸੰਗ੍ਰਹਿਆਂ ਦੀ ਸਾਹਿਤਕ ਮਹੱਤਤਾ ਦੇ ਸੰਦਰਭ ਬਾਰੇ ਗੱਲ ਕਰਦਿਆਂ ਇਨ੍ਹਾਂ ਨੂੰ ਪਰਵਾਸੀ ਪੰਜਾਬੀ ਸਾਹਿਤ ਵਿੱਚ ਇੱਕ ਵੱਡਾ ਯੋਗਦਾਨ ਗਰਦਾਨਿਆ। ਡਾ. ਰਵੀ ਸ਼ੇਰ ਗਿੱਲ ਅਤੇ ਤ੍ਰਿਪਤ ਭੱਟੀ ਨੇ ਸਰੋਤਿਆਂ ਨਾਲ ਆਪਣੇ ਸਾਹਿਤਕ ਸਫ਼ਰ ਦੇ ਤਜ਼ਰਬੇ ਸਾਂਝੇ ਕੀਤੇ। ਹਾਜ਼ਰ ਮੈਂਬਰਾਂ ਵਲੋਂ ਦੋਹਾਂ ਲੇਖਕਾਂ ਨੂੰ ਮਹਿਕਦੇ ਰੰਗੀਨ ਗੁੱਲਦਸਤੇ ਅਤੇ ਵਧਾਈ ਦੇਕੇ ਸਨਮਾਨਿਆ ਗਿਆ।

ਅਗਲਾ ਸੈਸ਼ਨ ਕਹਾਣੀ ਵਰਕਸ਼ਾਪ ਦਾ ਸੀ। ਜਿਸ ਵਿੱਚ ਮਨਜੀਤ ਕੌਰ ਸੇਖੋਂ ਨੇ ਆਪਣੀ ਨਵ-ਰਚਿਤ ਕਹਾਣੀ 'ਰਾਹਤ' ਪੜ੍ਹੀ। ਇਸ ਉਪਰ ਵਿਚਾਰ ਚਰਚਾ ਕਰਦਿਆਂ ਹਰਜਿੰਦਰ ਪੰਧੇਰ ਨੇ ਇਸ ਕਹਾਣੀ ਨੂੰ ਅੱਜ ਦੇ ਦੌਰ ਵਿੱਚ ਤੇਜੀ ਨਾਲ ਬਦਲ ਰਹੇ ਘਰੇਲੂ ਰਿਸ਼ਤਿਆਂ ਵਿਚਲੀਆਂ ਪੇਚੀਦਗੀਆਂ ਦਰਮਿਆਨ ਰਾਬਤੇ ਦਾ ਪੁਲ ਉਸਾਰਦੀ ਯਤਨ ਭਰਪੂਰ ਖ਼ੂਬਸੂਰਤ ਕਹਾਣੀ ਦਸਿਆ।

ਡਾ. ਮਨਰੀਤ ਕੌਰ ਗਰੇਵਾਲ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਇਸ ਕਹਾਣੀ ਦੀ ਮੁੱਖ ਪਾਤਰ ਪੰਜਾਬ ਅਤੇ ਅਮਰੀਕਾ ਦੀ ਦੋਹਰੀ ਸੋਚ ਵਿੱਚ ਜਕੜੀ ਹੋਈ ਮਹਿਸੂਸ ਕਰਦੀ ਹੈ। ਜਦੋਂ ਉਸਦੀਆਂ ਸੋਚਾਂ ਗੁੰਝਲਾ ਜਾਂਦੀਆਂ ਹਨ ਤਾਂ ਉਹ ਰਿਸ਼ਤਿਆਂ ਦਾ ਭਾਰ ਨਾ ਝਲਦੀ ਹੋਈ ਨਿੱਜੀ ਸੋਚਾਂ ਨੂੰ ਛੱਡ ਦਿੰਦੀ ਹੈ। ਗੋਬਿੰਦਰ ਸਿੰਘ ਸਮਰਾਓ ਨੇ ਪਟਿਆਲੇ ਸ਼ਹਿਰ ਦੀਆਂ ਕੁੱਝ ਰੁਮਾਂਚਿਕ ਯਾਦਾਂ ਸਾਂਝੀਆਂ ਕੀਤੀਆਂ। ਹਰਨੇਕ ਸਿੰਘ ਨੇ ਆਪਣੀ ਨਵੀਂ ਲਿਖੀ ਮਿੰਨੀ-ਕਹਾਣੀ 'ਰਿਸ਼ਤੇਦਾਰੀ' ਸਰੋਤਿਆਂ ਨਾਲ ਸਾਂਝੀ ਕੀਤੀ।

ਅਗਲਾ ਦੌਰ ਕਵੀ ਦਰਬਾਰ ਦਾ ਸੀ ਜਿਸ ਦਾ ਅਰੰਭ ਹਾਈ ਸਕੂਲ ਦੀ ਵਿਦਿਆਥਣ 'ਸੁੱਚੀ ਕੰਬੋਜ਼' ਨੇ ਹਾਰਮੋਨੀਅਮ ਤੇ ਦੋ ਬੜੇ ਹੀ ਪਿਆਰੇ ਗੀਤ ਤਰਨੱਮ 'ਚ ਗਾਕੇ ਕੀਤਾ। ਮਰਹੂਮ ਨਾਵਲਕਾਰ ਇੰਦਰ ਸਿੰਘ ਖ਼ਾਮੋਸ਼ ਦੀ ਬੇਟੀ ਪੁਸ਼ਵਿੰਦਰ ਨੇ ਆਪਣੇ ਪਾਪਾ ਦੀ ਇੱਕ ਲੰਬੀ ਕਵਿਤਾ ਸੁਣਾਈ। ਤਰਸੇਮ ਸਿੰਘ ਘੁੰਮਣ ਨੇ ਤਿੰਨ ਖੁੱਲ੍ਹੀਆਂ ਕਵਿਤਾਵਾਂ ਨਾਲ ਸਰੋਤਿਆਂ ਤੋਂ ਵਾਹਵਾ ਖੱਟੀ। ਅਮਰਪਾਲ ਕੰਬੋਜ ਨੇ ਲੋਕ ਹੱਕਾਂ ਲਈ ਸੰਘਰਸ਼ ਕਰਦੇ ਇਕ ਜੁਝਾਰੂ ਦੀ ਪਤਨੀ ਦੇ ਮੁੱਖੋਂ ਆਪਣੇ ਪਤੀ ਦੇ ਸੰਘਰਸ਼ਮਈ ਜੀਵਨ ਦੇ ਗੀਤ ਨੂੰ ਬੋਲ ਦਿੱਤੇ। ਮਨਜੀਤ ਕੌਰ ਸੇਖੋਂ ਨੇ ਇਕ ਔਰਤ ਵਲੋਂ ਪਤੀ ਤੋਂ ਆਪਣੇ ਹੱਕਾਂ ਦੀ ਤਸਲੀਮ ਕਰਦਾ ਗੀਤ ਸੁਣਾਇਆ। ਡਾ. ਮਨਰੀਤ ਕੌਰ ਨੇ ਇਕ ਵਲਵਲੇ ਭਰਪੂਰ ਖ਼ੂਬਸੂਰਤ ਨਜ਼ਮ ਨਾਲ ਸਾਂਝ ਪਾਈ। ਜਸਵੰਤ ਸ਼ਾਦ ਨੇ ਇਸ ਸਮਾਗਮ ਦੀ ਤਾਰੀਫ਼ ਕਰਦਿਆਂ ਸ਼ਾਇਰਾਨਾ ਅਵਾਜ਼ ਵਿੱਚ ਨਵੇਕਲਾ ਰੰਗ ਬੰਨਿਆ। ਸਭਾ ਦੀ ਸਕੱਤਰ ਗੁਰਪ੍ਰੀਤ ਕੌਰ ਨੇ ਉਲੀਕੇ ਪ੍ਰੋਗਰਾਮ ਨੂੰ ਪੂਰੀ ਜਿਮੇਵਾਰੀ ਨਾਲ ਨਿਭਾਇਆ ਅਤੇ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸਰੋਤਿਆਂ ਦਾ ਧੰਨਵਾਦ ਕੀਤਾ।

ਹਾਜ਼ਰ ਸਰੋਤਿਆਂ ਵਿੱਚ ਉਪਰੋਕਤ ਤੋਂ ਇਲਾਵਾ ਮ੍ਰਿਗਇੰਦਰ ਪੰਧੇਰ, ਰਾਜਕੁਮਾਰੀ, ਇੰਦਰਮੋਹਨ ਸਿੰਘ, ਅਵਤਾਰ ਸਿੰਘ ਲਾਖਾ, ਜਗਜੀਵਨ ਸਿੰਘ, ਕਮਲ ਕੰਬੋਜ ਅਤੇ ਹੋਰ ਸੱਜਣਾ ਨੇ ਭਾਗ ਲਿਆ। ਰੈਸਟੋਰੈਂਟ ਵਲੋਂ ਪਰੋਸੇ ਲਜ਼ੀਜ਼ ਖਾਣੇ ਦੀ ਸੱਭ ਵਲੋਂ ਤਾਰੀਫ ਕੀਤੀ ਗਈ।

**ਵਲੋਂ (ਹਰਜਿੰਦਰ ਪੰਧੇਰ)**
**ਫੋਨ: 209-610-5055)**

# ਪੰਜਾਬੀ ਸਾਹਿਤ ਸਭਾ ਦੀ ਮਹੀਨਾਵਾਰ ਮੀਟਿੰਗ ਹੋਈ, ਲੋੜਵੰਦਾਂ ਨੂੰ ਵੰਡਿਆ ਰਾਸ਼ਨ

ਪੰਜਾਬੀ ਸਾਹਿਤ ਸਭਾ ਦੀ ਮਹੀਨੇਵਾਰ ਮੀਟਿੰਗ ਸਭਾ ਦੇ ਪ੍ਰਧਾਨ ਜਗਜੀਤ ਸਿੰਘ ਝੱਤਰਾ ਦੀ ਅਗਵਾਈ ਹੇਠ ਪਿੰਡ ਝੱਤਰਾ ਦੇ ਪੰਚਾਇਤ ਘਰ ਵਿਖੇ ਭਰਵੀਂ ਹੋਈ। ਇਲਾਕੇ ਦੇ ਸਾਹਿਤਕਾਰਾਂ ਤੇ ਪਿੰਡ ਦੇ ਪੰਤਵੰਤਿਆਂ ਨੇ ਸ਼ਿਰਕਤ ਕੀਤੀ। ਪੁੱਜੇ ਸਾਹਿਤਕਾਰਾਂ ਤੇ ਪਿੰਡ ਦੇ ਸਹਿਯੋਗੀਆਂ ਨੂੰ ਸੰਬੋਧਨ ਕਰਦਿਆ ਸਾਹਿਤ ਸਭਾ ਦੇ ਪ੍ਰਧਾਨ ਜਗਜੀਤ ਸਿੰਘ ਝੱਤਰਾ ਨੇ ਕਿਹਾ ਕਿ ਮਨੁੱਖ ਧਰਮ ਹੀ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਨਾ ਹੈ। ਪੰਜਾਬੀ ਬੋਲੀ ਨੂੰ ਪ੍ਰਫੁੱਲਤ ਕਰਨ ਲਈ ਪਿੰਡ ਪਿੰਡ ਸਾਹਿਤ ਸਭਾਵਾਂ ਦਾ ਗਠਨ ਕਰਨਾ ਜਰੂਰੀ ਹੈ। ਇਸ ਸਮੇਂ ਕਵੀ ਦਰਬਾਰ ਆਯੋਜਿਤ ਕੀਤਾ ਗਿਆ। ਜਿਸ ਦੌਰਾਨ ਸੁੱਖਜਿੰਦਰ ਸਿੰਘ ਬਾਠ ਨੇ 'ਭਖਦੇ ਮਸਲੇ' ਕਵਿਤਾ ਪੜ੍ਹੀ। ਗੁਰਚੈਨ ਸਿੰਘ ਨੇ 'ਲੋਕ ਸੇਵਾ', ਸੁਖਚੈਨ ਸਿੰਘ ਨੇ 'ਦੂਰ ਦੀਆਂ ਵਾਟਾਂ', ਗੁਰਸੇਵਕ ਸਿੰਘ ਨੇ 'ਜ਼ਿੰਦਗੀ ਦੇ ਪਲ', ਅਜੀਤ ਸਿੰਘ ਬਾਠ ਨੇ 'ਉਹ ਕਿਧਰ ਗਏ' ਗੀਤ, ਬਸੰਤ ਸਿੰਘ



ਨੇ 'ਇਕ ਨੂਰ' ਕਵਿਤਾ ਤੇ ਮਹਿੰਦਰ ਸਿੰਘ ਨੇ 'ਵਿਸਾਖੀ' 'ਤੇ ਗ਼ਜ਼ਲ ਬੋਲੀ। ਮਨੰਦਰ ਸਿੰਘ ਨੇ 'ਸੋਹਣੇ ਫੁੱਲ', ਗਗਨਦੀਪ ਸਿੰਘ ਨੇ 'ਦੇਸ਼ ਪੰਜਾਬ' ਦਾ ਗੀਤ ਗਾ ਕੇ ਵਾਹ ਵਾਹ ਕਰਾਈ ਅਤੇ ਰੰਗ ਬੰਨ੍ਹਿਆ। ਪੁਰਤਨ ਵਸਤਾਂ ਸਾਂਭਣ ਵਾਲੇ ਪਿੰਡ ਦੀਵਾਲਾ ਦੇ ਨੋਜਵਾਨ ਤਸਵਿੰਦਰ ਸਿੰਘ ਬੜੈਚ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਸਭਾ ਦੀ ਸਮਾਪਤੀ 'ਤੇ ਲੋੜਵੰਦ ਵਿਅਕਤੀਆਂ ਨੂੰ ਪੰਜਾਬੀ ਸਾਹਿਤ ਸਭਾ ਵੱਲੋਂ ਘਰੇਲੂ ਰਾਸ਼ਨ ਤਕਸ਼ੀਮ ਕੀਤਾ ਗਿਆ। ਪ੍ਰਧਾਨ ਜਗਜੀਤ ਸਿੰਘ, ਗੁਰਸੇਵਕ ਸਿੰਘ ਵੱਲੋਂ ਧੰਨਵਾਦ ਕਰਦਿਆਂ ਕਿਹਾ ਕਿ ਸਾਹਿਤਕਾਰ ਸਮਾਜਿਕ ਕੁਰੀਤੀਆਂ ਵਿਰੁੱਧ ਤੇ ਸਮਾਜ ਨੂੰ ਸਹੀ ਸੇਧ ਦੇਣ ਦੀ ਸਮਰੱਥਾ ਦੇਣ ਦਾ ਉਪਰਾਲਾ ਕਰਨ। ਹਮੇਸ਼ਾਂ ਲੋੜਵੰਦਾਂ ਦੀ ਮੱਦਦ ਕਰਨਾ ਹੀ ਮਨੁੱਖੀ ਧਰਮ ਹੈ। ਪੰਜਾਬੀ ਬੋਲੀ ਦਾ ਸਤਿਕਾਰ ਕਰਨਾ ਸਾਡਾ ਮੁੱਢਲਾ ਫਰਜ ਹੈ।

# ਪੰਜਾਬੀ ਸਮਾਜਿਕ ਸੰਸਥਾ 'ਸ਼ਕਤੀ' ਵੱਲੋਂ ਸਕੂਲ ਖੁੱਲਿਆ




ਪੰਜਾਬੀ ਸਮਾਜਿਕ ਸੰਸਥਾ 'ਸ਼ਕਤੀ' ਵੱਲੋਂ ਜਰਮਨ ਦੇ ਸ਼ਹਿਰ ਔਫਨਬਾਥ ਵਿਖੇ ਕਲਾ ਨਾਲ ਸਬੰਧਤ ਸਕੂਲ ਖੁੱਲ੍ਹਣ ਦੀ ਖੁਸ਼ੀ ਵੱਲੋਂ ਮਿਠਾਈ, ਸਮੋਸੇ, ਗੁਲਾਬ ਜਾਮਣ ਅਤੇ ਚਾਹ ਦਾ ਸਟਾਲ ਲਗਾਇਆ ਗਿਆ। ਇਸ ਮੌਕੇ 'ਤੇ ਸ਼ਹਿਰ ਦੀ ਕੌਂਸਲ ਵੱਲੋਂ ਆਯੋਜਿਤ ਪ੍ਰੋਗਰਾਮ ਵਿਚ ਪੰਜਾਬੀ ਤੇ ਭਾਰਤੀ ਬਾਲੀਵੁੱਡ ਗਾਣਿਆਂ ਤੇ ਸੰਸਥਾ ਵਿਚ ਆਉਣ ਵਾਲੇ ਬੱਚਿਆਂ, ਅਮਰੀਨ ਤੇ ਮਾਲਿਆ ਵੱਲੋਂ ਡਾਂਸ ਪੇਸ਼ ਕੀਤਾ ਗਿਆ ਜੋ ਕਿ ਜਰਮਨ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ। ਇਹ ਸਮਾਜ ਸੇਵੀ ਸੰਸਥਾ 'ਸ਼ਕਤੀ' ਸਮੇਂ-ਸਮੇਂ ਤੇ ਜਰਮਨ ਸਮਾਜ ਵਿਚ ਆਪਣੇ ਸਮਾਜੀ ਕੰਮਾਂ ਵਿਚ ਹਿੱਸਾ ਪਾ ਕੇ ਭਾਰਤੀ ਸਮਾਜ ਦਾ ਨਾਂ ਉੱਚਾ ਕਰ ਰਹੀ ਹੈ। ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਯੂਰਪ, ਜਰਮਨ ਦੇ ਪ੍ਰਧਾਨ ਸੋਹਣ ਲਾਲ ਸਾਂਪਲਾ ਇਸ ਸ਼ਲਾਘਾਯੋਗ ਕੰਮ ਲਈ ਸਾਰੀ ਟੀਮ ਨੂੰ ਵਧਾਈ ਦਿੰਦੇ ਹਨ। ਟੀਮ ਦੇ ਉਚੇਚੇ ਮੈਂਬਰ, ਬਿੰਦਰ ਸਾਂਪਲਾ, ਸਰਵਨਿਮਾ ਸ਼ਰਨ, ਰੁਪਿੰਦਰ ਕੌਰ, ਰੂਪਸੀ ਗਰੋਵਰ, ਪੁਨੀਤ ਪਰਮਾਰ ਤੇ ਮਾਇਆ ਬੈਂਸ ਵਧਾਈ ਦੇ ਪਾਤਰ ਹਨ।

# ਵੱਧ ਰਹੀ, ਪੰਜਾਬੀ ਲਿਖਾਰੀ ਸਭਾ ਕੁਰਾਲੀ (ਰਜਿ:) ਦੀ ਮਹੀਨਾ ਵਾਰ ਇਕੱਤਰਤਾ

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)–** ਬੀਤੇ ਦਿਨ ਪੰਜਾਬੀ ਲਿਖਾਰੀ ਸਭਾ ਕੁਰਾਲੀ (ਰਜਿ:) ਦੀ ਮਹੀਨਾ ਵਾਰ ਇਕੱਤਰਤਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ ਵਿਖੇ ਹੋਈ। ਜਿਸ ਵਿਚ ਧੰਨ ਧੰਨ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਦਿਵਸ ਨੂੰ ਮੁੱਖ ਰੱਖਕੇ ਗੁਰੂ ਸਾਹਿਬ ਜੀ ਦੀ ਮਨੁੱਖਤਾ ਨੂੰ ਦੇਣ ਨੂੰ ਯਾਦ ਕੀਤਾ ਗਿਆ। ਸਾਹਿਤਕਾਰਾਂ ਨੇ ਆਪੋ-ਆਪਣੀਆਂ ਰਚਨਾਵਾਂ ਰਾਹੀਂ ਮਨੋਹਰ ਵਾਤਾਵਰਨ ਸਿਰਜਿਆ। ਸਭਾ ਦੇ ਖਜ਼ਾਨਚੀ ਸੀਤਲ ਸਿੰਘ ਸਹੌੜਾਂ ਨੇ ਆਪਣੀ ਗ਼ਜ਼ਲ 'ਸਿਆਸਤ' ਰਾਹੀਂ ਫਿਰਕਾਪ੍ਰਸਤੀ ਤੇ ਭ੍ਰਿਸ਼ਟਾਚਾਰ ਨੂੰ ਲੋਕਤੰਤਰ ਲਈ ਖਤਰਾ ਦੱਸਿਆ। ਸਭਾ ਦੇ ਸਾਬਕਾ ਪ੍ਰਧਾਨ ਕੁਲਵੰਤ ਸਿੰਘ ਮਾਵੀ ਨੇ ਆਪਣੇ ਸੁਰੀਲੇ ਗੀਤ 'ਰਾਤ ਚਾਨਣੀ' ਨਾਲ ਚੰਗਾ ਰੰਗ ਬੰਨ੍ਹਿਆ। ਸਭਾ ਦੇ ਸਕੱਤਰ ਐਸ ਡੀ ਓ ਗੁਰਨਾਮ ਸਿੰਘ ਖਾਨਪੁਰ ਨੇ ਮਨੁੱਖੀ ਰਿਸ਼ਤਿਆਂ ਵਿੱਚ ਸੁਹਿਰਦਤਾ 'ਤੇ ਜ਼ੋਰ ਦਿੱਤਾ। ਉਹਨਾਂ ਨੇ ਕੋਟਲਾ ਨਿਹੰਗ ਖਾਨ ਦੇ ਇਤਿਹਾਸਕ ਕਿਲ੍ਹੇ ਵਾਰੇ ਵੀ ਜਾਣਕਾਰੀ ਦਿੱਤੀ।




ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਭਿੰਦਰ ਸਿੰਘ ਭਾਗੋਮਾਜਰਾ ਨੇ ਦੱਸਿਆ ਕਿ ਨਿੱਕੀ ਬੱਚੀ ਜਪਲੀਨ ਕੌਰ ਨੇ ਗੀਤ ਰਾਹੀਂ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ। ਪਰਮਿੰਦਰ ਸਿੰਘ ਪ੍ਰੇਮ ਨੇ 'ਹੰਝੂ' ਕਵਿਤਾ ਰਾਹੀਂ ਨਸ਼ਾ-ਮੁਕਤ ਸਮਾਜ ਦੀ ਅਭਿਲਾਸ਼ਾ ਕੀਤੀ। ਗ਼ਜ਼ਲਗੋ ਸੁਰਜੀਤ ਸਿੰਘ ਜੀਤ ਨੇ 'ਅੰਤਰ-ਝਾਤ' ਗ਼ਜ਼ਲ ਰਾਹੀਂ ਤਰੰਗਾਂ ਛੇੜ ਕੇ ਚੰਗੀ ਵਾਹ ਵਾਹ ਖੱਟੀ। ਕੁਲਵਿੰਦਰ ਖੈਰਾਬਾਦੀ ਨੇ ਗੀਤ ਗਾ ਕੇ ਮਾਂ ਦੇ ਬੇਵਕਤ ਵਿਛੋੜੇ ਦਾ ਅਹਿਸਾਸ ਕਰਵਾਇਆ। ਡਾ. ਸੁਰਿੰਦਰ ਕੌਰ ਭੋਗਲ ਚਿੰਗਾਰੀ ਨੇ 'ਪਿਆਰ' ਗੀਤ ਰਾਹੀਂ ਮਾਂ ਬੇਟੀ ਦੇ ਰਿਸ਼ਤੇ ਦੀ ਵੇਦਨਾ ਜਗਾਈ। ਮੈਡਮ ਅਮਰਜੀਤ ਕੌਰ ਨੇ 'ਫੁੱਲ ਕਮਲ ਤੋਂ ਚਿੱਟੀ ਬਾਬਲੇ ਦੀ ਪੱਗ' ਰਾਹੀਂ ਮਰਿਯਾਦਾ ਦਾ ਮਹੱਤਵ ਰੂਪਮਾਨ ਕੀਤਾ। ਐਸ ਡੀ ਓ ਗੁਰਨਾਮ ਸਿੰਘ ਬਿਜਲੀ ਨੇ ਫੌਜੀ ਵੀਰਾਂ ਦੀ ਕੀਰਤੀ ਨੂੰ ਸਲਾਮ ਕੀਤਾ। ਡਾ. ਰਾਜਿੰਦਰ ਸਿੰਘ ਕੁਰਾਲੀ ਨੇ ਗੁਰੂ ਤੇਗ ਬਹਾਦਰ ਜੀ ਵੱਲੋਂ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਮਹਾਨ ਸ਼ਹਾਦਤ ਦੀ ਪ੍ਰਸੰਗਿਕਤਾ ਨੂੰ ਲੋਕਤੰਤਰ ਨੂੰ ਦਰਪੇਸ਼ ਚਣੌਤੀਆਂ ਨਾਲ ਜੋੜ ਕੇ ਉਜਾਗਰ ਕੀਤਾ। ਸਭਾ ਦੇ ਪ੍ਰਧਾਨ ਹਰਦੀਪ ਸਿੰਘ ਗਿੱਲ ਨੇ ਆਪਣੇ ਗੀਤ ਰਾਹੀਂ ਉਪਭੋਗਤਾਵਾਦੀ ਖਰਚੀਲੀ ਜੀਵਨ ਸ਼ੈਲੀ 'ਤੇ ਵਿਅੰਗ ਦੇ ਤੀਰ ਚਲਾਏ ਅਤੇ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਮੰਚ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਡਾ. ਰਾਜਿੰਦਰ ਸਿੰਘ ਕੁਰਾਲੀ ਨੇ ਕੁਸ਼ਲਤਾ ਪੂਰਵਕ ਕੀਤਾ।

# ਡਾ. ਭੀਮ ਰਾਓ ਅੰਬੇਡਕਰ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ ਬਾਠ ਵੱਲੋਂ ਡਾ.ਅੰਬੇਡਕਰ ਦਾ ਜਨਮ ਦਿਨ ਮਨਾਇਆ



**ਮਹਿਤਪੁਰ–** ਡਾ. ਭੀਮ ਰਾਓ ਅੰਬੇਡਕਰ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਬਾਠ ਕਲਾਂ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਮੁੱਖ ਮਹਿਮਾਨ ਵਜੋਂ ਪਹੁੰਚੇ। ਉਨ੍ਹਾਂ ਨਾਲ ਗੁਰਮੇਲ ਚੁੰਬਰ, ਦੇਵ ਰਾਜ, ਕਸ਼ਮੀਰ ਲਾਲ ਸਰਪੰਚ ਸੰਘੇ ਜਗੀਰ, ਜਗਦੀਸ਼ ਸ਼ੇਰ ਪੁਰੀ, ਹੰਸ ਰਾਜ, ਨਰਿੰਦਰ ਭੰਡਾਲ ਵੀ ਉਚੇਚੇ ਤੌਰ 'ਤੇ ਪਹੁੰਚੇ। ਬੁਲਾਰਿਆਂ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਬਾਰੇ ਜਾਣੂ ਕਰਵਾਇਆ ਅਤੇ ਮਿਸ਼ਨਰੀ ਸਿਗੰਰਾ ਜੀਵਨ ਮੈਹਿਮੀ, ਸਤਿਅਮ ਬੋਧ ਤੇ ਐੱਸਐੱਸ ਆਜ਼ਾਦ ਨੇ ਬਾਬਾ ਸਾਹਿਬ ਦੇ ਸੰਘਰਸ਼ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਬੱਚਿਆਂ ਦੇ ਵੀ ਪ੍ਰੋਗਰਾਮ ਕਰਵਾਏ ਗਏ। ਬਾਠ ਕਲਾ, ਮੁਹੇਮ, ਹਰੀਪੁਰ ਸਕੂਲ ਦੇ ਪਹਿਲੇ, ਦੂਜੇ, ਤੀਸਰੇ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਸਨਮਾਨਿਤ ਕੀਤਾ ਗਿਆ। ਰਾਤ ਦੇ ਸਮੇਂ ਪ੍ਰਤੀ ਕਲਾ ਕੇਂਦਰ ਲਾਦੜਾ ਵੱਲੋਂ ਬਾਬਾ ਸਾਹਿਬ ਦੇ ਸੰਘਰਸ਼ ਅਤੇ ਸਮਾਜ ਵਿਚ ਹੋ ਰਹੇ ਭੇਦਭਾਵ 'ਤੇ ਨਾਟਕ ਵੀ ਕਰਵਾਏ ਗਏ।

ਅੰਤ ਵਿਚ ਬੱਬੂ ਬਾਠ ਵੱਲੋਂ ਐੱਨਆਰਆਈ ਗ੍ਰਾਮ ਪੰਚਾਇਤ ਤੇ ਆਈ ਸੰਗਤ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਅਸ਼ੋਕ ਲਾਲੀ, ਸਾਹਿਲ, ਯੋਗੇਸ਼, ਪਰਮਜੀਤ, ਗੌਰਵ, ਡਾ. ਵਿੱਕੀ, ਸਰਪੰਚ ਕੁਲਵਿੰਦਰ ਕੁਮਾਰ, ਪੰਚ ਸੁਖਵਿੰਦਰ ਕੌਰ, ਹਰਮੇਸ਼ ਕੌਰ ਪੰਚ ਦੇਵ ਰਾਜ, ਪੰਚ ਰਾਮ ਰਤਨ, ਬਲਵੀਰ ਮੰਡ, ਸੰਦੀਪ ਆਵਦੀ, ਵਿਜੈ ਮਾਡਸ, ਜਗਦੀਸ਼ ਕਲੇਰ ਤੇ ਰਵੀ ਮਹਿਰਾ ਆਦਿ ਹਾਜ਼ਰ ਸਨ।

# ਸਿਡਨੀ ’ਚ ਵਿਸ਼ਵ ਜੰਗਾਂ ਦੇ ਸਿੱਖ ਫ਼ੌਜੀਆਂ ਦੀ ਸ਼ਹਾਦਤ ਨੂੰ ਸਿਜਦਾ



**ਸਿਡਨੀ–** ਆਸਟਰੇਲੀਆ ਭਰ ਵਿੱਚ ਪਹਿਲੀ ਤੇ ਦੂਜੀ ਵਿਸ਼ਵ ਜੰਗ ਦੌਰਾਨ ਸ਼ਹੀਦ ਹੋਏ ਫ਼ੌਜੀਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਦੌਰਾਨ ਸਿਡਨੀ ਪਰੇਡ ਵਿੱਚ ਸਾਬਕਾ ਸਿੱਖ ਫ਼ੌਜੀਆਂ ਤੇ ਉਨ੍ਹਾਂ ਦੇ ਵਾਰਿਸਾਂ ਨੇ ਸ਼ਮੂਲੀਅਤ ਕੀਤੀ। ਜ਼ਿਕਰਯੋਗ ਹੈ ਕਿ ਆਸਟਰੇਲੀਆ ਤੇ ਨਿਊਜ਼ੀਲੈਂਡ ਦੇਸ਼ਾਂ ਦੀਆਂ ਸਾਂਝੀਆਂ ਫ਼ੌਜਾਂ ਦਾ ਗੱਲੀਪੋਲੀ ਵਿੱਚ ਜੰਗ ਦੌਰਾਨ ਵੱਡਾ ਜਾਨੀ ਨੁਕਸਾਨ ਹੋਇਆ ਸੀ। ਬਰਤਾਨਵੀ ਫ਼ੌਜ ਦੀ ਅਗਵਾਈ ਹੇਠ ਭਾਰਤੀ ਫ਼ੌਜ ਜਿਸ ਵਿੱਚ ਇੱਕ ਵੱਡਾ ਹਿੱਸਾ ਸਿੱਖ ਫ਼ੌਜੀਆਂ ਦਾ ਵੀ ਸੀ, ਨੇ ਇਸ ਜੰਗ ਵਿੱਚ ਵੱਡਾ ਜੰਗਜੂ ਰੋਲ ਨਿਭਾਇਆ ਸੀ। ਸਿਡਨੀ ਵਿੱਚ ਵਿਸ਼ਵ ਜੰਗ ਪਹਿਲੀ ਤੇ ਦੂਜੀ ’ਚ ਸ਼ਹੀਦ ਹੋਣ ਵਾਲੇ ਸਿੱਖ ਫ਼ੌਜੀਆਂ ਦੀ ਸ਼ਹਾਦਤ ਤੇ ਕੁਰਬਾਨੀ ਨੂੰ ਸਿਜਦਾ ਕੀਤਾ ਗਿਆ।

ਨੈਸ਼ਨਲ ਸਿੱਖ ਕੌਂਸਲ ਆਫ਼ ਆਸਟਰੇਲੀਆ ਦੇ ਜਨਰਲ ਸੈਕਟਰੀ ਬਾਵਾ ਸਿੰਘ ਜਗਦੇਵ ਨੇ ਕਿਹਾ ਕਿ ਵਿਸ਼ਵ ਜੰਗਾਂ ਵਿੱਚ ਸਿੱਖ ਫ਼ੌਜੀਆਂ ਦੇ ਸ਼ਾਨਾਮੱਤੇ ਯੋਗਦਾਨ ਨੂੰ ਯਾਦ ਕੀਤੇ ਬਿਨਾ ਗੱਲੀਪੋਲੀ ਦਾ ਇਤਿਹਾਸ ਅਧੂਰਾ ਹੈ। ਭਾਰਤ ਦੀ ਕੁੱਲ ਅਬਾਦੀ ਵਿੱਚ 2 ਫੀਸਦ ਹਿੱਸੇਦਾਰੀ ਵਾਲੇ ਸਿੱਖ, ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ 22 ਫੀਸਦ ਸਨ। ਦੋਹਾਂ ਵਿਸ਼ਵ ਜੰਗਾਂ ਵਿੱਚ ਸਿੱਖ ਰੈਜੀਮੈਂਟਾਂ ਦੀ ਲਾਸਾਨੀ ਬਹਾਦਰੀ ਤੇ ਸ਼ਹਾਦਤ ਜ਼ਿਕਰਯੋਗ ਹੈ। ਕਰੀਬ 83,005 ਪਗੜੀਧਾਰੀ ਸਿੱਖ ਲੜਦੇ ਹੋਏ ਸ਼ਹੀਦ ਹੋਏ ਅਤੇ 1,09,045 ਗੰਭੀਰ ਜ਼ਖ਼ਮੀ ਹੋਏ ਸਨ। ਬ੍ਰਿਟਿਸ਼ ਆਰਮੀ ਦਾ ਸਭ ਤੋ ਵੱਡਾ ਸੈਨਿਕ ਐਵਾਰਡ ‘ਵਿਕਟੋਰੀਆ ਕਰਾਸ’ 14 ਸਿੱਖ ਫੌਜੀਆਂ ਨੂੰ ਪ੍ਰਾਪਤ ਹੋਇਆ। ਇਹ ਸਿੱਖ ਫ਼ੌਜੀਆਂ ਦੀ ਦਲੇਰੀ ਤੇ ਕੁਰਬਾਨੀ ਨੂੰ ਸੁਨੇਹਰੀ ਅੱਖਰ ਦਿੰਦਾ ਹੈ।

ਉਨ੍ਹਾਂ ਕਿਹਾ ਕਿ ਕੌਂਸਲ ਸਾਲ 2010 ਤੋਂ ਸਿਡਨੀ ਪਰੇਡ ਵਿੱਚ ਹਿੱਸਾ ਲੈਂਦੀ ਆ ਰਹੀ ਹੈ। ਪਰੇਡ ਵਿੱਚ ਸਾਬਕਾ ਸਿੱਖ ਫੌਜੀ ਤੇ ਉਨ੍ਹਾਂ ਦੇ ਵਾਰਿਸ ਆਪਣੇ ਪਿਛੋਕੜ, ਪਛਾਣ ਤੇ ਭਾਰਤੀ ਫੌਜੀ ਡਰੈੱਸ ਕੋਡ ਨੂੰ ਪਹਿਨ ਕਿ ਮਾਣ ਮਹਿਸੂਸ ਕਰਦੇ ਹੋਏ ਸ਼ਾਮਲ ਹੋਏ। ਉਨ੍ਹਾਂ ਬੜੇ ਅਨੁਸ਼ਾਸਨ ਦਾ ਸਬੂਤ ਦਿੱਤਾ।

# ਸੈਨਹੋਜੇ ਵਿਚੋਂ ਅਗਵਾ ਕੀਤੀ 3 ਮਹੀਨਿਆਂ ਦੀ ਬੱਚੀ ਪੁਲਿਸ ਨੇ ਕੀਤੀ ਬਰਾਮਦ, 3 ਗ੍ਰਿਫਤਾਰ





**ਸੈਕਰਾਮੈਂਟੋ 27 ਅਪ੍ਰੈਲ (ਹੁਸਨ ਲੜੋਆ ਬੰਗਾ)–** ਪੁਲਿਸ ਨੇ ਸੈਨਹੋਜੇ, ਕੈਲੀਫੋਰਨੀਆ ਵਿਚੋਂ ਅਗਵਾ ਕੀਤੀ 3 ਮਹੀਨੇ ਦੀ ਬੱਚੀ ਨੂੰ ਬਰਾਮਦ ਕਰਕੇ 3 ਵਿਅਕਤੀਆਂ ਨੂੰ ਹਿਰਾਸਤ ਵਿਚ ਲਿ ਆ ਹੈ। ਬੱਚੀ ਦਾ ਨਾਂ ਬਰੈਂਡਨ ਕਿਊਲਾਰ ਹੈ। ਘਟਨਾ ਸਮੇ ਘਰ ਵਿਚ ਬੱਚੀ ਦੀ ਦਾਦੀ ਮੌਜੂਦ ਸੀ ਤੇ ਉਸ ਦੀ ਮਾਂ ਕੰਮ 'ਤੇ ਗਈ ਹੋਈ ਸੀ। ਦਾਦੀ ਘਰ ਵਿਚੋਂ ਬਾਹਰ ਗਰੌਸਰੀ ਲੈਣ ਲਈ ਆਈ ਤਾਂ ਇਕ ਵਿਅਕਤੀ ਨੇ ਘਰ ਵਿਚ ਦਾਖਲ ਹੋ ਕੇ ਬੱਚੀ ਨੂੰ ਅਗਵਾ ਕਰ ਲਿਆ। ਪੁਲਿਸ ਵੱਲੋਂ ਜਾਰੀ ਤਸਵੀਰ ਵਿਚ ਇਕ ਵਿਅਕਤੀ ਕੁਝ ਛੁਪਾ ਕੇ ਲਿਜਾ ਰਿਹਾ ਨਜਰ ਆ ਰਿਹਾ ਹੈ ਜਿਸ ਬਾਰੇ ਸ਼ੱਕ ਹੈ ਕਿ ਇਹ ਹੀ ਅਸਲ ਅਗਵਾਕਾਰ ਹੈ। ਪੁਲਿਸ ਨੇ ਇਹ ਨਹੀਂ ਦੱਸਿਆ ਕਿ ਗ੍ਰਿਫਤਾਰ ਸ਼ੱਕੀ ਵਿਅਕਤੀਆਂ ਵਿਚ ਇਹ ਵਿਅਕਤੀ ਸ਼ਾਮਿਲ ਹੈ ਜਾਂ ਨਹੀਂ।

# ਇੰਡੀਆਨਾਪੋਲਿਸ ਵਿਚ ਪੁਲਿਸ ਅਫਸਰ ਹੱਥੋਂ ਇਕ ਵਿਅਕਤੀ ਦੀ ਮੌਤ

**ਸੈਕਰਾਮੈਂਟੋ 27 ਅਪ੍ਰੈਲ (ਹੁਸਨ ਲੜੋਆ ਬੰਗਾ)–** ਇੰਡਿਆਨਾਪੋਲਿਸ ਵਿਚ ਇਕ ਘਰੇਲੂ ਝਗੜੇ ਦੇ ਮਾਮਲੇ ਵਿਚ ਮੌਕੇ 'ਤੇ ਪੁੱਜੀ ਪੁਲਿਸ ਵੱਲੋਂ ਇਕ ਵਿਅਕਤੀ 'ਤੇ ਕਾਬੂ ਪਾਉਣ ਲਈ ਟੇਜ਼ਰ ਦੀ ਵਰਤੋਂ ਕੀਤੀ ਗਈ ਜਿਸ ਉਪੰਰਤ ਉਸ ਦੀ ਮੌਤ ਹੋ ਗਈ। ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਸੂਚਨਾ ਮਿਲਣ 'ਤੇ ਬੀਤੀ ਰਾਤ ਤੜਕਸਾਰ 3।20 ਵਜੇ ਪੁਲਿਸ ਮੌਕੇ ਉਪਰ ਪੁੱਜੀ ਤਾਂ ਉਸ ਦਾ ਇਕ ਮਰਦ ਤੇ ਉਸ ਦੇ ਮਾਪਿਆਂ ਨਾਲ ਸਾਹਮਣਾ ਹੋਇਆ। ਪਿਤਾ ਨੇ ਦੱਸਿਆ ਕਿ ਉਸ ਦੇ ਪੁੱਤਰ ਨੂੰ ਪਾਗਲਪਣ ਦਾ ਦੌਰਾ ਪੈਂਦਾ ਹੈ ਜੋ ਉਸ ਸਮੇ ਨਿਰਵਸਤਰ ਘੁੰਮ ਰਿਹਾ ਸੀ ਤੇ ਉਸ ਦੇ ਮੂੰਹ ਵਿਚੋਂ ਖੂਨ ਨਿਕਲ ਰਿਹਾ ਸੀ। ਪੁਲਿਸ ਨੇ ਉਸ ਨਾਲ ਤਕਰੀਬਨ 10 ਮਿੰਟ ਗੱਲਬਾਤ ਕੀਤੀ ਤੇ ਉਸ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਪਰ ਉਹ ਅਚਾਨਕ ਇਕ ਪੁਲਿਸ ਅਫਸਰ ਵੱਲ ਵਧਿਆ ਜਿਸ 'ਤੇ ਪੁਲਿਸ ਅਫਸਰ ਨੇ ਟੇਜ਼ਰ ਦਾਗ ਦਿੱਤਾ ਜੋ ਉਸ ਦੀ ਛਾਤੀ ਵਿਚ ਵੱਜਾ। ਉਪਰੰਤ ਉਸ ਨੂੰ ਕਾਬੂ ਕਰ ਲਿਆ ਗਿਆ।

ਮੌਕੇ ਉਪਰ ਮੈਡੀਕਲ ਸਟਾਫ ਵੀ ਪੁੱਜਾ ਤੇ ਉਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਟੇਜ਼ਰ ਦੀ ਵਰਤੋਂ ਕਰਨ ਵਾਲੇ ਪੁਲਿਸ ਅਫਸਰ ਨੂੰ ਪ੍ਰਸ਼ਾਸਨਿਕ ਛੁੱਟੀ ਉਪਰ ਭੇਜ ਦਿੱਤਾ ਗਿਆ ਹੈ। ਪੁਲਿਸ ਨੇ ਮ੍ਰਿਤਕ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਹੈ ਤੇ ਨਾ ਹੀ ਕੈਮਰੇ ਵਿਚ ਕੈਦ ਘਟਨਾ ਦੇ ਦ੍ਰਿਸ਼ਾਂ ਨੂੰ ਜਨਤਿਕ ਕੀਤਾ ਹੈ। ਪੁਲਿਸ ਨੇ ਕਿਹਾ ਹੈ ਕਿ ਪੁਲਿਸ ਅਫਸਰ ਨੂੰ ਛੁੱਟੀ 'ਤੇ ਭੇਜਣਾ ਜਾਂਚ ਪ੍ਰਕ੍ਰਿਆ ਦਾ ਹਿੱਸਾ ਹੈ। ਘਟਨਾ ਦੀ ਅਪਰਾਧਿਕ ਨਜ਼ਰੀਏ ਤੋਂ ਜਾਂਚ ਕੀਤੀ ਜਾ ਰਹੀ ਹੈ ਤੇ ਪੁਲਿਸ ਅਫਸਰ ਵੱਲੋਂ ਵਰਤੀ ਗਈ ਸਖਤੀ ਦੀ ਘੋਖ ਕੀਤੀ ਜਾਵੇਗੀ।

# ਕਿਸਾਨ ਜਥੇਬੰਦੀਆਂ ਵੱਲੋਂ ਤੋਮਰ ਦਾ ਬਿਆਨ ਗੁਮਰਾਹਕੁਨ ਕਰਾਰ



**ਚੰਡੀਗੜ੍ਹ–** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਵੱਲੋਂ ਕਿਸਾਨਾਂ ਉੱਤੇ ਰਸਾਇਣਕ ਖੇਤੀ ਰਾਹੀਂ ਦੇਸ਼ਵਾਸੀਆਂ ਨੂੰ ਜ਼ਹਿਰੀਲੇ ਖਾਧ ਪਦਾਰਥ ਖੁਆਉਣ ਵਾਲੇ ਬਿਆਨ ਨੂੰ ਗੁਮਰਾਹਕੁਨ ਤੇ ਝੂਠਾ ਪ੍ਰਚਾਰ ਗਰਦਾਨਦੇ ਹੋਏ ਇਸ ਦੀ ਸਖ਼ਤ ਨਿੰਦਾ ਕੀਤੀ ਗਈ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ–ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਭਾਰਤੀ ਕਿਸਾਨ ਯੂਨੀਅਨ–ਏਕਤਾ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ, ਕਿਰਤੀ ਕਿਸਾਨ ਯੂਨੀਅਨ ਦੇ ਨਿਰਭੈ ਸਿੰਘ ਢੁੱਡੀਕੇ ਤੇ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਫੋਰਡ ਫਾਊਂਡੇਸਨ ਵੱਲੋਂ ਪ੍ਰਸਤਾਵਿਤ ਸੰਸਾਰ ਬੈਂਕ ਦਾ ਰਸਾਇਣਕ ਜ਼ਹਿਰਾਂ ਵਾਲਾ ਖੇਤੀ ਮਾਡਲ ‘ਹਰਾ ਇਨਕਲਾਬ’ ਤਾਂ ਬਦਲ ਬਦਲ ਕੇ ਆਈਆਂ ਸਰਕਾਰਾਂ ਵੱਲੋਂ ਹਰ ਕਿਸਮ ਦੀ ਵਿਭਿੰਨਤਾ ਵਾਲੀ ਕੁਦਰਤੀ ਖੇਤੀ ਕਰ ਰਹੇ ਦੇਸ਼ ਦੇ ਕਿਸਾਨਾਂ ਸਿਰ ਗਿਣੀ–ਮਿਥੀ ਸਕੀਮ ਰਾਹੀਂ ਮੜ੍ਹਿਆ ਗਿਆ ਸੀ। ਉਨ੍ਹਾਂ ਕਿਹਾ ਕਿ ਸ੍ਰੀ ਤੋਮਰ ਦਾ ਇਹ ਕਹਿਣਾ ਵੀ ਕੋਰਾ ਝੂਠ ਹੈ ਕਿ ਕਿਸਾਨ ਜ਼ਹਿਰ ਯੁਕਤ ਫ਼ਸਲ ਵੇਚ ਦਿੰਦੇ ਹਨ ਤੇ ਖ਼ੁਦ ਨਹੀਂ ਖਾਂਦੇ। ਕਿਸਾਨ ਆਗੂਆਂ ਨੇ ਕਿਹਾ ਕਿ ਦਹਾਕਿਆਂ ਬੱਧੀ ਜ਼ਹਿਰੀਲੇ ਰਸਾਇਣਾਂ ਨਾਲ ਭਰੀ ਗਈ ਮਿੱਟੀ ਤੇ ਪ੍ਰਦੂਸ਼ਿਤ ਪਾਣੀ ਨਾਲ ਜ਼ਹਿਰ–ਮੁਕਤ ਫ਼ਸਲ ਉਗਾਈ ਜਾਣੀ ਸੰਭਵ ਹੀ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਜਿਹੇ ਝੂਠੇ ਬਿਆਨਾਂ ਰਾਹੀਂ ਕੇਂਦਰੀ ਭਾਜਪਾ ਸਰਕਾਰ ਆਪਣੇ ਕਿਸਾਨ ਵਿਰੋਧੀ ਫ਼ੈਸਲਿਆਂ ਨੂੰ ਜਾਇਜ਼ ਠਹਿਰਾਉਣਾ ਚਾਹੁੰਦੀ ਹੈ। ਕਿਸਾਨ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਕਿਸਾਨਾਂ ਵਿਰੁੱਧ ਅਜਿਹੀ ਬਿਆਨਬਾਜ਼ੀ ਬੰਦ ਨਾ ਕੀਤੀ ਗਈ ਤਾਂ ਅੰਦੋਲਨ ਵਿੱਢਿਆ ਜਾਵੇਗਾ।

# ਭਾਰਤ ’ਚ ਕਰੋਨਾ ਦੇ 2483 ਨਵੇਂ ਮਾਮਲੇ: ਅਸਾਮ ’ਚ 1347 ਤੇ ਪੰਜਾਬ ’ਚ 4 ਮੌਤਾਂ



**ਨਵੀਂ ਦਿੱਲੀ–** ਭਾਰਤ ਵਿੱਚ ਇੱਕ ਦਿਨ ਵਿੱਚ ਕੋਵਿਡ–19 ਦੇ 2,483 ਨਵੇਂ ਮਾਮਲੇ ਸਾਹਮਣੇ ਆਉਣ ਨਾਲ ਦੇਸ਼ ਵਿੱਚ ਹੁਣ ਤੱਕ ਕਰੋਨਾ ਮਾਮਲਿਆਂ ਦੀ ਗਿਣਤੀ ਵੱਧ ਕੇ 4,30,62,569 ਹੋ ਗਈ ਹੈ।

ਅੱਜ ਸਵੇਰੇ 8 ਵਜੇ ਕੇਂਦਰੀ ਸਿਹਤ ਮੰਤਰਾਲੇ ਵੱਲੋਂ ਜਾਰੀ ਅਨੁਸਾਰ ਪਿਛਲੇ 24 ਘੰਟਿਆਂ ਵਿੱਚ ਦੇਸ਼ ਵਿੱਚ ਵਾਇਰਸ ਕਾਰਨ ਮੌਤ ਦੇ 1399 ਮਾਮਲੇ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ ਅਸਾਮ ’ਚ 1347 ਅਤੇ ਕੇਰਲ ’ਚ 47 ਤੋਂ ਇਲਾਵਾ ਪੰਜਾਬ ਵਿੱਚ ਚਾਰ ਮੌਤਾਂ ਅਤੇ ਦਿੱਲੀ ਵਿੱਚ ਇੱਕ ਮੌਤ ਹੋਈ ਹੈ।

# ਮੁੱਖ ਗਤੀਵਿਧੀਆਂ:

**1. 'ਸਾਡੇ ਰੁੱਖ ਸਾਡਾ ਜੀਵਨ' :**

ਇਸ ਮੁਹਿੰਮ ਤਹਿਤ 25000 ਤੋਂ ਵੱਧ ਪੌਦੇ ਲਗਾਏ।ਨਵਾਂਸ਼ਹਿਰ 'ਚ ਇਹ ਪਹਿਲੀ ਵਾਰ ਹੋਇਆ ਕਿ ਇਕ ਟੈਲੀਫੋਨ ਕਾਲ 'ਤੇ ਪੌਦੇ ਉਪਲਬਧ ਕਰਵਾਏ ਗਏ। ਪੌਦਿਆਂ ਦੀ ਗਿਣਤੀ ਕਰਵਾਉਣ ਤੇ ਕਟਾਈ ਰੋਕਣ ਲਈ ਪੰਜਾਬ ਸਰਕਾਰ ਤੋਂ ਮੰਗ ਕੀਤੀ।

**2. 'ਪੜ੍ਹਦਾ ਪੰਜਾਬ' :**

ਇਸ ਮੁਹਿੰਮ ਤਹਿਤ 100 ਸਰਕਾਰੀ ਸਕੂਲਾਂ ਵਿੱਚ 1-1 ਅਧਿਆਪਕ ਨਿਯੁਕਤ ਕਰਨ ਦਾ ਵਾਅਦਾ ਕੀਤਾ ਤੇ ਨਿਭਾਇਆ ਵੀ ਜਾ ਰਿਹਾ।ਹੁਣ ਤੱਕ 70 ਦੇ ਕਰੀਬ ਅਧਿਆਪਕ ਨਿਯੁਕਤ ਕੀਤੇ ਜਾ ਚੁੱਕੇ ਹਨ ਜਿਹਨਾਂ ਨੂੰ ਮਾਣ ਭੱਤਾ ਆਪਣੀ ਆਮਦਨ ਵਿਚੋਂ ਦਿੱਤਾ ਜਾਂਦਾ ਹੈ। ਨਵਾਂਸ਼ਹਿਰ ਇਲਾਕੇ ਵਿੱਚ ਇਕ ਸਕੂਲ ਵਧੀਆ ਨਿੱਜੀ ਸਕੂਲਾਂ ਦੇ ਪੱਧਰ ਦਾ ਬਣਾਇਆ ਹੈ ਜਿਸ ਵਿੱਚ 100 ਦੇ ਕਰੀਬ ਬੱਚੇ ਬਿਲਕੁਲ ਮੁਫਤ ਵਧੀਆ ਪ੍ਰਾਈਵੇਟ ਸਕੂਲਾਂ ਦੇ ਪੱਧਰ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਹਰ ਪਿੰਡ ਵਿੱਚ ਲਾਇਬ੍ਰੇਰੀ ਖੋਲ੍ਹਣ ਲਈ ਪ੍ਰਸ਼ਾਸਨ ਅਤੇ ਪੰਚਾਇਤਾਂ ਨੂੰ ਪੇਸ਼ਕਸ਼ ਕੀਤੀ ਗਈ ਹੈ। ਮੁੱਖ ਮੰਤਰੀ ਦਫਤਰ ਨੇ 'ਨਰੋਆ ਪੰਜਾਬ' ਦਾ ਪ੍ਰਪੋਜ਼ਲ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਅਗਲੇਰੀ ਕਾਰਵਾਈ ਲਈ ਭੇਜ ਦਿੱਤਾ ਹੈ।ਕੁਝ ਪਿੰਡਾਂ ਵਲੋਂ ਮਤੇ ਪਾਏ ਜਾ ਰਹੇ ਹਨ ਜਿਥੇ ਜਲਦੀ ਹੀ ਲਾਇਬ੍ਰੇਰੀਆਂ ਖੋਲ੍ਹ ਦਿੱਤੀਆਂ ਜਾਣਗੀਆਂ।

**3. ਨਿਸ਼ਕਾਮ ਸੇਵਾ ਦੀ ਬੇਮਿਸਾਲ ਉਦਾਹਰਨ :**

ਕੋਰੋਨਾ ਦੇ ਦੌਰ ਵਿੱਚ ਬੰਦ ਹੋਣ ਕਿਨਾਰੇ ਪਹੁੰਚਿਆ ਜ਼ਿਲ੍ਹਾ ਰੈੱਡ ਕਰਾਸ ਵਲੋਂ ਚਲਾਇਆ ਜਾਂਦਾ 'ਸ਼ਪੈਸ਼ਲ ਬੱਚਿਆਂ ਲਈ ਸਕੂਲ' ਦੀ ਹਰ ਸੇਵਾ ਆਪਣੇ ਜ਼ਿੰਮੇ ਲਈ ਹੈ, ਇਸ ਸਕੂਲ ਦੇ ਬੱਚੇ ਤੇ ਸਟਾਫ ਬਰਜਿੰਦਰ ਸਿੰਘ ਹੁਸੈਨਪੁਰ ਨੂੰ ਇੱਕ ਮਸੀਹਾ ਮੰਨਦੇ ਹਨ। ਹੁਸੈਨਪੁਰ ਵਿਖੇ ਵਧੀਆ ਨਿੱਜੀ ਸਕੂਲਾਂ ਦੇ ਪੱਧਰ ਦਾ ਸਕੂਲ, ਜਿਥੇ ਬੱਚੇ ਬਿਲਕੁਲ ਮੁਫਤ ਪੜ੍ਹਾਈ ਕਰ ਰਹੇ ਹਨ। ਦੋਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਨਾਲ ਸਾਂਝੇ ਤੌਰ 'ਤੇ 3 ਦਸੰਬਰ ਨੂੰ ਵਿਸ਼ਵ ਅਪੰਗਤਾ ਦਿਵਸ 'ਤੇ ਅਜਿਹੇ ਬੱਚਿਆਂ ਦੀਆਂ ਖੇਡਾਂ ਕਰਵਾਈਆਂ। 15 ਦੇ ਕਰੀਬ ਮੈਡੀਕਲ ਕੈਂਪ ਵੱਖ ਵੱਖ ਸਥਾਨਕ ਸੰਸਥਾਵਾਂ ਦੇ ਸਹਿਯੋਗ ਨਾਲ ਲਗਾਏ ਜਾ ਚੁੱਕੇ ਹਨ। ਵੱਖ ਵੱਖ ਬਿਮਾਰੀਆਂ ਦੇ ਕਾਰਨ ਹਸਪਤਾਲਾਂ ਅਤੇ ਬਲੱਡ ਬੈਂਕਾਂ ਵਿੱਚ ਖੂਨ ਦੀ ਘਾਟ ਨੂੰ ਦੇਖਦਿਆਂ ਇਕ 12 ਦਿਨਾ ਖੂਨਦਾਨ ਕੈਂਪ ਬਲੱਡ ਬੈਂਕ ਨਵਾਂਸ਼ਹਿਰ ਵਿਖੇ ਲਗਾਇਆ ਗਿਆ।

**4. ਸਮਾਜਿਕ ਨਿਆਂ ਤੇ ਨਾਗਰਿਕਾਂ ਨੂੰ ਸੁਣਵਾਈ ਦਾ**



**ਅਧਿਕਾਰ ਦਿਵਾਉਣ ਦੀ ਮੰਗ :**

ਪੰਜਾਬ ਵਿੱਚ ਪਹਿਲੀ ਵਾਰ ਸਾਰੇ ਪਿੰਡਾਂ ਵਿੱਚ ਸਥਾਈ ਕਮੇਟੀਆਂ ਦੇ ਗਠਨ ਦੀ ਮੰਗ ਕੀਤੀ ਗਈ। ਇਹਨਾਂ ਸਥਾਈ ਕਮੇਟੀਆਂ ਵਿੱਚ ਪਛੜੇ ਵਰਗਾਂ ਲਈ ਨੁਮਾਇੰਦਗੀ ਅਤੇ ਹੋਰ ਲੋਕਾਂ ਲਈ ਨਿਆਂ ਦੇਣ ਦੀ ਵਿਵਸਥਾ ਹੈ। ਹਰੇਕ ਨਾਗਰਿਕ ਨੂੰ ਨਿਆਂ ਦੇਣ ਲਈ 'ਸੁਣਵਾਈ ਦਾ ਅਧਿਕਾਰ ਕਨੂੰਨ' ਬਣਾਉਣ ਲਈ ਮੁਹਿੰਮ ਸ਼ੁਰੂ ਕੀਤੀ ਗਈ ਹੈ।ਇਹ ਕਨੂੰਨ ਬਣਾਉਣ ਦੀ ਮੰਗ ਪੰਜਾਬ ਵਿੱਚ ਪਹਿਲੀ ਵਾਰ ਸ. ਬਰਜਿੰਦਰ ਸਿੰਘ ਹੁਸੈਨਪੁਰ ਦੀ ਅਗਵਾਈ ਵਿੱਚ ਕੀਤੀ ਗਈ।ਇਸ ਸਬੰਧੀ ਟੀਮ 'ਨਰੋਆ ਪੰਜਾਬ' ਵਲੋਂ ਕਨੂੰਨੀ ਚਾਰਾਜੋਈ ਵੀ ਕੀਤੀ ਜਾ ਰਹੀ ਹੈ।

**5. 'ਉਡਦਾ ਪੰਜਾਬ' :**

ਪੰਜਾਬ ਦੇ ਨੌਜਵਾਨਾਂ ਦੇ ਮੱਥੇ ਲੱਗਿਆ ਨਸ਼ੇੜੀ ਹੋਣ ਦਾ ਕਲੰਕ ਧੋਣ ਲਈ 'ਉੱਡਦਾ ਪੰਜਾਬ' ਮੁਹਿੰਮ ਤਹਿਤ ਲਗਾਤਾਰ ਕਬੱਡੀ, ਫੁੱਟਬਾਲ, ਹਾਕੀ, ਕ੍ਰਿਕੇਟ, ਵਾਲੀਵਾਲ ਟੂਰਨਾਮੈਂਟ ਕਰਵਾਏ ਜਾ ਰਹੇ ਹਨ ਤੇ ਖੇਡ ਕਿੱਟਾਂ ਵੰਡੀਆਂ ਜਾ ਰਹੀਆਂ ਹਨ। ਇਥੇ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਸਾਡੇ ਰਿਸ਼ਟ ਪੁਸ਼ਟ ਤੇ ਸੁਡੌਲ ਸਰੀਰ ਵਾਲੇ ਖਿਡਾਰੀ ਏਨੇ ਫੁਰਤੀਲੇ ਹਨ ਕਿ ਉਹ ਆਪਣੇ ਹੌਸਲੇ 'ਤੇ ਉੱਡਦੇ ਜਾਪਦੇ ਹਨ।ਜਾਡਲਾ ਵਿਖੇ 15 ਨਵੰਬਰ 2021 ਨੂੰ ਜ਼ਿਲ੍ਹੇ 'ਚ ਹੁਣ ਤੱਕ ਦਾ ਸਭ ਤੋਂ ਵੱਡਾ 'ਹਿੰਦ ਕੇਸਰੀ' ਦੰਗਲ ਕਰਵਾਇਆ ਗਿਆ ਜਿਸ ਵਿੱਚ 300 ਦੇ ਕਰੀਬ ਪਹਿਲਵਾਨਾਂ ਨੇ ਕੁਸ਼ਤੀ ਮਹਾਂਦੰਗਲ 'ਚ ਹਿੱਸਾ ਲਿਆ। ਹੁਣ ਤੱਕ ਵੱਖ ਵੱਖ ਪਿੰਡਾਂ ਵਿੱਚ 50 ਦੇ ਕਰੀਬ ਖੇਡ ਟੂਰਨਾਮੈਂਟ ਕਰਵਾਏ ਜਾ ਚੁੱਕੇ ਹਨ ਜਾਂ ਸਪਾਂਸਰ ਕੀਤੇ ਗਏ ਹਨ।

**6. ਕਿਸਾਨ ਮਜ਼ਦੂਰ ਅੰਦੋਲਨ ਦੀ ਯਾਦਗਾਰ ਲਈ ਪਹਿਲ :**

ਸ. ਬਰਜਿੰਦਰ ਸਿੰਘ ਹੁਸੈਨਪੁਰ ਨੂੰ ਲੋਕ 'ਬੜੇ ਦਿਲ ਵਾਲਾ ਬਰਜਿੰਦਰ ਸਿੰਘ' ਵਜੋਂ ਵੀ ਜਾਣਦੇ ਹਨ। ਸ. ਹੁਸੈਨਪੁਰ ਨੇ ਪੰਜਾਬ ਸਰਕਾਰ ਅਤੇ ਕਿਸਾਨ ਯੂਨੀਅਨਾਂ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਤਿੰਨ ਖੇਤੀ ਕਨੂੰਨ ਰੱਦ ਕਰਨ ਲਈ ਕਿਸਾਨ ਅੰਦੋਲਨ ਤੇ ਇਸ ਦੌਰਾਨ ਸ਼ਹੀਦ ਹੋਏ 700 ਕਿਸਾਨ ਮਜ਼ਦੂਰਾਂ ਦੀ ਯਾਦ ਨੂੰ ਸਮਰਪਿਤ ਵਿਲੱਖਣ ਵਿਸ਼ਵ ਪੱਧਰੀ ਯਾਦਗਾਰ ਬਣਾਈ ਜਾਵੇ।



**ਸੰਤੋਖ ਸਿੰਘ ਜੱਸੀ**
**91-70876–19800**

ਜੇਕਰ ਇਹ ਯਾਦਗਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਬਣਾਈ ਜਾਂਦੀ ਹੈ ਤਾਂ ਇਸ ਲਈ ਜ਼ਮੀਨ ਦੀ ਸੇਵਾ ਉਹਨਾਂ ਦੇ ਪਰਿਵਾਰ ਵਲੋਂ ਕੀਤੀ ਜਾਵੇਗੀ। ਉਹਨਾਂ ਵਲੋਂ ਦਿੱਲੀ ਕਿਸਾਨ ਮੋਰਚੇ ਵਿੱਚ ਸ਼ੈੱਡ, ਰੈਣ-ਬਸੇਰੇ ਅਤੇ ਲੰਗਰ ਦੀ ਸੇਵਾ ਵਿਚ ਵੱਡਾ ਵਿੱਤੀ ਅਤੇ ਸੰਸਥਾਗਤ ਯੋਗਦਾਨ ਵੀ ਲਾਮਿਸਾਲ ਸੀ।

**7. ਬਾਬੂ ਕਾਂਸ਼ੀ ਰਾਮ ਜੀ ਦਾ ਪ੍ਰੀ-ਨਿਰਵਾਣ ਦਿਵਸ ਤੇ ਦਲਿਤ ਚੇਤਨਾ ਲਈ ਯਤਨ :**

ਪੰਜਾਬ ਵਿੱਚ ਪਹਿਲੀ ਵਾਰ ਬਾਬੂ ਕਾਂਸ਼ੀ ਰਾਮ ਜੀ ਦਾ ਪ੍ਰੀ-ਨਿਰਵਾਣ ਦਿਵਸ ਰਾਹੋਂ ਵਿਖੇ ਸਮਾਜ ਦੇ ਹਰ ਵਰਗ ਵਲੋਂ ਸਾਂਝੇ ਤੌਰ 'ਤੇ ਮਨਾਇਆ ਗਿਆ। ਇਸ ਵਿੱਚ ਇਹ ਸੰਦੇਸ਼ ਦਿੱਤਾ ਗਿਆ ਕਿ ਬਾਬੂ ਕਾਂਸ਼ੀ ਰਾਮ ਜੀ ਵਿਸ਼ਵ ਪੱਧਰ ਦੇ ਮਹਾਨ ਆਗੂ ਸਨ।

ਉਹਨਾਂ ਨੂੰ ਕਿਸੇ ਇੱਕ ਵਿਸ਼ੇਸ਼ ਵਰਗ ਜਾਂ ਜਾਤੀ ਨਾਲ ਜੋੜਨਾ ਉਹਨਾਂ ਦੀ ਸ਼ਖਸ਼ੀਅਤ ਨਾਲ ਨਾ-ਇਨਸਾਫੀ ਹੈ।

**8. ਸ਼੍ਰੀ ਦਰਬਾਰ ਸਾਹਿਬ ਤੇ ਫਤਹਿਗੜ੍ਹ ਸਾਹਿਬ ਲਈ ਮੁਫਤ ਬੱਸ ਸੇਵਾ :**

ਹਰ ਐਤਵਾਰ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਸਾਹਿਬ ਜਾਣ ਲਈ ਬੱਸ ਸੇਵਾ ਸ਼ੁਰੂ ਕੀਤੀ ਹੋਈ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਭਾ ਫਤਹਿਗੜ੍ਹ ਸਾਹਿਬ ਲਈ 21 ਤੋਂ 29 ਦਸੰਬਰ 2021 ਤੱਕ ਹਰ ਰੋਜ਼ ਸੰਗਤ ਦੀ ਜ਼ਰੂਰਤ ਅਨੁਸਾਰ ਬੱਸਾਂ ਭੇਜੀਆਂ ਗਈਆਂ। ਇੱਕ ਦਿਨ 50 ਬੱਸਾਂ ਦਾ ਕਾਫਲਾ ਭੇਜਿਆ ਗਿਆ।

ਹੋਰ ਕਈ ਖੇਤਰਾਂ ਵਿੱਚ ਸੇਵਾ ਨਿਰੰਤਰ ਜਾਰੀ ਹੈ.....

# ਜਨਤਾ ਨੂੰ ਮੁਫ਼ਤ ਸਹੂਲਤਾਂ ਬਨਾਮ ਸਰਕਾਰਾਂ ਦਾ ਕੱਚ ਸੱਚ

**ਜਲੰਧਰ ਤੋਂ ਜੇ ਸਿੰਘ 'ਭਡਿਆਰ'**

ਭਾਰਤ ਦੀ ਰਾਜਨੀਤੀ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਖੈਰਾਤ ਵੰਡ ਕੇ ਅਤੇ ਮੁਫਤ ਸਹੂਲਤਾਂ ਦੇ ਐਲਾਨ ਕਰਕੇ ਵੋਟਰਾਂ ਨੂੰ ਧੋਖਾ ਦੇਣ ਅਤੇ ਭਰਮਾਉਣ ਦੇ ਯਤਨਾਂ ਵਿੱਚ ਲੱਗੀਆਂ ਹੋਈਆਂ ਹਨ। ਹਾਲ ਹੀ 'ਚ ਹੋਏ ਇੱਕ ਸਰਵੇਖਣ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਸਰਕਾਰਾਂ ਵੱਲੋਂ ਜਨਤਾ ਨੂੰ ਦਿੱਤੀਆਂ ਜਾਂਦੀਆਂ ਮੁਫਤ ਸਹੂਲਤਾਂ ਕਾਰਨ ਨਾ ਸਿਰਫ਼ ਸੂਬਿਆਂ 'ਤੇ ਕਰਜ਼ੇ ਦਾ ਬੋਝ ਵੱਧ ਰਿਹਾ ਹੈ, ਸਗੋਂ ਵਿਅਕਤੀ ਦੀ ਉਤਪਾਦਕਤਾ ਵੀ ਪ੍ਰਭਾਵਿਤ ਹੋ ਰਹੀ ਹੈ। ਮੁਫਤ 'ਚ ਦਿੱਤੀਆਂ ਜਾਣ ਵਾਲੀਆਂ ਚੀਜ਼ਾਂ ਲੰਬੇ ਸਮੇਂ 'ਚ ਦੇਸ਼ ਤੇ ਸਮਾਜ ਲਈ ਨੁਕਸਾਨਦੇਹ ਸਾਬਤ ਹੁੰਦੀਆਂ ਹਨ। ਜਨਤਾ ਨੂੰ ਜਿੰਨੀਆਂ ਮਰਜ਼ੀ ਚੀਜ਼ਾਂ ਮੁਫ਼ਤ 'ਚ ਦਿੱਤੀਆਂ ਜਾਣ, ਘੱਟ ਲੱਗਦੀਆਂ ਹਨ, ਪਰ ਇਸ ਕਾਰਨ ਸਰਕਾਰਾਂ ਇਕ ਦਿਨ ਕਰਜ਼ੇ 'ਚ ਜ਼ਰੂਰ ਡੁੱਬ ਜਾਂਦੀਆਂ ਹਨ। ਕਰਜ਼ੇ ਦੇ ਪਹਾੜ ਹੇਠ ਦੱਬੇ ਸ੍ਰੀਲੰਕਾ ਦੀ ਹਾਲਤ ਅਸੀਂ ਸਾਰੇ ਦੇਖ ਰਹੇ ਹਾਂ। ਲੋਕਾਂ ਨੂੰ ਚੀਜ਼ਾਂ ਮੁਫਤ ਦੇਣਾ ਉਸ ਲਈ ਇੱਕ ਜਾਲ ਬਣ ਗਿਆ ਹੈ। ਅੱਜ ਸਾਰੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਅਸਮਾਨ ਨੂੰ ਛੂਹਣ ਲੱਗੀਆਂ ਹਨ। ਲੋਕਾਂ ਦਾ ਜਿਊਣਾ ਮੁਸ਼ਕਿਲ ਹੋ ਗਿਆ ਹੈ। ਇਹ ਸੰਭਵ ਹੈ ਕਿ ਇਸ ਕਾਰਨ ਭੁੱਖਮਰੀ ਹੋ ਜਾਵੇਗੀ।

ਭਾਰਤ ਨੂੰ ਉਸ ਤੋਂ ਸਬਕ ਲੈਣਾ ਚਾਹੀਦਾ ਹੈ। ਆਮ ਲੋਕਾਂ ਨੂੰ ਮੁਫਤ 'ਚ ਚੀਜ਼ਾਂ ਦੇਣ ਦਾ ਸਿੱਧਾ ਅਸਰ ਅਰਥ ਵਿਵਸਥਾ 'ਤੇ ਪੈਂਦਾ ਹੈ। ਦੇਸ਼ 'ਚ ਇੱਕ ਪਾਸੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਤੇ ਦੂਜੇ ਪਾਸੇ ਅਜ਼ਾਦੀ, ਇਨ੍ਹਾਂ ਦੋਵਾਂ ਦਾ ਸਿੱਧਾ ਅਸਰ ਲੋਕਾਂ ਦੀ ਉਤਪਾਦਕਤਾ 'ਤੇ ਪੈਂਦਾ ਹੈ। ਮੁਫਤ ਸਹੂਲਤਾਂ ਦੇਣ ਦੀ ਪ੍ਰਕਿਰਿਆ ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਜੈਲਲਿਤਾ ਦੇ ਸਮੇਂ ਤੋਂ ਸ਼ੁਰੂ ਹੋਈ ਸੀ। ਕਈ ਸੂਬਾ ਸਰਕਾਰਾਂ ਉਸ ਦੇ ਨਕਸ਼ੇ ਕਦਮਾਂ 'ਤੇ ਚੱਲ ਰਹੀਆਂ ਹਨ। ਕਿਸੇ ਵੀ ਧਿਰ 'ਚ ਦੂਜੀ ਧਿਰ ਨੂੰ ਇਹ ਕਹਿਣ ਦੀ ਹਿੰਮਤ ਨਹੀਂ ਹੈ ਕਿ ਜ਼ਰੂਰੀ ਚੀਜ਼ਾਂ ਮੁਫਤ ਦਿੱਤੀਆਂ ਜਾਣ ਦਾ ਐਲਾਨ ਕਰਨਾ ਗਲਤ ਹੈ। ਹਰ ਕੋਈ ਸੱਤਾ 'ਤੇ ਕਾਬਜ਼ ਹੋਣ ਲਈ ਅਜਿਹੇ ਐਲਾਨ ਕਰ ਰਿਹਾ ਹੈ।



ਇਸ ਦਿਸ਼ਾ 'ਚ ਸੁਪਰੀਮ ਕੋਰਟ ਨੇ ਕਈ ਵਾਰ ਸਖ਼ਤ ਟਿੱਪਣੀਆਂ ਕੀਤੀਆਂ ਹਨ ਪਰ ਸਿਆਸੀ ਪਾਰਟੀਆਂ ਇਸ ਤੋਂ ਬਾਜ਼ ਨਹੀਂ ਆ ਰਹੀਆਂ ਹਨ। ਲਾਲਚ ਦੀ ਇਹ ਰਾਜਨੀਤੀ ਖਤਮ ਹੋਣੀ ਚਾਹੀਦੀ ਹੈ। ਇਸ ਦੇ ਲਈ ਸਭ ਤੋਂ ਵੱਡੀ ਗੱਲ ਜਾਗਰੂਕਤਾ ਹੈ।

ਕਿਸੇ ਨੂੰ ਵੀ ਮੁਫ਼ਤ ਦਾ ਲਾਭ ਨਹੀਂ ਹੋਵੇਗਾ। ਹੁਣ ਇਹ ਲੋਕਾਂ ਦੀ ਆਦਤ ਬਣ ਗਈ ਹੈ। ਇਹ ਇੱਕ ਪ੍ਰਦੂਸ਼ਣ ਹੈ, ਜੋ ਸਾਡੇ ਸਰੀਰ ਲਈ ਹੌਲੀ ਜ਼ਹਿਰ ਦਾ ਕੰਮ ਕਰ ਰਿਹਾ ਹੈ। ਸਾਡੇ ਅੰਦਰਲੇ ਮਿਹਨਤਕਸ਼ ਮਨੁੱਖ ਨੂੰ ਤਬਾਹ ਕਰ ਰਿਹਾ ਹੈ। ਜਦੋਂ ਬਿਨਾਂ ਕੰਮ ਤੋਂ ਜ਼ਰੂਰੀ ਚੀਜ਼ਾਂ ਘਰ 'ਚ ਆ ਰਹੀਆਂ ਹਨ ਤਾਂ ਫਿਰ ਕੰਮ ਕਰਨ ਦੀ ਕੀ ਲੋੜ ਹੈ?

ਇਹ ਸੋਚ ਤਬਾਹੀ ਵੱਲ ਲੈ ਜਾ ਸਕਦੀ ਹੈ। ਇਸ ਗੱਲ ਨੂੰ ਲੀਡਰ ਸ਼ਾਇਦ ਹੀ ਸਮਝ ਸਕਣ, ਪਰ ਜੇ ਜਨਤਾ ਸਮਝ ਲਵੇ ਤਾਂ ਠੀਕ ਹੈ, ਨਹੀਂ ਤਾਂ ਇਕ ਦਿਨ ਅਸੀਂ ਸਾਰਿਆਂ ਨੇ ਆਪਣਾ ਹਨੇਰਾ ਭਵਿੱਖ ਦੇਖਣ ਲਈ ਤਿਆਰ ਰਹਿਣਾ ਹੈ।

ਸਵਾਲ ਇਹ ਹੈ ਕਿ ਕੀ ਜਨਤਕ ਵਸੀਲੇ ਕਿਸੇ ਵੀ ਵਿਅਕਤੀ ਲਈ ਬਿਲਕੁਲ ਮੁਫਤ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ? ਕੀ ਸਰਕਾਰਾਂ ਨੂੰ ਜਨਤਾ ਦਾ ਪੈਸਾ ਆਪਣੀ ਮਰਜ਼ੀ ਅਨੁਸਾਰ ਖਰਚਣ ਦਾ ਅਧਿਕਾਰ ਹੈ, ਜਦੋਂ ਸਰਕਾਰਾਂ ਵਿੱਤੀ ਤੌਰ 'ਤੇ ਸੁਖਾਵੀਂ ਸਥਿਤੀ ਵਿੱਚ ਨਹੀਂ ਹੁੰਦੀਆਂ ਹਨ? ਇਹ ਰੁਝਾਨ ਸਿਰਫ ਸਿਆਸੀ ਲਾਹੇ ਤੋਂ ਪ੍ਰੇਰਿਤ ਨਹੀਂ ਹੈ, ਸਗੋਂ ਸੰਸਥਾਗਤ ਨਾਕਾਮੀ ਨੂੰ ਵੀ ਕਵਰ ਕਰਦਾ ਹੈ, ਅਤੇ ਕਿਸੇ ਇੱਕ ਪਾਰਟੀ ਜਾਂ ਸਰਕਾਰ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ।

ਆਮ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਮੁਫ਼ਤ ਦੀਆਂ ਚੀਜ਼ਾਂ ਭਾਵੇਂ ਹੁਣ ਚੰਗੀਆਂ ਲੱਗ ਸਕਦੀਆਂ ਹਨ, ਪਰ ਆਉਣ ਵਾਲੇ ਸਮੇਂ 'ਚ ਇਸ ਦੇ ਮਾੜੇ ਪ੍ਰਭਾਵ ਹੋਣਗੇ। ਦੇਸ਼ ਦੇ ਸਿਰ 'ਤੇ ਕਰਜ਼ਾ ਵਧੇਗਾ, ਲੋਕ ਮਹਿੰਗਾਈ ਦੇ ਬੋਝ ਹੇਠ ਦੱਬੇ ਜਾਣਗੇ। ਚਾਹੀਦਾ ਤਾਂ ਇਹ ਹੈ ਕਿ ਜੇਕਰ ਪਾਰਟੀ ਫੰਡਾਂ 'ਚੋਂ ਮੁਫਤ ਚੀਜ਼ਾਂ ਦਿੱਤੀਆਂ ਜਾਣ ਤਾਂ ਨੇਤਾਵਾਂ ਨੂੰ ਸਮਝ ਆਵੇਗੀ ਕਿ ਇਸ 'ਚ ਕਿੰਨਾ ਪੈਸਾ ਲੱਗਾ ਹੈ। ਉਨ੍ਹਾਂ ਨੇ ਇਹ ਫੰਡ ਦੇਸ਼ ਦੇ ਲੋਕਾਂ ਤੋਂ ਵੀ ਪ੍ਰਾਪਤ ਕੀਤਾ ਹੈ, ਤਾਂ ਫਿਰ ਕਿਉਂ ਨਾ ਇਸ ਦੀ ਵਰਤੋਂ ਦੇਸ਼ ਵਾਸੀਆਂ ਲਈ ਹੀ ਕੀਤੀ ਜਾਵੇ।

# ਹਨੂੰਮਾਨ ਚਾਲੀਸਾ ਵਿਵਾਦ: ਨਵਨੀਤ ਰਾਣਾ ਤੇ ਉਸ ਦਾ ਪਤੀ 29 ਤੱਕ ਜੇਲ੍ਹ ਵਿੱਚ ਰਹਿਣਗੇ

**ਮੁੰਬਈ–** ਹਨੂੰਮਾਨ ਚਾਲੀਸਾ ਵਿਵਾਦ 'ਚ ਗ੍ਰਿਫ਼ਤਾਰ ਆਜ਼ਾਦ ਸੰਸਦ ਮੈਂਬਰ ਨਵਨੀਤ ਰਾਣਾ ਤੇ ਉਸ ਦਾ ਵਿਧਾਇਕ ਪਤੀ ਰਵੀ ਰਾਣਾ ਸੈਸ਼ਨਜ਼ ਕੋਰਟ ਵੱਲੋਂ 29 ਅਪਰੈਲ ਨੂੰ ਉਨ੍ਹਾਂ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਤੱਕ ਜੇਲ੍ਹ ਵਿੱਚ ਹੀ ਰਹਿਣਗੇ। ਕੋਰਟ ਨੇ ਰਾਣਾ ਦੰਪਤੀ ਦੀ ਜ਼ਮਾਨਤ ਅਰਜ਼ੀ 'ਤੇ ਮੁੰਬਈ ਪੁਲੀਸ ਤੋਂ 29 ਅਪਰੈਲ ਤੱਕ ਜਵਾਬ ਮੰਗ ਲਿਆ ਹੈ। ਬੰਬੇ ਹਾਈ ਕੋਰਟ ਨੇ ਦੰਪਤੀ ਖਿਲਾਫ਼ ਦਰਜ ਐੱਫਆਈਆਰ ਲੰਘੇ ਦਿਨ ਰੱਦ ਕਰਨ ਤੋਂ ਨਾਂਹ ਕਰ ਦਿੱਤੀ ਸੀ।



# ਕਾਂਗਰਸ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਜਾਖੜ ਤੇ ਕੇਵੀ ਥੌਮਸ ਨੂੰ ਪਾਰਟੀ 'ਚੋਂ ਮੁਅੱਤਲ ਕਰਨ ਦੀ ਸਿਫ਼ਾਰਸ਼

**ਨਵੀਂ ਦਿੱਲੀ–** ਕਾਂਗਰਸ ਦੀ ਅਨੁਸ਼ਾਸਨੀ ਕਮੇਟੀ ਨੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਅਤੇ ਸਾਬਕਾ ਖੁਰਾਕ ਮੰਤਰੀ ਕੇਵੀ ਥੌਮਸ ਨੂੰ ਦੋ ਸਾਲ ਲਈ ਪਾਰਟੀ ਤੋਂ ਮੁਅੱਤਲ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਇਸ 'ਤੇ ਅੰਤਮ ਫ਼ੈਸਲਾ ਕੀਤਾ ਜਾਵੇਗਾ। ਕਾਂਗਰਸ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ ਅੱਜ ਸ੍ਰੀ ਜਾਖੜ ਨੇ ਟਵਿਟ ਕਰਕੇ ਵਿਅੰਗ ਕਰਦਿਆਂ ਕਿਹਾ ਸੀ ਕਿ ਜਿਨ੍ਹਾਂ ਕੋਲ ਹਾਲੇ ਵੀ ਜ਼ਮੀਰ ਹੈ ਉਨ੍ਹਾਂ ਨੂੰ ਸਜ਼ਾ ਮਿਲੇਗੀ। ਕਾਂਗਰਸ ਅਨੁਸ਼ਾਸਨੀ ਕਮੇਟੀ ਨੇ 11 ਅਪਰੈਲ ਨੂੰ ਜਾਖੜ ਨੂੰ ਉਨ੍ਹਾਂ ਦੀਆਂ ਕਥਿਤ ਪਾਰਟੀ ਵਿਰੋਧੀ ਗਤੀਵਿਧੀਆਂ ਲਈ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਹਫ਼ਤੇ ਵਿੱਚ ਜਵਾਬ ਦਾਖ਼ਲ ਕਰਨ ਲਈ ਕਿਹਾ ਸੀ। ਹਾਲਾਂਕਿ ਜਾਖੜ ਨੇ ਕਮੇਟੀ ਨੂੰ ਜਵਾਬ ਨਾ ਦੇਣ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਪਾਰਟੀ ਅਨੁਸ਼ਾਸਨੀ ਕਮੇਟੀ ਵੱਲੋਂ ਸਿਫ਼ਾਰਸ਼ ਤੋਂ ਬਾਅਦ ਸ੍ਰੀ ਜਾਖੜ ਨੇ ਪਾਰਟੀ ਨੂੰ ਆਪਣੀਆਂ ਸੁਭਕਾਮਨਾਵਾਂ ਦਿੱਤੀਆਂ ਹਨ।



# ਪੰਜਾਬ ਦੇ ਕਿਸਾਨ ਸੰਘਰਸ਼ ਦੀ ਸਦੀ




**(ਇਕ ਪੁਸਤਕ- ਇਕ ਨਜ਼ਰ)**

**ਡਾ ਕੁਲਦੀਪ ਸਿੰਘ**

ਪ੍ਰਸਿੱਧ ਸਿਆਸੀ ਵਿਸ਼ਲੇਸ਼ਕ ਪ੍ਰੋਫੈਸਰ ਰੌਣਕੀ ਰਾਮ ਵੱਲੋਂ ਅੰਗਰੇਜ਼ੀ ਵਿਚ ਲਿਖੀ ਦਸਤਾਵੇਜ਼ੀ ਪੁਸਤਕ 'ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚਾ ਤੱਕ: ਪੰਜਾਬ ਕਿਸਾਨ ਸੰਘਰਸ਼ ਦੀ ਸਦੀ (1907-2021)' ਵਿਚ ਕਿਸਾਨ ਸੰਘਰਸ਼ ਦੇ ਵੱਖੋ-ਵੱਖਰੇ ਦੌਰਾਂ ਦੇ ਕਾਰਨਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਇਤਿਹਾਸਕ ਪਹਿਲੂਆਂ ਤੋਂ ਲੈ ਕੇ ਰਾਜਨੀਤਿਕ ਵਿਰੋਧਤਾਵਾਂ ਦੇ ਨਾਲ-ਨਾਲ ਪੰਜਾਬ ਦੀ ਧਰਾਤਲ ਵਿਚ ਕਾਰਜਸ਼ੀਲ ਪਹਿਲੂਆਂ ਵੀ ਸ਼ਾਮਲ ਹਨ। ਪੰਜਾਬ ਦੀ ਸਰਜ਼ਮੀਨ ਉੱਤੇ ਸਦੀਆਂ ਤੋਂ ਖੇਤੀਬਾੜੀ ਅਜਿਹਾ ਕਿੱਤਾ ਰਿਹਾ ਹੈ ਜੋ ਇਸ ਦੀ ਰਾਜਨੀਤੀ, ਆਰਥਿਕਤਾ, ਸਮਾਜਿਕਤਾ, ਧਾਰਮਿਕਤਾ ਅਤੇ ਸਾਹਿਤਕਾਰੀ ਨੂੰ ਵੱਖੋ-ਵੱਖਰੇ ਪੱਧਰ 'ਤੇ ਪ੍ਰਭਾਵਿਤ ਕਰਦਾ ਹੈ। ਪੰਜਾਬ ਦੀ ਸਮੁੱਚੀ ਇਤਿਹਾਸਕਾਰੀ ਕਿਸੇ ਵੀ ਦ੍ਰਿਸ਼ਟੀਕੋਣ ਤੋਂ ਕੀਤੀ ਗਈ ਹੋਵੇ ਉਸ ਵਿਚ ਖੇਤੀਬਾੜੀ ਦਾ ਕਿੱਤਾ ਅਤੇ ਉਸ ਨਾਲ ਜੁੜੇ ਵੱਖ ਵੱਖ ਕਿੱਤੇ ਤੇ ਪਹਿਲੂ ਆਪਣੇ-ਆਪ ਵਿਚ ਹੀ ਅਟੁੱਟਵੇਂ ਰੂਪ ਵਿਚ ਕਾਰਜਸ਼ੀਲ ਹੋ ਜਾਂਦੇ ਹਨ। ਪੁਸਤਕ 'ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚਾ ਤੱਕ: ਪੰਜਾਬ ਕਿਸਾਨ ਸੰਘਰਸ਼ ਦੀ ਸਦੀ' ਵਿਚ ਪ੍ਰੋਫੈਸਰ ਰੌਣਕੀ ਰਾਮ ਦੀ ਸਿਆਸੀ ਪੜਚੋਲ ਵਾਲੀ ਨਜ਼ਰ, ਇਤਿਹਾਸਕ ਦੌਰਾਂ ਦੀ ਨਿਸ਼ਾਨਦੇਹੀ, ਬੀਤੇ ਤੇ ਵਰਤਮਾਨ ਸਮਿਆਂ ਦੀਆਂ ਰਾਜਨੀਤਿਕ ਵਿਸੰਗਤੀਆਂ ਦੀ ਪਰਖ ਪੜਚੋਲ ਕਰ ਕੇ ਇਕ ਮੁੱਲਵਾਨ ਸਾਂਭਣਯੋਗ ਦਸਤਾਵੇਜ਼ੀ ਕਾਰਜ ਕੀਤਾ ਹੈ। ਜਿਸ ਕਿਸਮ ਨਾਲ ਇਕ ਸਦੀ ਲੰਬੇ ਇਤਿਹਾਸਕ ਅਹਿੰਸਕ ਕਿਸਾਨ ਅੰਦੋਲਨ ਨੂੰ ਲੇਖੇ-ਜੋਖੇ ਦੇ ਰੂਪ ਵਿੱਚ ਕਲਮਬੱਧ ਕੀਤਾ ਗਿਆ ਹੈ, ਇਹ ਭਵਿੱਖ ਦੇ ਖੋਜਾਰਥੀਆਂ ਲਈ ਇਕ ਹਵਾਲਾ ਪੁਸਤਕ ਸਾਬਿਤ ਹੋਵੇਗੀ।

ਸਾਲ 2020 ਤੋਂ 2021 ਤੱਕ ਦੇ ਭਿਆਨਕ ਸਮਿਆਂ ਵਿੱਚ ਕੋਵਿਡ-19 ਨੇ ਜਿੰਨੀ ਸ਼ਿੱਦਤ ਨਾਲ ਸਮਾਜਿਕ ਜੀਵਨ ਨੂੰ ਪ੍ਰਭਾਵਿਤ ਕੀਤਾ ਸੀ ਅਤੇ ਹਰੇਕ ਖੇਤਰ ਵਿਚ ਚੱਲ ਰਹੇ ਸੰਘਰਸ਼ਾਂ ਨੂੰ ਨਿਹੱਥਲ ਕਰ ਦਿੱਤਾ ਸੀ। ਉਸ ਸਮੇਂ ਇਸ ਕਿਸਮ ਦੀ ਕਿਸਾਨ ਲਹਿਰ ਦਾ ਉਦੈ ਹੋਣਾ ਅਤੇ ਵੱਖ-ਵੱਖ ਸਮਾਜਿਕ ਵਰਗਾਂ ਨੂੰ ਇਸ ਵਿਚ ਸ਼ਾਮਿਲ ਕਰਨਾ ਇਹ ਦਰਸਾਉਂਦਾ ਸੀ ਕਿ ਪੰਜਾਬ ਦੀ ਆਰਥਿਕ ਰਾਜਨੀਤਿਕ ਬਣਤਰ ਵਿਚ ਜਿੱਥੇ ਖੇਤੀਬਾੜੀ ਖੇਤਰ ਵਿਚ ਤਬਦੀਲੀਆਂ ਵਾਪਰਦੀਆਂ ਹਨ ਉੱਥੇ ਨਵੇਂ ਕਿਸਮ ਦੇ ਸੰਘਰਸ਼ ਅਤੇ ਨਵੇਂ ਰੂਪ ਦੀਆਂ ਲੜਾਈਆਂ ਨੇ ਵੀ ਜਨਮ ਲਿਆ। ਹਾਲਾਂਕਿ ਪੰਜਾਬ ਲਗਾਤਾਰ ਕਈ ਕਿਸਮ ਦੀਆਂ ਤਬਦੀਲੀਆਂ ਦੇ ਦੌਰ ਵਿਚੋਂ ਗੁਜਰਦਾ ਰਿਹਾ ਹੈ ਜਿਨ੍ਹਾਂ ਵਿਚ ਬੁਨਿਆਦੀ ਤੌਰ 'ਤੇ ਆਰਥਿਕ ਕਾਰਨ ਹੀ ਕਿਰਿਆਸ਼ੀਲ ਰਹੇ ਹਨ, ਭਾਵੇਂ ਉਨ੍ਹਾਂ ਵਿਚੋਂ ਕਈ ਕਿਸਮ ਦੀ ਰਾਜਨੀਤੀ ਪਣਪਦੀ ਰਹੀ ਹੈ। ਪ੍ਰੋਫੈਸਰ ਰੌਣਕੀ ਰਾਮ ਅਨੁਸਾਰ ਪੂੰਜੀਵਾਦੀ ਦੌਰ ਦੇ ਵਿਸ਼ਵੀਕਰਨ ਨੇ ਤਿੰਨ ਖੇਤੀ ਕਾਨੂੰਨਾਂ ਰਾਹੀਂ ਸਮੁੱਚੇ ਪੰਜਾਬੀ ਸਮਾਜ ਨੂੰ ਆਧੁਨਿਕ ਮੰਡੀ ਦੀਆਂ ਤਾਕਤਾਂ ਅੱਗੇ ਸੁੱਟ ਦੇਣਾ ਸੀ। ਉਸ ਦੀ ਸਮਝ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਇਸ ਕਰਕੇ ਆ ਗਈ ਕਿ ਉਹ ਆਰਥਿਕ ਖੇਤਰ ਦੀਆਂ ਤਬਦੀਲੀਆਂ ਨੂੰ ਪਹਿਲਾਂ ਹੀ ਸੰਸਾਰ ਬੈਂਕ ਅਤੇ ਆਈ।ਐਮ।ਐਫ। ਦੀ ਸਮਝ ਹੋਣ ਕਰਕੇ ਸਮਝ ਰਹੇ ਸਨ। ਇਸ ਕਰਕੇ ਜਿਉਂ ਹੀ ਤਿੰਨ ਕਾਨੂੰਨ ਆਉਂਦੇ ਹਨ, ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਖੋ-ਵੱਖਰੇ ਢੰਗਾਂ ਰਾਹੀਂ ਇਸ ਦੇ ਵਿਰੋਧ ਵਿਚ ਸੰਘਰਸ਼ਸ਼ੀਲ ਹੋ ਜਾਂਦੀਆਂ ਹਨ।

ਇਸ ਦੌਰ ਦੇ ਦੁਨੀਆਂ ਦੇ ਸਭ ਤੋਂ ਵੱਡੇ, ਲੰਮੇ ਅਤੇ ਸ਼ਾਂਤਮਈ ਸੰਘਰਸ਼ ਨੇ ਵੱਖੋ-ਵੱਖਰੀਆਂ ਸਿਆਸੀ ਵਖਰੇਵੇਂ ਵਾਲੀਆਂ ਵਿਚਾਰਧਾਰਾਵਾਂ ਹੋਣ ਦੇ ਬਾਵਜੂਦ ਇੱਕਜੁੱਟ ਸੰਘਰਸ਼ ਕੀਤਾ ਜਿਸ ਦੀ ਤਾਕਤ ਸਦਕਾ ਹੀ ਸੱਜੇਪੱਖੀ ਅਤੇ ਕਾਰਪੋਰੇਟ ਘਰਾਣਿਆਂ ਨਾਲ ਇਕਜੁੱਟ ਹੋ ਕੇ ਚੱਲਣ ਵਾਲੀ ਸਰਕਾਰ ਨੂੰ ਤਿੰਨ ਖੇਤੀ ਕਾਨੂੰਨ ਵਾਪਸ ਲੈਣੇ ਪਏ। ਭਾਵੇਂ ਇਹ ਕਿਸਾਨ ਅੰਦੋਲਨ ਪੰਜਾਬ ਤੋਂ ਸ਼ੁਰੂ ਹੋਇਆ ਪਰ ਦਿੱਲੀ ਦੀਆਂ ਬਰੂਹਾਂ ਉੱਤੇ ਇਕਜੁੱਟ ਰੂਪ ਵਿਚ ਸ਼ੁਰੂ ਹੋਣ ਕਰਕੇ ਇਸ ਨੇ ਸਮੁੱਚੇ ਭਾਰਤ ਵਿਸ਼ੇਸ਼ ਕਰਕੇ ਹਰਿਆਣਾ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਨੂੰ ਆਪਣੇ ਕਲਾਵੇ ਵਿਚ ਲੈ ਗਿਆ। ਪ੍ਰੋਫੈਸਰ ਰੌਣਕੀ ਰਾਮ ਇਸ ਪੁਸਤਕ ਰਾਹੀਂ ਵੱਖੋ-ਵੱਖਰੇ ਦੌਰਾਂ ਵਿਚ ਲੜੇ ਗਏ ਸੰਘਰਸ਼ਾਂ ਨੂੰ ਬੜੇ ਤਰਕਮਈ ਢੰਗ ਨਾਲ ਪੰਜਾਬ ਦੀ ਧਰਤੀ ਦੇ ਵਹਿਣ ਦੇ ਰੂਪ ਵਿਚ ਦੇਖਦਾ ਹੈ ਚਾਹੇ ਉਹ ਬਰਤਾਨਵੀ ਹਕੂਮਤ ਦੇ ਖਿਲਾਫ਼ ਆਜ਼ਾਦੀ ਤੋਂ ਪਹਿਲਾਂ ਤੋਂ ਪਹਿਲਾਂ ਲੜੇ ਗਏ ਤੇ ਚਾਹੇ ਦੇਸ਼ ਦੀ ਆਜ਼ਾਦੀ ਤੋਂ ਬਾਅਦ। ਸਮੁੱਚੇ ਇਤਿਹਾਸਕ ਦੌਰ ਵਿਚ ਖੇਤੀਬਾੜੀ ਸੰਕਟ, ਕਿਸਾਨੀ ਵਿਚ ਬੇਚੈਨੀ ਅਤੇ ਸਰਕਾਰੀ ਜਬਰ ਪੰਜਾਬ ਦੇ ਕਿਸਾਨੀ ਸੰਘਰਸ਼ਾਂ ਦਾ 1839 ਤੋਂ ਅਟੁੱਟ ਹਿੱਸਾ ਰਹੇ ਹਨ। ਹਰੇਕ ਇਤਿਹਾਸਕ ਦੌਰ ਵਿਚ ਕਿਸਾਨ ਸੰਘਰਸ਼ ਬਾਰੇ ਸਮਝ ਅਤੇ ਉਨ੍ਹਾਂ ਦੇ ਸੰਘਰਸ਼ੀ ਰੂਪਾਂ ਵਿਚਲੇ ਕਾਰਨਾਂ ਨੂੰ ਬੜੇ ਹੀ ਨੁਕਤਾਚੀਨੀ ਵਾਲੇ ਨਜ਼ਰੀਏ ਤੋਂ ਪ੍ਰੋਫੈਸਰ ਰੌਣਕੀ ਰਾਮ ਨੇ ਪਰਖਿਆ ਪੜਚੋਲਿਆ ਹੈ। ਆਜ਼ਾਦੀ ਤੋਂ ਪਹਿਲਾਂ ਪਗੜੀ ਸੰਭਾਲ ਲਹਿਰ ਦੀ ਸ਼ੁਰੂਆਤ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦੀ ਅਗਵਾਈ ਵਿਚ ਹੋਈ ਜਿਸ ਨੇ ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਬੁਰੀ ਤਰ੍ਹਾਂ ਸਮਾਜ ਵਿਚ ਕਾਰਜਸ਼ੀਲ ਸੂਦਖੋਰੀ ਪ੍ਰਬੰਧ ਅਤੇ ਉਸ ਵਿਚਲੇ ਦਾਬੇ ਦੀ ਨਿਸ਼ਾਨਦੇਹੀ ਵੀ ਕੀਤੀ।

ਇਸ ਦੇ ਨਾਲ ਹੀ ਪੱਛਮੀ ਪੰਜਾਬ ਵਿਚ ਸਮਾਜਿਕ ਅਤੇ ਸਿਆਸੀ ਚੇਤੰਨਤਾ ਉਤਪੰਨ ਹੋਈ ਜਿਸ ਵਿਚ ਇੱਜ਼ਤ (ਮਾਣ, ਸਵੈਮਾਣ, ਖ਼ੁਦਮੁਖਤਿਆਰੀ) ਦੇ ਸੰਕਲਪ ਤਹਿਤ ਕਿਸਾਨੀ ਸੰਘਰਸ਼ ਨੂੰ ਬਰਤਾਨਵੀ ਸ਼ਾਸਨ ਖਿਲਾਫ਼ ਇਕ ਉਤਪ੍ਰੇਰਕ ਦਾ ਕੰਮ ਕੀਤਾ। ਇਸੇ ਤਰ੍ਹਾਂ ਬਾਬਾ ਜਵਾਲਾ ਸਿੰਘ ਠੱਠੀਆਂ (1866-1938) ਜਿਹੜੇ ਪੰਜਾਬ ਕਿਸਾਨ ਸਭਾ ਦੇ ਪਹਿਲੇ ਪ੍ਰਧਾਨ ਸਨ, ਨੇ ਇਕ ਦੇਸ਼ਭਗਤ ਆਗੂ ਵਜੋਂ ਕਾਰਜ ਕਰਨ ਤੋਂ ਲੈ ਕੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਇਨਕਲਾਬੀ ਲਹਿਰ ਨੂੰ ਨਵੇਂ ਰੂਪ ਵਿਚ ਵਿਕਸਿਤ ਕੀਤਾ। ਇਸੇ ਕੜੀ ਵਿਚ ਹੀ ਨੀਲੀਬਾਰ ਮੋਰਚਾ, ਅੰਮ੍ਰਿਤਸਰ ਮੋਰਚਾ, ਮੁਜ਼ਾਰਾ ਸੰਘਰਸ਼ ਗੁਰਦਾਸਪੁਰ, ਚੜਿੱਕ ਮੋਰਚਾ, ਕੋਰੋਟਾਣਾ ਸੰਘਰਸ਼, ਲਾਹੌਰ ਮੋਰਚਾ, ਹਰਸ਼ਾ ਛੀਨਾ ਮੋਰਚਾ, ਉੜਮੁੜ ਟਾਂਡਾ ਮੋਰਚਾ ਆਦਿ ਦੇ ਵੱਖ-ਵੱਖ ਪਹਿਲੂਆਂ ਨੂੰ ਇਤਿਹਾਸਕਾਰੀ ਦੇ ਪੱਖ ਤੋਂ ਤੱਥਾਂ ਸਮੇਤ ਪੁਸਤਕ ਵਿਚ ਦਰਜ ਕੀਤਾ ਗਿਆ ਹੈ।

ਅਜ਼ਾਦੀ ਤੋਂ ਬਾਅਦ ਜਿਸ ਨੂੰ ਪ੍ਰੋਫੈਸਰ ਰੌਣਕੀ ਰਾਮ ਪੰਜਾਬ ਦੀ ਵੰਡ ਤੋਂ ਬਾਅਦ ਦਾ ਸਮਾਂ ਕਹਿੰਦੇ ਨੇ, ਦੇ ਦੌਰ ਦੇ ਕਿਸਾਨੀ ਸੰਘਰਸ਼ਾਂ ਦਾ ਉਲੇਖ ਕਰਦਿਆਂ ਉਨ੍ਹਾਂ ਨੇ ਮੁਜ਼ਾਰਾ ਲਹਿਰ, ਖੁਸ਼ਹੈਸੀਅਤ ਟੈਕਸ ਖਿਲਾਫ਼ ਮੋਰਚਾ ਅਤੇ ਮਹਿਤਪੁਰ ਬੇਟ ਮੋਰਚਾ ਨੂੰ ਤੱਥਾਂ ਸਮੇਤ ਅਤੇ ਵੱਖ-ਵੱਖ ਦਸਤਾਵੇਜ਼ਾਂ ਨੂੰ ਖੰਘਾਲਦਿਆਂ ਕਿਸਾਨ ਮੋਰਚੇ ਦੇ ਅਜੋਕੇ ਸੰਦਰਭਾਂ ਨਾਲ ਜੋੜਿਆ ਹੈ। ਇਸੇ ਤਰ੍ਹਾਂ ਕਮਿਊਨਿਸਟ ਪਾਰਟੀ ਅਤੇ ਪੈਪਸੂ ਮੁਜ਼ਾਰਾ ਲਹਿਰ ਵਿਚ ਕਾਰਜਸ਼ੀਲ ਪਹਿਲੂਆਂ ਨੂੰ ਅਪਨਾਉਂਦੇ ਹੋਏ ਪੰਜਾਬ ਖੇਤੀਬਾੜੀ ਜਿਮੀਂਦਾਰਾ ਯੂਨੀਅਨ ਨੇ ਚੰਡੀਗੜ੍ਹ ਮੋਰਚਾ ਦੇ ਰੂਪ ਵਿਚ 1985 ਵਿਚ ਭਾਰਤੀ ਕਿਸਾਨ ਯੂਨੀਅਨ ਦੀ ਅਗਵਾਈ ਵਿਚ ਲੜਿਆ। ਇਨ੍ਹਾਂ ਵੱਖ-ਵੱਖ ਪਹਿਲੂਆਂ ਨੂੰ ਸਮਝਦਿਆਂ, ਵਾਚਦਿਆਂ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਵੱਖ-ਵੱਖ ਵੰਨਗੀਆਂ ਦੀਆਂ ਕਿਸਾਨ ਯੂਨੀਅਨਾਂ ਤੇ ਉਨ੍ਹਾਂ ਵਿਚਲੇ ਵਿਰੋਧਾਭਾਸ ਦਾ ਉਲੇਖ ਦਿਖਾਈ ਦਿੰਦਾ ਹੈ ਪਰ ਪੰਜਾਬ ਦੇ ਧਰਾਤਲ ਵਿਚ ਕਿਸਾਨ ਸੰਘਰਸ਼ਾਂ ਦਾ ਇਤਿਹਾਸ ਇਸ ਸੰਘਰਸ਼ ਵਿਚ ਵੀ ਅਚੇਤ ਜਾਂ ਸੁਚੇਤ ਰੂਪ ਵਿਚ ਕਾਰਜਸ਼ੀਲ ਸੀ। ਹਾਲਾਂਕਿ ਹਰੀ ਕ੍ਰਾਂਤੀ ਤੋਂ ਬਾਅਦ ਕਈ ਕਿਸਮ ਦੀਆਂ ਨਵੀਆਂ ਚਣੌਤੀਆਂ ਪੂੰਜੀਵਾਦੀ ਚੱਲਣ ਢੰਗ ਅਤੇ ਸੰਕਟਾਂ ਨਾਲ ਜੁੜੀਆਂ ਹੋਈਆਂ ਹਨ। ਇਸ ਦੇ ਨਾਲ ਹੀ ਸੰਸਾਰ ਬੈਂਕ ਅਤੇ ਆਈਐਮਐਫ ਦਾ ਅਸਰ ਸਮੁੱਚੀ ਪੈਦਾਵਾਰੀ ਦਿਸ਼ਾ ਉਪਰ ਰਿਹਾ ਹੈ। ਇਸ ਵੱਲੋਂ ਪੰਜਾਬ ਅਤੇ ਹਰਿਆਣਾ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਇਸ ਵਿਚ ਪੈਦਾ ਹੋਏ ਨਵੇਂ ਮਸਲਿਆਂ ਖ਼ਾਸ ਕਰਕੇ ਸਬਸਿਡੀਆਂ, ਪਾਣੀ ਦੇ ਪੱਧਰ ਦਾ ਹੇਠਾਂ ਡਿੱਗਣਾ, ਦਵਾਈਆਂ ਦੀ ਵੱਧ ਵਰਤੋਂ ਕਰਨਾ, ਨਫ਼ੇ 'ਤੇ ਆਧਾਰਿਤ ਨਵੇਂ ਕਿਸਮ ਨਾਲ ਪੰਜਾਬੀ ਸਮਾਜ ਵਿਚ ਤਰੇੜਾਂ ਦਾ ਉਤਪੰਨ ਹੋਣਾ ਆਦਿ ਸਵਾਲਾਂ ਨੂੰ ਵੀ ਇਸ ਪੁਸਤਕ ਵਿਚ ਦਰਜ ਕੀਤਾ ਗਿਆ ਹੈ। ਕਿਸਾਨ ਸੰਘਰਸ਼ ਦੀਆਂ ਇਨ੍ਹਾਂ ਵੱਖੋ ਵੱਖਰੇ ਪੱਧਰ ਦੀਆਂ ਲੜਾਈਆਂ ਵਿਚ ਅਚੇਤ ਜਾਂ ਸੁਚੇਤ ਰੂਪ ਵਿਚ ਮੌਜੂਦਾ ਪ੍ਰਬੰਧ ਨਾਲ ਟਕਰਾਉਣ ਵਾਲੀਆਂ ਜਾਂ ਉਸ ਵਿਚ ਸੰਮਿਲਤ ਹੋਣ ਵਾਲੇ ਰਾਜਨੀਤਕ ਵਿਚਾਰਾਂ ਅਤੇ ਵਿਚਾਰਧਾਰਾਵਾਂ ਉਪਰ ਕਾਰਜ ਕਰਨਾ ਆਉਣ ਵਾਲੇ ਸਮੇਂ ਦੀ ਅਹਿਮ ਜ਼ਰੂਰਤ ਹੈ ਕਿਉਂਕਿ ਵੱਖ-ਵੱਖ ਪੱਧਰਾਂ ਦੀ ਕਿਸਾਨੀ ਜਦੋਂ ਇਕਜੁਟ ਹੋ ਕੇ ਸੰਘਰਸ਼ ਵਿਚ ਉਤਰਦੀ ਹੈ ਤਾਂ ਕਈ ਵਾਰੀ ਉਨ੍ਹਾਂ ਦੇ ਕੁਝ ਟਕਰਾਅ ਵਾਲੇ ਹਿੱਤ ਮੁੜ ਸੱਤਾ ਨਾਲ ਜੁੜਨ ਜਾਂ ਦੂਰ ਰਹਿਣ ਦੇ ਰੂਪ ਵਿਚ ਸਪਸ਼ਟ ਦਿਖਾਈ ਦੇਣ ਲੱਗਦੇ ਹਨ।

ਇਹ ਸਵਾਲ ਹਾਲੇ ਪੰਜਾਬ ਦੇ ਇਤਿਹਾਸਕਾਰੀ, ਰਾਜਨੀਤੀ ਅਤੇ ਸਮਾਜਿਕ ਤਾਣੇਬਾਣੇ ਦੀ ਬਣਤਰ ਨਾਲ ਜੂਝ ਰਹੇ ਵਿਦਵਾਨਾਂ ਦੇ ਸਾਹਮਣੇ ਖੜ੍ਹੇ ਹਨ। ਭਵਿੱਖ ਵਿਚ ਇਹ ਪੁਸਤਕ ਭਲਾ ਹੀ ਇਕ ਦਸਤਾਵੇਜ਼ੀ ਕਾਰਜ ਕਰਦੀ ਪ੍ਰਤੀਤ ਹੁੰਦੀ ਹੈ ਪਰ ਇਸ ਨੂੰ ਰਹਿ ਗਏ ਖੱਪਿਆਂ 'ਚੋਂ ਸਿੱਖਦਿਆਂ ਇਨ੍ਹਾਂ ਨੂੰ ਪੂਰਨ ਦੀ ਜ਼ਰੂਰਤ ਹੈ। ਇਉਂ ਇਹ ਪੁਸਤਕ ਨਵੇਂ ਖੋਜਾਰਥੀਆਂ ਲਈ ਮੁੱਲਵਾਨ ਹੈ ਅਤੇ ਪ੍ਰੋਢ ਸੋਚਵਾਨਾਂ ਲਈ ਹੋਰ ਕਾਰਜ ਕਰਨ ਵਾਸਤੇ ਕੁਝ ਨੁਕਤੇ ਪੇਸ਼ ਕਰਦੀ ਹੈ।

**(ਧੰਨਵਾਦ ਸਹਿਤ- ਪੰਜਾਬੀ ਟ੍ਰਿਬਿਊਨ)**

# ਜਰਖੜ ਖੇਡਾਂ- 12ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 7 ਮਈ ਤੋਂ

## ਸਬ ਜੂਨੀਅਰ ਅਤੇ ਸੀਨੀਅਰ ਵਰਗ ਦੀਆਂ 16 ਟੀਮਾਂ ਲੈਣਗੀਆਂ ਹਿੱਸਾ








**ਲੁਧਿਆਣਾ**-ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਹਰ ਸਾਲ ਕਰਵਾਇਆ ਕਰਵਾਇਆ ਜਾਣ ਵਾਲਾ ਜਰਖੜ ਖੇਡਾਂ ਦੀ ਕੜੀ ਦਾ ਹਿੱਸਾ 12ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 7 ਮਈ ਤੋਂ 29 ਮਈ ਤਕ ਖੇਡਿਆ ਜਾਵੇਗਾ ।

ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ , ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ,ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਇਸ ਹਾਕੀ ਫੈਸਟੀਵਲ ਸੀਨੀਅਰ ਵਰਗ ਹਾਕੀ ਵਿੱਚ ਪੰਜਾਬ ਭਰ ਵਿਚੋਂ ਚੋਟੀ ਦੀਆਂ 8 ਕਲੱਬਾਂ ਹਿੱਸਾ ਲੈਣਗੀਆਂ ਜਦਕਿ ਸਬ ਜੂਨੀਅਰ ਵਰਗ ( ਅੰਡਰ 12 ਸਾਲ ) ਜੋ ਕਿ ਹਾਕੀ ਨੂੰ ਬੜਾਵਾ ਦੇਣ ਲਈ ਕਰਵਾਇਆ ਜਾ ਰਿਹਾ ਉਸ ਵਿੱਚ ਅੰਡਰ 12 ਸਾਲ ਨਾਲ ਸਬੰਧਤ 8 ਟੀਮਾਂ ਹਿੱਸਾ ਲੈਣਗੀਆਂ। ਸੀਨੀਅਰ ਵਰਗ ਵਿੱਚ ਜਿਹੜੀਆਂ ਟੀਮਾਂ ਦੀ ਐਂਟਰੀ ਨਿਸ਼ਚਿਤ ਹੋਈ ਹੈ, ਉਨ੍ਹਾਂ ਵਿਚ ਵਰਤਮਾਨ ਚੈਂਪੀਅਨ ਜਰਖੜ ਹਾਕੀ ਕਲੱਬ, ਕਿਲ੍ਹਾ ਰਾਏਪੁਰ , ਨੀਟਾ ਕਲੱਬ ਰਾਮਪੁਰ , ਏਕ ਨੂਰ ਅਕੈਡਮੀ ਤੇਗ, ਯੰਗ ਕਲੱਬ ਓਟਾਲਾਂ , ਗੁਰੂ ਗੋਬਿੰਦ ਸਿੰਘ ਕਲੱਬ ਸਾਹਨੇਵਾਲ ,ਤੋ ਇਲਾਵਾ 3 ਟੀਮਾਂ ਹੋਰ ਹਿੱਸਾ ਲੈਣਗੀਆਂ, ਜਦਕਿ ਸਬ ਜੂ-ਨੀਅਰ ਵਰਗ ਵਿੱਚ ਅਮਰਗੜ੍ਹ ਹਾਕੀ ਸੈਂਟਰ ,ਬਾਗੜੀਆਂ ਹਾਕੀ ਸੈਂਟਰ ,ਐਚ ਟੀ ਸੀ ਰਾਮਪੁਰ, ਜਰਖੜ ਹਾਕੀ ਅਕੈਡਮੀ ,ਕਿਲ੍ਹਾ ਰਾਏਪੁਰ ਹਾਕੀ ਸੈਂਟਰ ,ਜਟਾਣਾ ਸਕੂਲ , ਏਕ ਨੂਰ ਅਕੈਡਮੀ ਤੇਂਗ, ਪੀਪੀਐਸ ਨਾਭਾ ਹਾਕੀ ਸੈਂਟਰ ਹਿੱਸਾ ਲੈਣਗੇ । 7 ਮਈ ਨੂੰ ਟੂਰਨਾਮੈਂਟ ਦਾ ਉਦਘਾਟਨ ਹਲਕਾ ਵਿਧਾਇਕ ਜਗਜੀਵਨ ਸਿੰਘ ਸੰਗੋਵਾਲ ਕਰਨਗੇ।

ਇਹ ਮੈਚ ਹਰ ਸ਼ਨਿੱਚਰਵਾਰ ਅਤੇ ਐਤਵਾਰ ਨੂੰ ਹਫ਼ਤਾਵਰੀ ਹੋਇਆ ਕਰਨਗੇ । ਮੈਚਾਂ ਦਾ ਸਮਾਂ ਸ਼ਾਮ 5 ਵਜੇ ਤੋਂ ਲੈ ਕੇ ਰਾਤ 9 ਵਜੇ ਤਕ ਹੋਵੇਗਾ। ਹਾਕੀ ਮੁਕਾਬਲਿਆਂ ਤੋਂ ਇਲਾਵਾ ਮੁੱਕੇਬਾਜ਼ੀ ਦੇ ਮੁਕਾਬਲੇ ਵੀ ਕਰਵਾਏ ਜਾਣਗੇ ।ਮੁੱਕੇਬਾਜ਼ੀ ਦੇ ਮੁਕਾਬਲੇ 20 ਤੋਂ 29 ਮਈ ਤੱਕ ਹੋਣਗੇ । ਹਿੱਸਾ ਲੈਣ ਵਾਲੀਆਂ ਸੀਨੀਅਰ ਅਤੇ ਜੂਨੀਅਰ ਵਰਗ ਦੀਆਂ ਟੀਮਾਂ ਨੂੰ 2 ਵੱਖ ਵੱਖ ਪੂਲਾਂ ਵਿੱਚ ਵੰਡਿਆ ਜਾਵੇਗਾ। ਲੀਗ ਦੌਰ ਤੋਂ ਬਾਅਦ ਨਾਕ ਆਊਟ ਪ੍ਰਣਾਲੀ ਕੁਆਰਟਰ ਫਾਈਨਲ, ਸੈਮੀਫਾਈਨਲ ਅਤੇ ਫਾਈਨਲ ਖੇਡਿਆ ਜਾਵੇਗਾ । ਅੱਜ ਦੀ ਮੀਟਿੰਗ ਵਿਚ ਸੰਦੀਪ ਸਿੰਘ ਪੰਧੇਰ, ਸਾਹਿਬਜੀਤ ਸਿੰਘ ਸਾਬੀ, ਗੁਰਸਤਿੰਦਰ ਸਿੰਘ ਪਰਗਟ, ਲਵਜੀਤ ਸਿੰਘ , ਗੁਰਜੀਤ ਸਿੰਘ ਸ਼ਿੰਗਾਰਾ ਸਿੰਘ ਜਰਖੜ, ਪਹਿਲਵਾਨ ਹਰਮੇਲ ਸਿੰਘ ਜਰਖੜ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਰਾਣਾ ਜੋਧਾਂ , ਤਰਨ ਜੋਧਾ, ਬਲਰਾਜ ਸਿੰਘ ਸੋਨੂੰ ਗਿੱਲ ਆਦਿ ਹੋਰ ਪ੍ਰਬੰਧਕ ਹਾਜ਼ਰ ਸਨ । ਟੂਰਨਾਮੈਂਟ ਦੇ ਫਾਈਨਲ ਸਮਾਰੋਹ ਤੇ ਇਕ ਦਰਜਨ ਦੇ ਕਰੀਬ ਜੇਤੂ ਵਿਧਾਇਕਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ ।

# ਕਾਰਲ ਮਾਰਕਸ ਦੇ ਜਨਮ ਦਿਹਾੜੇ 'ਤੇ ਵਿਚਾਰ-ਚਰਚਾ 5 ਮਈ ਨੂੰ- ਕਾਮਰੇਡ ਜਗਰੂਪ ਅਤੇ ਡਾ. ਪਰਮਿੰਦਰ ਕਰਨਗੇ ਸੰਬੋਧਨ

**ਜਲੰਧਰ**- ਕਾਰਲ ਮਾਰਕਸ ਦੇ 204ਵੇਂ ਜਨਮ ਦਿਹਾੜੇ (5 ਮਈ 1818-5 ਮਈ 2022) ਮੌਕੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਮਾਰਕਸ ਦੀਆਂ ਸਿੱਖਿਆਵਾਂ ਦੀ ਰੌਸ਼ਨੀ 'ਚ ਮੁਲਕ 'ਤੇ ਛਾਏ ਹੋਰਨਾਂ ਗੰਭੀਰ ਸੁਆਲਾਂ ਬਾਰੇ 5 ਮਈ ਦਿਨ ਵੀਰਵਾਰ, ਸਵੇਰੇ 10:30 ਵਜੇ ਗੰਭੀਰ ਵਿਚਾਰ-ਚਰਚਾ ਕੀਤੀ ਜਾਏਗੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦਹਾਕਿਆਂ ਤੋਂ ਕਿਰਤੀ ਲਹਿਰ ਦੇ ਨਾਮਵਰ ਆਗੂ ਅਤੇ 'ਕਿਰਤੀ' ਅਖ਼ਬਾਰ ਦੇ ਸੰਪਾਦਕ ਭਾਈ ਸੰਤੋਖ ਸਿੰਘ 'ਕਿਰਤੀ' ਭਾਸ਼ਣ ਲੜੀ ਤਹਿਤ ਮਾਰਕਸ ਦੇ ਜਨਮ ਦਿਨ 'ਤੇ ਹੁੰਦੀ ਆ ਰਹੀ ਵਿਚਾਰ-ਚਰਚਾ, ਇਸ ਵਾਰ ਕਿਸਾਨ ਮਜ਼ਦੂਰ ਅੰਦੋਲਨ ਅਤੇ ਕਰੋਨਾ ਨਾਲ ਜੁੜੇ ਮਹੱਤਵਪੂਰਣ ਪੱਖਾਂ ਉਪਰ ਕੇਂਦਰਤ ਕੀਤੀ ਜਾਏਗੀ।

ਵਿਚਾਰ-ਚਰਚਾ 'ਚ ਕਾਮਰੇਡ ਜਗਰੂਪ ਅਤੇ ਡਾ. ਪਰਮਿੰਦਰ ਮਾਰਕਸਵਾਦ ਦੀ ਪ੍ਰਸੰਗਕਤਾ ਬਾਰੇ ਵਿਚਾਰ ਕਰਨਗੇ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੋਕ-ਪੱਖੀ ਕਿਸਾਨ, ਮਜ਼ਦੂਰ, ਤਰਕਸ਼ੀਲ, ਜਮਹੂਰੀ, ਲੇਖਕ, ਪੱਤਰਕਾਰ ਸਖ਼ਸ਼ੀਅਤਾਂ ਨੂੰ ਵਿਚਾਰ-ਚਰਚਾ 'ਚ ਸ਼ਿਰਕਤ ਕਰਨ ਦੀ ਜ਼ੋਰਦਾਰ ਅਪੀਲ ਕੀਤੀ ਹੈ।

# ਵਿਲੱਖਣ ਜਾਣਕਾਰੀ ਭਰਪੂਰ ਵੈਬਸਾਈਟਸ



ਜਗਜੀਤ ਸਿੰਘ ਗਣੇਸ਼ਪੁਰ
91-94655-76022

ਜੇਕਰ ਮੌਜੂਦਾ ਯੁੱਗ ਨੂੰ ਇੰਟਰਨੈੱਟ ਦਾ ਯੁੱਗ ਕਹਿ ਲਿਆ ਜਾਵੇ ਤਾਂ ਇਹ ਕੋਈ ਅਤਕਥਨੀ ਨਹੀਂ ਹੋਵੇਗੀ, ਸੂਚਨਾ ਤਕਨੀਕ ਖੇਤਰ ਨੇ ਸਾਡੇ ਸਾਹਮਣੇ ਜੋ ਭਵਿੱਖ ਦੇ ਮੌਕੇ ਅਤੇ ਰਾਹ ਖੋਲੇ ਹਨ ਜਿਸ ਦੀ ਪਿਛਲੇ ਸਮੇਂ ਵਿੱਚ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਅੱਜ, ਕੰਪਿਊਟਰ ਅਤੇ ਇੰਟਰਨੈਟ, ਹਰ ਉਮਰ ਦੇ ਵਿਅਕਤੀ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਤੱਤ ਬਣ ਗਏ ਹਨ, ਖਾਸ ਕਰਕੇ ਨੌਜਵਾਨ ਪੀੜ੍ਹੀ ਕੰਪਿਊਟਰ ਦੀ ਮਦਦ ਨਾਲ ਬਹੁਤ ਸਾਰਾ ਕੰਮ ਕਰਦੀ ਹੈ। ਕੰਪਿਊਟਰ ਅਤੇ ਇੰਟਰਨੈੱਟ ਉਨ੍ਹਾਂ ਲਈ ਇੱਕ ਲਾਜ਼ਮੀ ਜਨੂੰਨ ਬਣ ਗਿਆ ਹੈ। ਅਸੀਂ ਅਜੇ ਵੀ ਇੰਟਰਨੈਟ ਕ੍ਰਾਂਤੀ ਦੇ ਪਹਿਲੇ ਦਿਨ ਦੇ ਪਹਿਲੇ ਮਿੰਟਾਂ ਵਿੱਚ ਹਾਂ। ਜੇਕਰ ਇੰਟਰਨੈੱਟ ਦੀ ਸਕਾਰਾਤਮਕ ਵਰਤੋਂ ਕੀਤੀ ਜਾਵੇ ਤਾਂ ਇਹ ਅਜੋਕੀ ਪੀੜੀ ਲਈ ਇੱਕ ਸੁਨਹਿਰੀ ਵਰਦਾਨ ਹੈ ਕਿਉਂਕਿ ਜੋ ਗਿਆਨ ਦਾ ਭੰਡਾਰ ਅੱਜ ਦੀ ਪੀੜ੍ਹੀ ਨੂੰ ਮਾਊਸ ਦੇ ਇੱਕ ਕਲਿੱਕ ਨਾਲ ਉਪਲਬਧ ਹੋ ਜਾਂਦਾ ਹੈ, ਅਜਿਹਾ ਪਿਛਲੇ ਸਮੇਂ ਵਿੱਚ ਪ੍ਰਾਪਤ ਕਰਨਾ ਸੰਭਵ ਨਹੀਂ ਸੀ। ਇੰਟਰਨੈੱਟ ਉਪਰ ਕਈ ਵਿਲੱਖਣ ਅਤੇ ਰੋਚਕ ਵੈਬਸਾਈਟ ਅਤੇ ਐਪਸ ਉਪਲਬਧ ਹਨ ਜਿੰਨਾ ਨੂੰ ਸਰਫ ਕਰਕੇ ਅਸੀਂ ਵੱਡਮੁੱਲਾ ਗਿਆਨ ਪ੍ਰਾਪਤ ਕਰ ਸਕਦੇ ਹਾਂ, ਸੋ, ਮੈਂ ਅੱਜ ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ ਕੁੱਝ ਰੋਚਕ ਅਤੇ ਵਿਲੱਖਣ ਜਾਣਕਾਰੀ ਨਾਲ ਭਰਪੂਰ ਵੈਬਸਾਈਟ ਲੈ ਕੇ ਆਇਆ ਹਾਂ ਉਮੀਦ ਹੈ ਕਿ ਪਾਠਕ ਪਸੰਦ ਕਰਨਗੇ। ਸੋ, ਆਓ ! ਸਭ ਤੋਂ ਪਹਿਲੀ ਉਸ ਵੈਬਸਾਈਟ ਬਾਰੇ ਜਾਣਦੇ ਹਾਂ ਜੋ ਕਿ ਇੰਟਰਨੈੱਟ ਦੇ ਤਾਜ਼ਾ ਅੰਕੜਿਆਂ ਨਾਲ ਹੀ ਸਬੰਧਤ ਹੈ:

https://wwwi.nternetilvestats.com/: ਇਹ ਵੈੱਬਸਾਈਟ ਤੁਹਾਨੂੰ ਬਹੁਤ ਹੀ ਦਿਲਚਸਪ ਅੰਕੜੇ ਲਾਈਵ ਵਿਖਾਉਂਦੀ ਹੈ ਜਿਵੇਂ ਮੌਜੂਦਾ ਸਮੇਂ ਇੰਟਰਨੈੱਟ ਉੱਪਰ ਕਿੰਨੇ ਯੂਜ਼ਰ ਹਨ, ਇੰਟਰਨੈੱਟ ਉੱਪਰ ਕਿੰਨੀਆਂ ਵੈੱਬਸਾਈਟ ਐਕਟਿਵ ਹਨ, ਰੋਜ਼ਾਨਾ ਕਿਸ ਗਿਣਤੀ ਵਿੱਚ ਈ-ਮੇਲ ਭੇਜੀਆਂ ਜਾਂਦੀਆਂ ਹਨ, ਰੋਜ਼ਾਨਾ ਗੂਗਲ ਵਿੱਚ ਕਿੰਨੀਆਂ ਸਰਚ ਕੀਤੀਆਂ ਜਾਂਦੀਆਂ ਹਨ, ਯੂਟਿਊਬ ਉੱਪਰ ਰੋਜ਼ਾਨਾ ਕਿੰਨੀਆਂ ਵੀਡੀਉਜ਼ ਵੇਖੀਆਂ ਜਾਂਦੀਆਂ ਹਨ, ਫੇਸਬੁੱਕ ਉੱਪਰ ਕਿੰਨੇ ਐਕਟਿਵ ਯੂਜ਼ਰ ਹਨ, ਟਵਿਟਰ ਉੱਪਰ ਕਿੰਨੇ ਟਵੀਟ ਕੀਤੇ ਗਏ, ਇੰਸਟਾਗ੍ਰਾਮ ਉੱਪਰ ਕਿੰਨੀਆਂ ਤਸਵੀਰਾਂ ਅੱਪਲੋਡ ਕੀਤੀਆ ਗਈਆਂ ਅਤੇ ਹੋਰ ਵੀ ਬਹੁਤ ਰੋਚਕ ਅਤੇ ਮਹੱਤਵਪੂਰਨ ਜਾਣਕਾਰੀ ਇਸ ਵੈੱਬਸਾਈਟ ਤੋਂ ਅਸਾਨੀ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ।

http:/i/nfo.cern.ch/hypertext/WWW/The-Project.html : ਇੰਟਰਨੈੱਟ ਉੱਪਰ ਸਭ ਤੋਂ ਪਹਿਲ ਵੈੱਬ ਪੇਜ 6 ਅਗਸਤ 1991 ਨੂੰ ਜਾਰੀ ਹੋਇਆ ਸੀ, ਇਹ ਵੈੱਬ ਪੇਜ ਵਰਲਡ ਵਾਈਡ ਵੈੱਬ ਪ੍ਰੋਜੈਕਟ ਬਾਰੇ ਜਾਣਕਾਰੀ ਦੇਣ ਨੂੰ ਸਮਰਪਿਤ ਸੀ ਅਤੇ ਇਸ ਨੂੰ ਟਿਮ ਬਰਨਰਜ਼-ਲੀ ਦੁਆਰਾ ਬਣਾਇਆ ਗਿਆ ਸੀ। ਇਹ ਯੂਰਪੀਅਨ ਸੰਗਠਨ ਪ੍ਰਮਾਣੂ ਰਿਸਰਚ, ਸੀ।ਈ।ਆਰ।ਐਨ ਵਿਖੇ ਨੈਕਸਟ ਕੰਪਿਊਟਰ ਤੇ ਚੱਲਿਆ, ਪਹਿਲੇ ਵੈੱਬ ਪੇਜ ਦਾ ਪਤਾ http:/i/nfo.cern.ch/hypertext/WWW/The-Project.html ਸੀ । ਜਿਸ ਨੂੰ ਹੁਣ ਵੀ ਇੰਟਰਨੈੱਟ ਤੇ ਖੋਲ ਕੇ ਸਰਫ਼ ਕੀਤਾ ਜਾ ਸਕਦਾ ਹੈ।

http://www.ecourts.govi.n: 7 ਅਗਸਤ 2013 ਨੂੰ, ਭਾਰਤ ਦੇ ਮਾਨਯੋਗ ਚੀਫ਼ ਜਸਟਿਸ ਨੇ ਈ-ਕੋਰਟ ਪ੍ਰੋਜੈਕਟ ਦੇ ਈ-ਕੋਰਟ ਨੈਸ਼ਨਲ ਪੋਰਟਲ ਦੀ ਸ਼ੁਰੂਆਤ ਕੀਤੀ। 2852 ਤੋਂ ਵੱਧ ਜ਼ਿਲ੍ਹਿਆਂ ਅਤੇ ਤਾਲੁਕਾ ਅਦਾਲਤੀ ਕੰਪਲੈਕਸਾਂ ਨੇ ਝਧਘ (ਨੈਸ਼ਨਲ ਜੁਡੀਸ਼ੀਅਲ ਡਾਟਾ ਗਰਿੱਡ) ਪੋਰਟਲ 'ਤੇ ਆਪਣੀ ਮੌਜੂਦਗੀ ਸੁਰੱਖਿਅਤ ਕੀਤੀ ਹੈ। ਝਧਘ ਜ਼ਿਲ੍ਹਾ ਅਦਾਲਤਾਂ ਦੀ ਪੂਰੀ ਕਵਰੇਜ ਦੇ ਨਾਲ ਦੇਸ਼ ਭਰ ਦੀਆਂ ਅਦਾਲਤਾਂ ਲਈ ਆਦੇਸ਼ਾਂ/ਫੈਸਲਿਆਂ ਸਮੇਤ ਕੇਸ ਡੇਟਾ ਲਈ ਰਾਸ਼ਟਰੀ ਡੇਟਾ ਵੇਅਰਹਾਊਸ ਵਜੋਂ ਕੰਮ ਕਰ ਰਿਹਾ ਹੈ। ਇਸ ਪੋਰਟਲ ਵਿੱਚ ਤੁਸੀ ਵੱਖ-ਵੱਖ ਅਦਾਲਤਾਂ ਵਿੱਚ ਕੇਸ ਦਾ ਆਨਲਾਈਨ ਸਟੇਟਸ ਵੇਖ ਸਕਦੇ ਹੋ। ਇਸ ਲਈ ਤੁਹਾਡੇ ਕੋਲ ਪਾਰਟੀ ਦਾ ਨਾਮ, ਕੇਸ ਨੰਬਰ, ਕੇਸ ਦਾ ਸਾਲ ਆਦਿ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਤੁਸੀ ਦਿੱਤੇ ਹੋਏ ਵਿਕਲਪਾਂ ਵਿੱਚੋਂ ਆਪਣੇ ਰਾਜ ਦੀ ਹਾਈਕੋਰਟ ਜਾਂ ਜਿਲਾਂ ਅਦਾਲਤਾਂ ਵਿੱਚ ਚਲ ਰਹੇ ਕੇਸਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਇਸ ਪੋਰਟਲ ਦੇ ਹੈਲਪ ਮੀਨੂ ਨਾਮਕ ਲਿੰਕ ਉਪਰ ਜਾ ਕੇ ਤੁਸੀਂ ਇਸ ਵੈਬਸਾਈਟ ਉਪਰ ਸੂਚਨਾ ਪ੍ਰਾਪਤ ਕਰਨ ਸਬੰਧੀ ਸਹਾਇਤਾ ਲਈ ਵੀਡਿਓ ਵੀ ਵੇਖ ਸਕਦੇ ਹੋ।

https://translate.google.com/ ਗੂਗਲ ਟ੍ਰਾਂਸਲੇਟ ਇੱਕ ਬਹੁ-ਭਾਸ਼ਾਈ ਮਸ਼ੀਨ ਅਨੁਵਾਦ ਸੇਵਾ ਹੈ ਜੋ ਗੂਗਲ ਦੁਆਰਾ ਟੈਕਸਟ, ਦਸਤਾਵੇਜ਼ਾਂ ਅਤੇ ਵੈਬਸਾਈਟਾਂ ਦਾ ਇੱਕ ਭਾਸ਼ਾ ਤੋਂ ਦੂਜੀ ਵਿੱਚ ਅਨੁਵਾਦ ਕਰਨ ਲਈ 2006 ਵਿੱਚ ਵਿਕਸਤ ਕੀਤੀ ਗਈ ਹੈ। ਗੂਗਲ ਟ੍ਰਾਂਸਲੇਟ ਵੱਖ-ਵੱਖ ਪੱਧਰਾਂ 'ਤੇ 109 ਭਾਸ਼ਾਵਾਂ ਦੇ ਸਮਰਥਨ ਦੀ ਯੋਗਤਾ ਰੱਖਦਾ ਹੈ ਅਤੇ ਰੋਜ਼ਾਨਾ 100 ਬਿਲੀਅਨ ਤੋਂ ਵੱਧ ਸ਼ਬਦਾਂ ਦਾ ਅਨੁਵਾਦ ਕੀਤਾ ਜਾਂਦਾ ਹੈ। ਸਮੇਂ-ਸਮੇਂ ਤੇ ਭਾਵੇ ਇਸ ਪੋਰਟਲ ਵਿੱਚ ਸੁਧਾਰ ਕੀਤੇ ਜਾ ਰਹੇ ਹਨ ਪਰੰਤੂ ਹਾਲੇ ਤੱਕ ਵੀ ਇਸ ਵਿੱਚ ਕੀਤੇ ਗਏ ਅਨੁਵਾਦ ਨੂੰ 100 ਫੀਸਦੀ ਸਹੀ ਨਹੀਂ ਮੰਨਿਆ ਜਾ ਸਕਦਾ, ਖਾਸਕਰ ਵੱਡੇ ਵਾਕਾਂ ਵਿੱਚ, ਫਿਰ ਵੀ ਬਹੁਤ ਹੱਦ ਤੱਕ ਇਸ ਸੇਵਾ ਨੂੰ ਲਾਹੇਵੰਦ ਕਿਹਾ ਜਾ ਸਕਦਾ ਹੈ। ਗੂਗਲ ਟਰਾਂਸਲੇਟ ਐਪ ਦੇ ਰੂਪ ਵਿੱਚ ਵੀ ਉਪਲਬਧ ਹੈ।

https://itnyurl.com: ਕਈ ਵਾਰ ਇਹ ਵੇਖਣ ਵਿੱਚ ਆਉਂਦਾ ਹੈ ਕਿ ਕਿਸੇ ਵੈਬ ਪੋਰਟਲ ਦਾ ਵੈਬ ਪਤਾ ਬੜਾ ਹੀ ਲੰਮਾ ਹੁੰਦਾ ਹੈ, ਜਿਸ ਨੂੰ ਉਪਰੋਕਤ ਵੈਬਸਾਈਟ ਦੀ ਸਹਾਇਤਾ ਨਾਲ ਛੋਟਾ ਕੀਤਾ ਜਾ ਸਕਦਾ ਹੈ। ਇਸ ਵੈੱਬਸਾਈਟ ਉਪਰ ਤੁਸੀ ਕਿਸੇ ਵੀ ਵੈੱਬ ਲਿੰਕ ਨੂੰ ਛੋਟੇ ਰੂਪ ਵਿੱਚ ਤਬਦੀਲ ਕਰ ਸਕਦੇ ਹੋ ਜਿਸ ਨੂੰ ਅਸਾਨੀ ਨਾਲ ਯਾਦ ਕੀਤਾ ਜਾ ਸਕਦਾ ਹੈ।

https://iVrustotal.com: ਅੱਜ ਦੇ ਸਮੇਂ ਸਾਨੂੰ ਇੰਟਰਨੈੱਟ ਤੇ ਵੱਖ ਵੱਖ ਪ੍ਰਕਾਰ ਦੇ ਮਾਲਵੇਅਰ ਨਾਲ ਸਾਹਮਣਾ ਕਰਨਾ ਪੈਂਦਾ ਹੈ ਜੋ ਸਾਡੇ ਕੰਪਿਊਟਰ ਤੋਂ ਨਿੱਜੀ ਜਾਣਕਾਰੀ ਕਿਸੇ ਹੋਰ ਵਿਅਕਤੀ ਤੱਕ ਪਹੁੰਚਾਉਣ ਦਾ ਕੰਮ ਕਰਦੇ ਹਨ ਇਸ ਤੋਂ ਬਚਣ ਲਈ ਸਾਨੂੰ ਆਪਣੇ ਕੰਪਿਊਟਰ ਤੇ ਹਮੇਸ਼ਾ ਐਂਟੀ ਵਾਇਰਸ ਸਾਫ਼ਟਵੇਅਰ ਇੰਸਟਾਲ ਕਰਨਾ ਚਾਹੀਦਾ ਹੈ । ਇਨਾਂ ਵਿੱਚ ਬਹੁਤੇ ਸਾਫ਼ਟਵੇਅਰ ਦੀ ਸਾਨੂੰ ਕੀਮਤ ਦੇਣੀ ਪੈਂਦੀ ਹੈ ਜੇ ਤੁਸੀ ਮੁਫ਼ਤ ਵਿੱਚ ਕਿਸੇ ਫਾਈਲ ਨੂੰ ਸਕੈਨ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਵੈੱਬਸਾਈਟ ਤੇ ਵਿਜ਼ਟ ਕਰਨਾ ਪਵੇਗਾ। ਜੇ ਤੁਹਾਡੀ ਫਾਈਲ ਇਸ ਤਰਾਂ ਦੇ ਪ੍ਰੋਗਰਾਮ ਨਾਲ ਪ੍ਰਭਾਵਿਤ ਹੈ ਤਾਂ ਉਸ ਦੇ ਵਿੱਚ ਮੌਜੂਦ ਪ੍ਰਭਾਵਿਤ ਮਾਲਵੇਅਰ ਦੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ।

https://www.ifreeye.com/cyber-map/threat-map.html: ਫਾਇਰ ਆਈ ਵੈੱਬਸਾਈਟ ਦਾ ਉੱਪਰੋਕਤ ਵੈੱਬ ਪੇਜ ਤੁਹਾਨੂੰ ਲਾਈਵ ਇੰਟਰਨੈੱਟ ਉੱਪਰ ਸਾਈਬਰ ਹਮਲੇ ਦੀ ਲੋਕੇਸ਼ਨ ਵਿਖਾਏਗਾ, ਨਾਲ ਹੀ ਉਸ ਦਿਨ ਦੇ ਕੁੱਲ ਕਿੰਨੇ ਹਮਲਿਆਂ ਦੀ ਗਿਣਤੀ ਵੀ ਦੱਸੇਗਾ।

http://www.panjabidigilb.org/: ਇਹ ਵੈਬਸਾਈਟ ਪੰਜਾਬ ਦੇ ਅਮੀਰ ਇਤਿਹਾਸ ਅਤੇ ਸੱਭਿਆਚਾਰ ਨੂੰ ਡਿਜੀਟਾਈਜਡ ਕਰਨ ਦੇ ਉਦੇਸ਼ ਨਾਲ ਹੋਂਦ ਵਿੱਚ ਆਈ, ਪੰਜਾਬ ਡਿਜੀਟਲ ਲਾਇਬ੍ਰੇਰੀ, ਇੱਕ ਗੈਰ ਸਰਕਾਰੀ ਸੰਸਥਾ ਹੈ ਜੋ ਪੰਜਾਬ ਦੀ ਸਭਿਆਚਾਰਕ ਵਿਰਾਸਤ ਨੂੰ ਕੰਪਿਊਟਰਾਈਜਡ (ਡਿਜੀਟਲ) ਤਰੀਕੇ ਨਾਲ ਸਾਂਭਣ ਦਾ ਕਾਰਜ 2003 ਤੋਂ ਕਰ ਰਹੀ ਹੈ। ਹੁਣ ਤੱਕ ਇਸ ਸੰਸਥਾ ਵਲੋ ਇਤਿਹਾਸਕ ਪਖੋਂ ਕਈ ਅਹਿਮ ਦਸਤਾਵੇਜ਼ ਡਿਜੀਟਾਈਜਡ ਕਰ ਕੇ ਆਨਲਾਈਨ ਪੇਸ਼ ਕੀਤੇ ਜਾ ਚੁਕੇ ਹਨ। ਇਹ ਸੰਸਥਾ ਆਨਲਾਈਨ ਰੂਪ ਵਿੱਚ 2009 ਵਿੱਚ ਨਾਨਕਸ਼ਾਹੀ ਟ੍ਰਸਟ ਦੀ ਵਿੱਤੀ ਸਹਾਇਤਾ ਨਾਲ ਸ਼ੁਰੂ ਕੀਤੀ ਗਈ ਸੀ। ਇਹ ਚੰਡੀਗੜ੍ਹ ਵਿਖੇ ਸਥਿਤ ਹੈ। ਇਸ ਵੈਬ ਪੋਰਟਲ ਉਪਰ ਪੁਰਾਤਨ ਖਰੜੇ, ਕਿਤਾਬਾਂ, ਤਸਵੀਰਾਂ, ਅਖ਼ਬਾਰ, ਮੈਗਜ਼ੀਨ, ਫੋਟੋਆਂ, ਆਦਿ ਉਪਲਬਧ ਹਨ ਜਿੰਨਾ ਨੂੰ ਘਰ ਬੈਠੇ ਹੀ ਆਨਲਾਈਨ ਪੜਿਆ, ਵੇਖਿਆ ਜਾ ਸਕਦਾ ਹੈ। ਜਿੰਨਾ ਵਿੱਚ ਪੰਜਾਬ ਭਾਸ਼ਾ ਵਿਭਾਗ, ਪਟਿਆਲਾ, ਸਰਕਾਰੀ ਅਜਾਇਬ ਘਰ ਅਤੇ ਆਰਟ ਗੈਲਰੀ ਚੰਡੀਗੜ੍ਹ, ਪੰਜਾਬ ਪੁਰਾਲੇਖ ਵਿਭਾਗ, ਚੰਡੀਗੜ੍ਹ, ਪੰਜਾਬ ਹੈਰੀਟੇਜ ਟੂਰਿਜ਼ਮ ਪ੍ਰਮੋਸ਼ਨ ਬੋਰਡ ਹੋਰ ਸੰਸਥਾਵਾਂ ਦੇ ਖਰੜੇ ਵੀ ਸ਼ਾਮਿਲ ਹਨ। ਇਸ ਲਾਇਬ੍ਰੇਰੀ ਦਾ ਉਦੇਸ਼ ਲਿਪੀ, ਭਾਸ਼ਾ, ਧਰਮ, ਕੌਮੀਅਤ ਜਾਂ ਹੋਰ ਭੌਤਿਕ ਸਥਿਤੀ ਦੇ ਭੇਦਭਾਵ ਤੋਂ ਬਿਨਾਂ, ਪੰਜਾਬ ਖੇਤਰ ਦੇ ਸੰਚਿਤ ਗਿਆਨ ਨੂੰ ਲੱਭਣਾ, ਡਿਜੀਟਾਈਜ਼ ਕਰ ਕੇ ਆਮ ਲੋਕਾਂ ਤੱਕ ਪਹੁੰਚਯੋਗ ਬਣਾਉਣਾ ਹੈ। ਪੰਜਾਬ ਡਿਜੀਟਲ ਲਾਇਬ੍ਰੇਰੀ 'ਤੇ ਪੂਰੀ ਖਰੜੇ, ਕਿਤਾਬ, ਅਖ਼ਬਾਰ ਜਾਂ ਕਿਸੇ ਵੀ ਸਮੱਗਰੀ ਨੂੰ ਯੋਜਨਾਬੱਧ ਢੰਗ ਨਾਲ ਡਾਊਨਲੋਡ ਕਰਨ ਦੀ ਸਖ਼ਤ ਮਨਾਹੀ ਹੈ। ਇਸ ਸੰਸਥਾ ਨੂੰ ਵੀ ਫੇਸਬੁੱਕ ਅਤੇ ਟਵਿਟਰ ਉਪਰ ਫੋਲੋ ਕੀਤਾ ਜਾ ਸਕਦਾ ਹੈ।

http://www.punjaibpeida.org/ : ਪੰਜਾਬੀ ਯੂਨੀਵਰਸਿਟੀ ਪਟਿਆਲਾ ਜਿਸ ਦੀ ਸਥਾਪਨਾ ਹੀ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ, ਪਚਾਰ ਅਤੇ ਪਰਸਾਰ ਲਈ ਕੀਤੀ ਗਈ ਸੀ। ਇਸ ਹੀ ਮੰਤਵ ਨੂੰ ਮੁੱਖ ਰੱਖਦੇ ਹੋਏ ਯੂਨੀਵਰਸਿਟੀ ਪਿਛਲੇ ਸਮੇਂ ਤੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾ ਦੀ ਪ੍ਰਫੁਲਤਾ ਲਈ ਵਿਸ਼ੇਸ਼ ਕਾਰਜ ਕੀਤੇ ਗਏ ਹਨ। ਸੂਚਨਾ ਤਕਨੀਕ ਦੇ ਯੁੱਗ ਵਿੱਚ 'ਪੰਜਾਬੀਪੀਡੀਆ' ਰਾਹੀਂ ਪੰਜਾਬੀ ਭਾਸ਼ਾ ਦੀ ਸਮੱਗਰੀ ਨੂੰ ਇਟਰਨੈੱਟ 'ਤੇ ਮੁਹਈਆ ਕਰਵਾਉਣਾ ਇਕ ਸਾਰਥਕ ਕਦਮ ਹੈ। ਪੰਜਾਬੀ ਪੀਡੀਆ ਦੀ ਵੈਬਸਾਈਟ ਉਪਰ ਇਸ ਦੇ ਹੋਂਦ ਵਿੱਚ ਆਉਣ ਦਾ ਮਕਸਦ ਇੰਝ ਪਰਿਭਾਸ਼ਿਤ ਕੀਤਾ ਗਿਆ ਹੈ, "ਪੰਜਾਬੀ ਭਾਸ਼ਾ ਨੂੰ ਅੱਜ ਦੇ ਸਮੇਂ ਦੇ ਹਾਣ ਦੀ ਭਾਸ਼ਾ ਬਣਾਉਣ ਲਈ ਅਤੇ ਸਮੂਹ ਪੰਜਾਬੀਆਂ ਨੂੰ ਆਪਣੀ ਭਾਸ਼ਾ, ਸਭਿਆਚਾਰ ਨਾਲ ਜੋੜਨ ਦੇ ਮਕਸਦ ਅਧੀਨ ਪੰਜਾਬੀ ਪੀਡੀਆ ਸੈਂਟਰ ਦੀ ਸਥਾਪਨਾ 26 ਫ਼ਰਵਰੀ 2014 ਨੂੰ ਕੀਤੀ ਗਈ ਹੈ। ਪੰਜਾਬੀਪੀਡੀਆ ਦੇ ਅੰਤਰਗਤ ਪੰਜਾਬੀ ਭਾਸ਼ਾ ਦੇ ਹਰ ਖੇਤਰ ਨਾਲ ਸਬੰਧਿਤ ਸਮੱਗਰੀ ਇੰਟਰਨੈੱਟ 'ਤੇ ਮੁਹੱਈਆ ਕਰਵਾਈ ਜਾ ਰਹੀ ਹੈ। ਇਸਦੇ ਅੰਤਰਗਤ ਸਿੱਖਿਆ, ਵਿਗਿਆਨ, ਕਲਾ, ਧਰਮ, ਸਮਾਜ, ਨਾਵਾਂ ਅਤੇ ਥਾਵਾਂ ਨਾਲ ਸਬੰਧਿਤ ਸਮੱਗਰੀ ਨੂੰ ਆਨਲਾਈਨ ਕਰਨ ਦੇ ਨਾਲ-ਨਾਲ ਪੰਜਾਬੀਪੀਡੀਆ ਪੰਜਾਬੀ ਭਾਸ਼ਾ ਦੇ ਆਨਲਾਈਨ ਤਕਨੀਕੀ ਵਿਕਾਸ ਪ੍ਰਤੀ ਨਿਰੰਤਰ ਕਾਰਜਸ਼ੀਲ ਹੈ।" ਇਸਦੇ ਨਾਲ ਇਸ ਸਰਚ ਇੰਜਣ ਵਿਚ ਸ਼ਬਦਾਂ ਨੂੰ ਲੱਭਣ ਦਾ ਤਰੀਕਾ ਵੀ ਆਸਾਨ ਰੱਖਿਆ ਗਿਆ ਹੈ। ਵਰਤੋਂਕਾਰ ਲਈ ਆਨ ਸਕਰੀਨ, ਫੋਨੈਟਿਕ, ਰਮਿੰਗਟਨ ਜਾਂ ਇਨਸਕਰਿਪਟ ਕੀ-ਬੋਰਡ ਦੀ ਸਹੂਲਤ ਮੁੱਹਈਆ ਕਰਵਾਈ ਗਈ ਹੈ।

https://www.punjaib-kaivta.com: ਪੰਜਾਬੀ ਸਾਹਿਤ ਵਿੱਚ ਰੁਚੀ ਰੱਖਣ ਵਾਲਿਆ ਲਈ ਇਹ ਇਕ ਲਾਹੇਵੰਧ ਵੈਬਸਾਈਟ ਹੋ ਸਕਦੀ ਹੈ। ਇਸ ਵੈਬਸਾਈਟ ਉਪਰ ਪੰਜਾਬ ਦੇ ਨਾਮਵਰ ਕਵੀਆਂ(ਪੁਰਾਣੇ ਅਤੇ ਨਵੇਂ) ਦੀਆਂ ਰਚਨਾਵਾਂ ਤੁਸੀਂ ਪੜ ਸਕਦੇ ਹੋ। ਇਹ ਵੈਬਸਾਈਟ ਨਿਰੰਤਰ ਅਪਡੇਟ ਹੋ ਰਹੀ ਹੈ।

https://bhashaivbhagpunjab.org/izlab-hashadaftar.aspx: ਦੇਸ਼-ਵਿਦੇਸ਼ ਵਿਚ ਵਸਦੇ ਭਾਸ਼ਾ ਵਿਭਾਗ ਦੀ ਇਸ ਵੈੱਬਸਾਈਟ ਤੋਂ ਪੰਜਾਬ ਸਰਕਾਰ ਦੇ ਇਸ ਮਾਣਮੱਤੇ ਅਦਾਰੇ ਦੀ ਕਾਰਗੁਜ਼ਾਰੀ ਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਸ ਵੈਬਸਾਈਟ ਦੇ ਮੁੱਖ ਲਿੰਕ ਜਿੰਨਾ ਵਿੱਚ ਪੰਜਾਬੀ ਵਿਸ਼ਵਕੋਸ਼, ਪੰਜਾਬ ਕੋਸ਼, ਕੋਸ਼ਕਾਰੀ, ਅਨੁਵਾਦ, ਲਿਪੀਅੰਤਰਣ, ਸੰਪਾਦਨ, ਸ਼ਬਦਾਵਲੀ, ਖੇਤਰ, ਵਿਭਾਗੀ ਰਸਾਲਾ, ਪ੍ਰਕਾਸ਼ਨ, ਵਿਕਰੀ ਕੇਂਦਰ, ਕੰਪਿਊਟਰ ਵਿੰਗ, ਪੇਪਰ ਬੈਕ, ਸਰਵੇਖਣ, ਭਾਸ਼ਾਵਾਂ ਦਾ ਵਿਕਾਸ ਲਿੰਕ: ਪੰਜਾਬੀ ਵਿਕਾਸ ਸਕੀਮਾਂ, ਹਿੰਦੀ ਵਿਕਾਸ ਸਕੀਮਾਂ, ਉਰਦੂ ਵਿਕਾਸ ਸਕੀਮਾਂ, ਸੰਸਕ੍ਰਿਤ ਵਿਕਾਸ ਸਕੀਮਾਂ, ਹਵਾਲਾ ਲਾਇਬ੍ਰੇਰੀ, ਪੰਜਾਬੀ ਪ੍ਰਚਾਲਣ ਸਬੰਧੀ ਹਦਾਇਤਾਂ, ਰਾਜ ਸਲਾਹਕਾਰ ਬੋਰਡ, ਵਿਭਾਗੀ ਨਿਯਮ, ਸੂਚਨਾ ਅਧਿਕਾਰ ਐਕਟ, ਰਾਜ ਭਾਸ਼ਾ ਐਕਟ ਆਦਿ ਵਿੱਚੋਂ ਵਿਭਾਗ ਦੇ ਵੱਡਮੁੱਲੇ ਕਾਰਜਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਪਿਛਲੇ ਕੁੱਝ ਸਮੇਂ ਤੋਂ ਭਾਸ਼ਾ ਵਿਭਾਗ ਪੰਜਾਬ ਨੇ ਸਮੇਂ ਦੇ ਹਾਣੀ ਬਣਨ ਲਈ ਹੋਰ ਨਵੇਂ ਕਾਰਜ ਵੱਡੇ ਪੱਧਰ ਉਪਰ ਆਰੰਭੇ ਹਨ।

www.iskhmarg.com/converter/: ਇਸ ਆਨਲਾਈਨ ਵੈਬ ਪੋਰਟਲ ਉਪਰ ਤੁਸੀਂ ਅਨਮੋਲ ਲਿਪੀ, ਗੁਰਬਾਣੀ ਲਿਪੀ, ਚਾਤਰਿਕ/ਚਾਤਰਿਕ ਵੈੱਬ, ਅਸੀਸ ਅਤੇ ਸੱਤਲੁਜ ਫੌਂਟ ਵਿੱਚ ਟਾਈਪ ਕੀਤੀ ਲਿਖਤ ਨੂੰ ਮਾਊਸ ਦੇ ਇਕ ਕਲਿੱਕ ਨਾਲ ਯੂਨੀਕੋਡ ਵਿੱਚ ਤਬਦੀਲ ਕਰ ਸਕਦੇ ਹੋ। ਇਹੀ ਪ੍ਰਚਿਲਤ ਫੌਂਟ ਹਨ। ਜੇਕਰ ਕਿਸੇ ਫੌਂਟ ਫੇਮਿਲੀ ਵਿੱਚ ਕੋਈ ਅੱਖਰ ਵੱਖਰਾ ਹੈ ਤਾਂ ਯੂਨੀਕੋਡ ਵਿੱਚ ਅੱਖਰਮਾਲਾ ਦਾ ਵਿਕਲਪ ਦਿੱਤਾ ਗਿਆ ਹੈ ਜਿਸ ਨੂੰ ਅਸਾਨੀ ਨਾਲ ਕਾਪੀ ਪੇਸਟ ਕੀਤਾ ਜਾ ਸਕਦਾ ਹੈ।

https://jamabanid.punjab.govi.n: ਪੰਜਾਬ ਸਰਕਾਰ ਨੇ ਆਨਲਾਈਨ ਜਮੀਨ ਰਿਕਾਰਡ ਪੋਰਟਲ ਸ਼ੁਰੂ ਕੀਤਾ ਹੈ, ਅਸੀਂ ਸਾਰੇ ਜਾਣਦੇ ਹਾਂ ਕਿ ਜਮੀਨ ਸਬੰਧੀ ਵੇਰਵੇ ਬਹੁਤ ਮਹੱਤਵਪੂਰਨ ਹੁੰਦੇ ਹਨ: ਕਈ ਤਰ੍ਹਾਂ ਦੇ ਸਰਟੀਫਿਕੇਟ ਹਨ ਜੋ ਸਾਨੂੰ ਸਾਡੀ ਜ਼ਮੀਨ ਦੇ ਸਬੰਧ ਵਿੱਚ ਲੋੜੀਂਦੇ ਹਨ ਜਿਵੇਂ ਕਿ ਜਮ੍ਹਾਂਬੰਦੀ ਨਕਲ, ਜ਼ਮੀਨੀ ਰਿਕਾਰਡ ਪ੍ਰਮਾਣੀਕਰਣ, ਇੰਤਕਾਲ ਆਦਿ। ਹੁਣ ਤੁਸੀਂ ਘਰ ਬੈਠੇ ਹੀ ਆਨਲਾਈਨ ਜਿਵੇਂ: ਜਮਾਂਬੰਦੀ, ਇੰਤਕਾਲ, ਰੋਜਨਾਮਚਾ, ਰਜਿਸਟਰੀ ਤੋ ਬਾਦ ਇੰਤਕਾਲ ਦੀ ਸਥਿਤੀ ਆਦਿ ਬਾਰੇ ਜਾਣਕਾਰੀ ਮਾਊਸ ਦੇ ਕਲਿੱਕ ਨਾਲ ਪ੍ਰਾਪਤ ਕਰ ਸਕਦੇ ਹੋ। ਇਸ ਲਈ ਤੁਹਾਨੂੰ ਪਹਿਲਾ ਆਪਣਾ ਜਿਲ੍ਹਾ, ਤਹਿਸੀਲ, ਪਿੰਡ ਅਤੇ ਸਾਲ ਦਾ ਨਾਮ ਭਰਨਾ ਪਵੇਗਾ ਫਿਰ ਤੁਸੀ ਵੇਰਵਿਆਂ ਨੂੰ ਹੇਠ ਲਿਖੀਆਂ ਵਿਕਲਪਾਂ ਦੀ ਸਹਾਇਤਾ ਨਾਲ ਵੇਖ, ਪ੍ਰਿੰਟ ਕਰ ਸਕਦੇ ਹੋ: ਮਾਲਕ ਦੇ ਨਾਮ ਮੁਤਾਬਕ,ਖੇਵਟ ਨੰ: ਮੁਤਾਬਕ, ਖਸਰਾ ਨੰ: ਮੁਤਾਬਕ, ਖਤੌਨੀ ਨੰ: ਮੁਤਾਬਕ।

http://www.ecourts.govi.n: 7 ਅਗਸਤ 2013 ਨੂੰ, ਭਾਰਤ ਦੇ ਮਾਨਯੋਗ ਚੀਫ਼ ਜਸਟਿਸ ਨੇ ਈ-ਕੋਰਟ ਪ੍ਰੋਜੈਕਟ ਦੇ ਈ-ਕੋਰਟ ਨੈਸ਼ਨਲ ਪੋਰਟਲ ਦੀ ਸ਼ੁਰੂਆਤ ਕੀਤੀ। 2852 ਤੋਂ ਵੱਧ ਜ਼ਿਲ੍ਹਿਆਂ ਅਤੇ ਤਾਲੁਕਾ ਅਦਾਲਤੀ ਕੰਪਲੈਕਸਾਂ ਨੇ ਝਧਘ (ਨੈਸ਼ਨਲ ਜੁਡੀਸ਼ੀਅਲ ਡਾਟਾ ਗਰਿੱਡ) ਪੋਰਟਲ 'ਤੇ ਆਪਣੀ ਮੌਜੂਦਗੀ ਸੁਰੱਖਿਅਤ ਕੀਤੀ ਹੈ। ਝਧਘ ਜ਼ਿਲ੍ਹਾ ਅਦਾਲਤਾਂ ਦੀ ਪੂਰੀ ਕਵਰੇਜ ਦੇ ਨਾਲ ਦੇਸ਼ ਭਰ ਦੀਆਂ ਅਦਾਲਤਾਂ ਲਈ ਆਦੇਸ਼ਾਂ/ਫੈਸਲਿਆਂ ਸਮੇਤ ਕੇਸ ਡੇਟਾ ਲਈ ਰਾਸ਼ਟਰੀ ਡੇਟਾ ਵੇਅਰਹਾਊਸ ਵਜੋਂ ਕੰਮ ਕਰ ਰਿਹਾ ਹੈ। ਇਸ ਪੋਰਟਲ ਵਿੱਚ ਤੁਸੀ ਵੱਖ-ਵੱਖ ਅਦਾਲਤਾਂ ਵਿੱਚ ਕੇਸ ਦਾ ਆਨਲਾਈਨ ਸਟੇਟਸ ਵੇਖ ਸਕਦੇ ਹੋ। ਇਸ ਲਈ ਤੁਹਾਡੇ ਕੋਲ ਪਾਰਟੀ ਦਾ ਨਾਮ, ਕੇਸ ਨੰਬਰ, ਕੇਸ ਦਾ ਸਾਲ ਆਦਿ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਤੁਸੀ ਦਿੱਤੇ ਹੋਏ ਵਿਕਲਪਾਂ ਵਿੱਚੋਂ ਆਪਣੇ ਰਾਜ ਦੀ ਹਾਈਕੋਰਟ ਜਾਂ ਜਿਲਾਂ ਅਦਾਲਤਾਂ ਵਿੱਚ ਚਲ ਰਹੇ ਕੇਸਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਇਸ ਪੋਰਟਲ ਦੇ ਹੈਲਪ ਮੀਨੂ ਨਾਮਕ ਲਿੰਕ ਉਪਰ ਜਾ ਕੇ ਤੁਸੀਂ ਇਸ ਵੈਬਸਾਈਟ ਉਪਰ ਸੂਚਨਾ ਪ੍ਰਾਪਤ ਕਰਨ ਸਬੰਧੀ ਸਹਾਇਤਾ ਲਈ ਵੀਡਿਓ ਵੀ ਵੇਖ ਸਕਦੇ ਹੋ।

https://istes.google.com/ivew/ppppja-landhar/: ਪੰਜਾਬ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਸਿੱਖਿਆ ਵਿੱਚ ਦਿਲਚਸਪੀ ਵਧਾਉਣ, ਵੱਖ-ਵੱਖ ਵਿਧੀਆਂ ਰਾਹੀਂ ਉਹਨਾਂ ਦੇ ਸਿਲੇਬਸ ਦੀ ਆਸਾਨ ਤਰੀਕੇ ਨਾਲ ਦੁਹਰਾਈ ਕਰਵਾਉਣ ਅਤੇ ਉਹਨਾਂ ਦੇ ਗਿਆਨ ਵਿਚ ਵਾਧਾ ਕਰਨ ਦੀ ਇਹ ਇਕ ਸਾਰਥਕ ਕੋਸ਼ਿਸ਼ ਕੀਤੀ ਗਈ ਹੈ। ਜੇਕਰ ਇਸ ਵੈਬਸਾਈਟ ਦਾ ਸੰਚਾਲਨ ਪੰਜਾਬ ਐਜੂਕੇਰ ਟੀਮ ਜਲੰਧਰ ਕਰ ਰਹੀ ਹੈ। ਇਸ ਵਿੱਚ ਵਿਦਿਆਰਥੀ ਦਾ ਕੋਨਾ, ਅਧਿਆਪਕਾਂ ਦਾ ਸਟੇਸ਼ਨ, ਨਤੀਜੇ ਅਤੇ ਮੁਲਾਕਣ, ਸਿਲੇਬਸ, ਡੇਟਸ਼ੀਟ, ਈ-ਪੁਸਤਕਾਂ, ਅੱਜ ਦਾ ਸ਼ਬਦ, ਉਡਾਣ ਸ਼ੀਟਸ ਆਦਿ ਵੈਬ ਪੰਨੇ ਵਿਦਿਆਰਥੀ ਅਤੇ ਅਧਿਆਪਕ ਵਰਗ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਬਣਾਏ ਗਏ ਹਨ। ਇਹ ਵੈਬਸਾਈਟ ਦਾ ਐਪ ਪੰਜਾਬ ਐਜੂਕੇਅਰ ਰੂਪ ਵਿੱਚ ਵੀ ਉਪਲਬਧ ਹੈ।

https://www.globalteacherpirze.org/: ਗਲੋਬਲ ਟੀਚਰ ਪ੍ਰਾਈਜ਼ ਅਧਿਆਪਨ ਕਿਤੇ ਦੀ ਮਹੱਤਤਾ ਅਤੇ ਇਸ ਤੱਥ ਨੂੰ ਰੇਖਾਂਕਿਤ ਕਰਨ ਲਈ ਕੰਮ ਕਰਦਾ ਹੈ ਤਾਂ ਜੋ ਦੁਨੀਆ ਭਰ ਵਿੱਚ, ਉਹਨਾਂ ਦੇ ਯਤਨਾਂ ਨੂੰ ਮਾਨਤਾ ਮਿਲ ਸਕੇ। ਗਲੋਬਲ ਟੀਚਰ ਪ੍ਰਾਈਜ਼ ਇੱਕ ਮੀਲੀਅਨ ਅਮਰੀਕੀ ਡਾਲਰ ਪੁਰਸਕਾਰ ਹੈ ਜੋ ਹਰ ਸਾਲ ਇੱਕ ਬੇਮਿਸਾਲ ਅਧਿਆਪਕ ਨੂੰ ਦਿੱਤਾ ਜਾਂਦਾ ਹੈ ਜਿਸਨੇ ਆਪਣੇ ਪੇਸ਼ੇ ਵਿੱਚ ਸ਼ਾਨਦਾਰ ਯੋਗਦਾਨ ਪਾਇਆ ਹੋਵੇ। ਮੌਜੂਦਾ ਸਮੇਂ ਕਾਰਨ ਕੁੱਝ ਵੀ ਹੋਣ ਅਧਿਆਪਨ ਕਿਤੇ ਦੇ ਡਿੱਗ ਰਹੇ ਮਿਆਰ ਦੀਆਂ ਆ ਰਹੀਆਂ ਖੋਜਾਂ ਨੇ ਵਰਕੀ ਫਾਊਂਡੇਸ਼ਨ ਦੇ ਚੇਅਰਮੈਨ ਸੰਨੀ ਵਾਰਕੀ ਨੂੰ ਹੈਰਾਨ ਕਰ ਦਿੱਤਾ, ਜਿਸ ਦੇ ਮਾਤਾ-ਪਿਤਾ ਦੋਵੇਂ ਅਧਿਆਪਕ ਸਨ। ਉਸਨੇ ਪੇਸ਼ੇ ਦੀ ਪ੍ਰੋਫਾਈਲ ਨੂੰ ਪਹਿਚਾਨਣ/ਉਤਸ਼ਾਹਿਤ/ਵਧਾਉਣ ਦੇ ਉਦੇਸ਼ ਨਾਲ ਜਵਾਬ ਵਜੋਂ ਗਲੋਬਲ ਟੀਚਰ ਪ੍ਰਾਈਜ਼ ਦੀ ਸਥਾਪਨਾ ਕੀਤੀ। ਗਲੋਬਲ ਟੀਚਰ ਪ੍ਰਾਈਜ਼ ਲਈ ਬਿਨੈਕਾਰਾਂ ਦਾ ਨਿਰਣਾ ਇੱਕ ਅਸਾਧਾਰਣ ਅਧਿਆਪਕ ਦੀ ਪਛਾਣ ਕਰਨ ਲਈ ਮਾਪਦੰਡਾਂ ਦੇ ਅਧਾਰ ਉਪਰ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਇਹ ਸੰਸਥਾ ਹੁਣ ਛਹਇਗਗ।ੋਰਗ ਦੇ ਸਹਿਯੋਗ ਨਾਲ ਗਲੋਬਲ ਸਟੂਡੈਂਟ ਪ੍ਰਾਈਜ ਵੀ ਸ਼ੁਰੂ ਕੀਤਾ ਗਿਆ ਹੈ। ਗਲੋਬਲ ਸਟੂਡੈਂਟ ਪ੍ਰਾਈਜ਼ ਉਹਨਾਂ ਸਾਰੇ ਵਿਦਿਆਰਥੀਆਂ ਲਈ ਖੁੱਲ੍ਹਾ ਹੈ ਜੋ ਘੱਟੋ-ਘੱਟ 16 ਸਾਲ ਦੇ ਹਨ ਅਤੇ ਕਿਸੇ ਅਕਾਦਮਿਕ ਸੰਸਥਾ ਜਾਂ ਸਿਖਲਾਈ ਅਤੇ ਹੁਨਰ ਪ੍ਰੋਗਰਾਮ ਵਿੱਚ ਦਾਖਲ ਹਨ। ਪਾਰਟ ਟਾਈਮ ਵਿਦਿਆਰਥੀਆਂ ਦੇ ਨਾਲ-ਨਾਲ ਔਨਲਾਈਨ ਕੋਰਸਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਵੀ ਇਨਾਮ ਦੇ ਯੋਗ ਹਨ। ਇਸ ਵਕਾਰੀ ਪੁਰਸਕਾਰ ਲਈ ਅਪਲਾਈ ਫਰਵਰੀ ਅਤੇ ਅਪ੍ਰੈਲ ਦੇ ਮਹੀਨਿਆਂ ਵਿਚਕਾਰ ਕੀਤਾ ਜਾ ਸਕਦਾ ਹੈ। ਜੇਤੂ ਦਾ ਐਲਾਨ ਨਵੰਬਰ ਵਿੱਚ ਇੱਕ ਇਨਾਮ ਸਮਾਰੋਹ ਵਿੱਚ ਕੀਤਾ ਜਾਂਦਾ ਹੈ। ਭਾਰਤੀਆਂ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਪਿਛਲੇ ਸਮੇਂ ਰਣਜੀਤ ਸੀਂਹ ਦਿਲਾਸੇ ਜੋ ਕਿ ਮਹਾਰਾਸ਼ਟਰ ਸੂਬੇ ਵਿੱਚ ਇਕ ਪ੍ਰਾਇਮਰੀ ਸਕੂਲ ਵਿੱਚ ਅਧਿਆਪਨ ਦੀਆਂ ਬਹੁਪੱਖੀ ਸੇਵਾਵਾਂ ਨਿਭਾ ਰਹੇ ਹਨ ਉਨ੍ਹਾਂ ਨੂੰ ਇਸ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ।

https://ePunjabSchool.govi.n/: ਇਹ ਵੈਬਸਾਈਟ/ਐਪ ਪੰਜਾਬ ਸਿੱਖਿਆ ਵਿਭਾਗ ਦੇ ਐਮ।ਆਈ।ਐਸ ਵਿੰਗ ਦੁਆਰਾ ਬਣਾਈ ਗਈ ਹੈ। ਇਹ ਵੈੱਬ ਪੋਰਟਲ ਵਿਦਿਆਰਥੀਆਂ, ਅਧਿਆਪਕਾਂ, ਸਕੂਲ ਦੇ ਬੁਨਿਆਦੀ ਢਾਂਚੇ, ਹਾਜ਼ਰੀ ਆਦਿ ਨਾਲ ਸਬੰਧਤ ਜਾਣਕਾਰੀ ਦੇ ਪ੍ਰਬੰਧਨ ਲਈ ਆਨਲਾਈਨ ਸਾਫਟਵੇਅਰ ਹੈ। ਸਕੂਲ ਅਧਿਕਾਰੀਆਂ ਦੁਆਰਾ ਜਾਣਕਾਰੀ ਹਰ ਮਹੀਨੇ ਅਪਡੇਟ ਕੀਤੀ ਜਾਂਦੀ ਹੈ। ਤੁਸੀਂ ਕਿਸੇ ਵੀ ਪੰਜਾਬ ਦੇ ਸਕੂਲ ਬਾਰੇ ਜਾਣਕਾਰੀ ਇਸ ਦੇ ਸਕੂਲ ਵੈਬਸਾਈਟ ਲਿੰਕ ਉਪਰ ਜਾ ਕੇ ਅਸਾਨੀ ਨਾਲ ਪ੍ਰਾਪਤ ਕਰ ਸਕਦੇ ਹੋ। ਇਸ ਦਾ ਐਪ ਸੰਸਕਰਣ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ।

cspunjab.inrmancampus.coi.ni/ndex.php: ਇਸ ਵੈਬਸਾਈਟ ਉਪਰ ਕੰਪਿਊਟਰ ਸਾਇੰਸ ਵਿਸ਼ੇ ਨਾਲ ਸਬੰਧਤ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਵਿਸ਼ੇ ਨਾਲ ਸੰਬੰਧਿਤ ਸਹਾਇਕ ਸਮੱਗਰੀ ਟੈਕਸਟ ਅਤੇ ਵੀਡਿਓ ਦੇ ਰੂਪ ਵਿੱਚ ਸ਼ਾਮਿਲ ਕੀਤੀ ਗਈ ਹੈ। ਵੈਬਸਾਈਟ ਉਪਰ ਜਮਾਤ ਵਾਈਜ ਪੰਜਾਬੀ ਅਤੇ ਅੰਗਰੇਜੀ ਮਾਧਿਅਮ ਦੇ ਰੂਪ ਵਿੱਚ ਵਿਦਿਆਰਥੀਆਂ ਲਈ ਈ-ਕੰਨਟੈਂਟ ਉਪਲਬਧ ਹਨ। ਵਿਦਿਆਰਥੀਆਂ ਲਈ ਕੁਇਜ਼ ਪ੍ਰੈਕਟਿਸ ਦਾ ਦਾ ਵੀ ਵਿਕਲਪ ਦਿੱਤਾ ਗਿਆ ਹੈ।

https://www.w3schools.com/: ਕੰਪਿਊਟਰ ਵਿਸ਼ੇ ਵਿੱਚ ਆਪਣਾ ਕੈਰੀਅਰ ਬਣਾਉਣ ਦੇ ਚਾਹਵਾਨ ਜਾਂ ਕਹਿ ਲਉ ਕਿ ਕੰਪਿਊਟਰ ਦੀਆਂ ਪ੍ਰੋਗਰਾਮਿੰਗ ਭਾਸ਼ਾਵਾ ਵਿੱਚ ਰੁਚੀ ਜਾਂ ਸਿੱਖਣ ਦੇ ਚਾਹਵਾਨ ਵਿਦਿਆਰਥੀਆ ਲਈ ਇਹ ਇੱਕ ਬਹੁਤ ਹੀ ਉਪਯੋਗੀ ਵੈਬਸਾਈਟ ਹੈ। ਇਸ ਉਪਰ ਵੀਡਿਓ ਰਾਹੀ ਪ੍ਰੋਗਰਾਮਿੰਗ ਨਾਲ ਸਬੰਧਤ ਸਿੱਖਣ ਵਿਧੀਆਂ ਮੁਹਈਆ ਕਰਵਾਈ ਗਈਆ ਹਨ। ਵੈਬਸਾਈਟ ਦੀ ਬਣਤਰ ਅਤੇ ਮੀਨੂ ਬਹੁਤ ਹੀ ਸਰਲ ਅਤੇ ਵਧੀਆ ਦਿਖ ਵਾਲੇ ਹਨ। ਇਸ ਪੋਰਟਲ ਨੂੰ ਸਿੱਖਣ ਅਤੇ ਟੈਸਟਿੰਗ ਲਈ ਅਨੁਕੂਲ ਬਣਾਇਆ ਗਿਆ ਹੈ। ਪੜ੍ਹਨ ਅਤੇ ਬੁਨਿਆਦੀ ਸਮਝ ਨੂੰ ਬਿਹਤਰ ਬਣਾਉਣ ਲਈ ਉਦਾਹਰਨਾਂ ਨੂੰ ਸਰਲ ਬਣਾਇਆ ਗਿਆ ਹੈ। ਗਲਤੀਆਂ ਤੋਂ ਬਚਣ ਲਈ ਟਿਊਟੋਰਿਅਲਸ, ਹਵਾਲਿਆਂ ਅਤੇ ਉਦਾਹਰਨਾਂ ਦੀ ਲਗਾਤਾਰ ਸਮੀਖਿਆ ਕੀਤੀ ਜਾਂਦੀ ਹੈ। ਇਹ ਵੈਬਸਾਈਟ ਵੀ ਐਪ ਦੇ ਰੂਪ ਵਿੱਚ ਉਪਲਬਧ ਹੈ।

https://www.canada.ca/en/serivcesi/mimgraiton-icitzensihp.html: ਪੰਜਾਬੀਆਂ ਲਈ ਕੈਨੇਡਾ ਇਕ ਸੁਪਨਿਆਂ ਦੇਸ ਵਾਂਗ ਹੈ। ਇਹ ਵੈਬਸਾਈਟ ਕੈਨੇਡਾ ਸਰਕਾਰ ਦੀ ਡਿਜੀਟਲ ਮੌਜੂਦਗੀ ਹੈ। ਇਸ ਸਾਈਟ ਦਾ ਟੀਚਾ ਇੰਟਰਨੈੱਟ ਰਾਹੀ ਆਮ ਲੋਕਾਂ ਲਈ ਕੈਨੇਡਾ ਸਰਕਾਰ ਦੀ ਜਾਣਕਾਰੀ ਅਤੇ ਸੇਵਾਵਾਂ ਨੂੰ ਲੱਭਣਾ ਅਤੇ ਸਮਝਣਾ ਆਸਾਨ ਬਣਾਉਣਾ ਹੈ। ਵਿਦਿਆਰਥੀ ਅਤੇ ਹੁਨਰਮੰਦ ਕਾਮੇ ਕੈਨੇਡਾ ਸਰਕਾਰ ਵਲੋਂ ਐਲਾਨੇ ਵੱਖ-ਵੱਖ ਸਿਟੀਜਨ ਪ੍ਰੋਗਰਾਮਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

https://ifleihppo.com/: ਇਹ ਇਕ ਸਾਫਟਵੇਅਰ ਡਾਊਨਲੋਡ ਕਰਨ ਵਾਲੀ ਵੈੱਬਸਾਈਟ ਹੈ ਜੋ ਵਿੰਡੋਜ਼ ਲਈ ਕੰਪਿਊਟਰ ਸਾਫਟਵੇਅਰ ਉਪਲਬਧ ਕਰਵਾਉਂਦੀ

**(ਬਾਕੀ ਅਗਲੇ ਸਫੇ 'ਤੇ)**

# ਵਿਲੱਖਣ ਜਾਣਕਾਰੀ ਭਰਪੂਰ ਵੈਬਸਾਈਟਸ

(ਸਫਾ 28 ਦੀ ਬਾਕੀ)

ਹੈ। ਵੈੱਬਸਾਈਟ ਵਿੱਚ ਸਾਫਟਵੇਅਰ ਨੂੰ ਸ਼੍ਰੇਣੀਬੱਧ ਕੀਤਾ ਗਿਆ ਹੈ। ਪ੍ਰੋਗਰਾਮ ਜਾਣਕਾਰੀ ਲਿੰਕ ਦੇ ਨਾਲ ਸਭ ਤੋਂ ਤਾਜ਼ਾ ਅੱਪਡੇਟ ਕੀਤੇ ਪ੍ਰੋਗਰਾਮਾਂ ਅਤੇ ਸਭ ਤੋਂ ਪ੍ਰਸਿੱਧ ਡਾਊਨਲੋਡਸ ਨੂੰ ਸੂਚੀਬੱਧ ਕੀਤਾ ਗਿਆ ਹੈ। ਇਸ ਵੈੱਬਸਾਈਟ 'ਤੇ ਰਜਿਸਟ੍ਰੇਸ਼ਨ ਦੀ ਲੋੜ ਨਹੀਂ ਹੈ। ਇੱਥੇ ਇੱਕ 'ਫਾਈਲਹਿਪੂ' ਐਪ ਮੈਨੇਜਰ ਵੀ ਹੈ, ਇੱਕ ਮੁਫਤ ਪ੍ਰੋਗਰਾਮ ਜੋ ਪੁਰਾਣੇ ਸਾਫਟਵੇਅਰ ਲਈ ਕੰਪਿਊਟਰ ਨੂੰ ਸਕੈਨ ਕਰਦਾ ਹੈ ਅਤੇ ਹੋਰ ਤਾਜ਼ਾ ਸੰਸਕਰਣਾਂ ਲਈ ਲਿੰਕ ਪੇਸ਼ ਕਰਦਾ ਹੈ। ਵੈੱਬਸਾਈਟ ਨੂੰ ਉਪਭੋਗਤਾ ਦਾਨ ਅਤੇ ਤੀਜੀ-ਧਿਰ ਦੇ ਵਿਗਿਆਪਨ ਦੁਆਰਾ ਫੰਡ ਕੀਤਾ ਜਾਂਦਾ ਹੈ।

https://www.truecaller.com/: ਟਰੂ ਕਾਲਰ ਐਪ ਉਪਭੋਗਤਾਵਾਂ ਨੂੰ ਇਹ ਪਤਾ ਲਗਾਉਣ ਦੀ ਆਗਿਆ ਦਿੰਦੀ ਹੈ ਕਿ ਉਨ੍ਹਾਂ ਨੂੰ ਕੌਣ ਕਾਲ ਕਰ ਰਿਹਾ ਹੈ ਜਾਂ ਮੈਸੇਜ ਕਰ ਰਿਹਾ ਹੈ। ਇਸ ਦੀ ਵਰਤੋਂ ਉਸ ਸਮੇਂ ਉਪਯੋਗੀ ਹੁੰਦੀ ਹੈ ਜਦੋਂ ਤੁਹਾਡੇ ਕੋਲ ਕਾਲ ਕਰ ਰਹੇ ਦਾ ਨੰਬਰ ਸੁਰੱਖਿਅਤ ਤੁਹਾਡੀ ਸੰਪਰਕ ਸੂਚੀ ਵਿੱਚ ਸ਼ਾਮਿਲ ਨਹੀਂ ਹੁੰਦਾ ਹੈ ਕਿਉਂਕਿ ਤੁਸੀਂ ਕਾਲ ਚੁੱਕਣ ਤੋਂ ਪਹਿਲਾਂ ਜਾਣ ਸਕਦੇ ਹੋ ਕਿ ਤੁਹਾਨੂੰ ਜਵਾਬ ਦੇਣਾ ਚਾਹੀਦਾ ਹੈ ਜਾਂ ਅਸਵੀਕਾਰ ਕਰਨਾ ਚਾਹੀਦਾ ਹੈ। ਐਪ ਆਪਣੇ ਸਾਰੇ ਉਪਭੋਗਤਾਵਾਂ ਦੀਆਂ ਐਡਰੈੱਸ ਬੁੱਕਾਂ ਤੋਂ ਸੰਪਰਕ ਵੇਰਵਿਆਂ ਨੂੰ ਇਕੱਠਾ ਸਰੋਤ ਕਰਦੀ ਹੈ, ਇਸਦੇ ਬਹੁਤ ਸਾਰੇ ਫਾਇਦੇ ਹਨ ਜਿਵੇਂ ਕਿ ਨੰਬਰਾਂ ਨੂੰ ਬਲੌਕ ਕਰਨਾ, ਨੰਬਰਾਂ ਨੂੰ ਸਪੈਮ ਵਜੋਂ ਮਾਰਕ ਕਰਨਾ ਤਾਂ ਜੋ ਤੁਸੀਂ ਉਹਨਾਂ ਕਾਲਾਂ ਤੋਂ ਬਚ ਸਕੋ, ਅਤੇ ਹੋਰ ਵੀ ਬਹੁਤ ਕੁਝ। ਪਰੰਤੂ ਕਈ ਵਾਰ ਤੁਹਾਡਾ ਨਾਮ ਇਸ ਵਿੱਚ ਗਲਤ ਵੀ ਪੇਸ਼ ਕੀਤਾ ਜਾਂਦਾ ਹੈ। ਟਰੂ ਕਾਲਰ ਦੇ ਤੁਹਾਡੇ ਨਾਮ ਨੂੰ ਗਲਤ ਦਿਖਾਉਣ ਦੇ ਦੋ ਮੁੱਖ ਕਾਰਨ ਹੋ ਸਕਦੇ ਹਨ: 1।ਤੁਹਾਡੇ ਬਹੁਤ ਸਾਰੇ ਲੋਕਾਂ ਨੇ ਤੁਹਾਡਾ ਗਲਤ ਨਾਮ ਆਪਣੀਆਂ ਫੋਨ ਬੁੱਕਾਂ ਵਿੱਚ ਸੁਰੱਖਿਅਤ ਕਰ ਲਿਆ ਹੈ। 2। ਤੁਸੀਂ ਆਪਣਾ ਫ਼ੋਨ ਨੰਬਰ ਨਵਾਂ ਹਾਸਲ ਕੀਤਾ ਹੈ ਅਤੇ ਟਰੂ ਕਾਲਰ ਹਾਲੇ ਵੀ ਪਿਛਲੇ ਮਾਲਕ ਦਾ ਨਾਮ ਦਿਖਾ ਰਿਹਾ ਹੈ। ਤੁਸੀਂ ਟਰੂ ਕਾਲਰ ਦੀ ਵੈਬਸਾਈਟ ਜਾਂ ਐਪ ਉਪਰ ਕੇ ਅਸਾਨੀ ਨਾਲ ਆਪਣਾ ਨਾਮ ਸਹੀ ਕਰ ਸਕਦੇ ਹੋ।

https://duckduckgo.com: DuckDuckGo (ਸੰਖੇਪ ਵਿੱਚ DDG ਵੀ ਕਿਹਾ ਜਾਂਦਾ ਹੈ) ਇੱਕ ਇੰਟਰਨੈਟ ਖੋਜ ਇੰਜਣ ਹੈ ਜੋ ਖੋਜਕਰਤਾਵਾਂ ਦੀ ਗੋਪਨੀਯਤਾ ਦੀ ਰੱਖਿਆ ਕਰਨ ਅਤੇ ਵਿਅਕਤੀਗਤ ਖੋਜ ਨਤੀਜਿਆਂ ਦੇ ਫਿਲਟਰ ਬੁਲਬੁਲੇ ਤੋਂ ਬਚਣ 'ਤੇ ਜ਼ੋਰ ਦਿੰਦਾ ਹੈ। ਇਹ ਪੋਰਟਲ ਸਮੱਗਰੀ ਫਾਰਮਾਂ ਤੋਂ ਖੋਜ ਨਤੀਜੇ ਨਹੀਂ ਵਿਖਾਉਂਦਾ ਹੈ। ਇਹ ਸਵਾਲਾਂ ਦੇ ਤੇਜ਼ ਨਤੀਜੇ ਦਿਖਾਉਣ ਲਈ ਹੋਰ ਵੈੱਬਸਾਈਟਾਂ ਦੇ ਵੱਖ-ਵੱਖ API (ਐਪਲੀਕੇਸ਼ਨ ਪ੍ਰੋਗਰਾਮਿੰਗ ਇੰਟਰਫੇਸ) ਦੀ ਵਰਤੋਂ ਕਰਦਾ ਹੈ ਅਤੇ ਰਵਾਇਤੀ ਲਿੰਕਾਂ ਲਈ ਇਹ ਆਪਣੇ ਭਾਈਵਾਲਾਂ (ਮੁੱਖ ਤੌਰ 'ਤੇ ਬਿੰਗ) ਅਤੇ ਆਪਣੇ ਖੁਦ ਦੇ ਕ੍ਰਾਲਰ ਦੀ ਮਦਦ ਦੀ ਵਰਤੋਂ ਕਰਦਾ ਹੈ।

https://haviebeenpwned.com: ਇਸ ਵੈਬਸਾਈਟ ਇਹ ਦੇਖਣ ਲਈ ਹੈ: ਕੀ ਤੁਹਾਡਾ ਈ-ਮੇਲ ਪਤਾ, ਫ਼ੋਨ ਨੰਬਰ ਜਾਂ ਪਾਸਵਰਡ ਅਪਰਾਧੀਆਂ ਲਈ ਉਪਲਬਧ ਕਿਸੇ ਵੀ ਲੀਕ ਕੀਤੇ ਡੇਟਾਬੇਸ ਵਿੱਚ ਸ਼ਾਮਲ ਤਾਂ ਨਹੀ? ਇਸ ਵੈਬਸਾਈਟ ਨੂੰ ਚਲਾਉਣ ਵਾਲੇ ਟ੍ਰੋਏ ਹੰਟ ਹਨ ਜੋ ਕਿ ਇੱਕ ਮਾਈਕਰੋਸਾਫਟ ਖੇਤਰੀ ਨਿਰਦੇਸ਼ਕ ਅਤੇ ਡਿਵੈਲਪਰ ਸੁਰੱਖਿਆ ਲਈ ਪੇਸ਼ੇਵਰ ਅਵਾਰਡੀ, ਬਲਾਗਰ, ਵੈੱਬ ਸੁਰੱਖਿਆ 'ਤੇ ਅੰਤਰਰਾਸ਼ਟਰੀ ਸਪੀਕਰ ਅਤੇ ਵੈੱਬ ਡਿਵੈਲਪਰਾਂ ਲਈ ਬਹੁਤ ਸਾਰੇ ਉੱਚ-ਰੇਟਿੰਗ ਸੁਰੱਖਿਆ ਕੋਰਸਾਂ ਦਾ ਲੇਖਕ ਹਨ। ਇਸ ਪੋਰਟਲ ਨੂੰ ਕਿਸੇ ਵੀ ਵਿਅਕਤੀ ਲਈ ਤੁਰੰਤ ਮੁਲਾਂਕਣ ਕਰਨ ਲਈ ਇੱਕ ਮੁਫਤ ਸਰੋਤ ਵਜੋਂ ਬਣਾਇਆ ਗਿਆ ਹੈ ਤਾਂ ਜੋ ਉਹ ਜਾਣ ਸਕਣ ਕਿ ਕੀ ਉਹਨਾਂ ਦੇ ਆਨਲਾਈਨ ਖਾਤੇ ਨਾਲ ਸਮਝੌਤਾ ਤਾਂ ਨਹੀ ਕੀਤਾ ਗਿਆ ਹੈ ਜਾਂ ਡੇਟਾ ਉਲੰਘਣਾ ਵਿੱਚ ਲੀਕ ਤਾਂ ਨਹੀ ਕੀਤਾ ਗਿਆ ਹੈ ? ਇਸਨੂੰ ਵਰਤਣ ਲਈ ਸਧਾਰਨ ਅਤੇ ਪੂਰੀ ਤਰ੍ਹਾਂ ਮੁਫਤ ਰੱਖਣਾ ਗਿਆ ਹੈ ਤਾਂ ਜੋ ਇਹ ਕਮਿਊਨਿਟੀ ਲਈ ਵੱਧ ਤੋਂ ਵੱਧ ਲਾਭਦਾਇਕ ਹੋ ਸਕੇ।

https://JionDeleteMe : ਇੱਕ ਹੈਂਡਸ-ਫ੍ਰੀ ਗਾਹਕੀ ਸੇਵਾ ਹੈ ਜੋ ਤੁਹਾਡੀ ਨਿੱਜੀ ਜਾਣਕਾਰੀ ਨੂੰ ਹਟਾ ਦੇਵੇਗੀ ਜੋ ਆਨਲਾਈਨ ਵੇਚੀ ਜਾ ਰਹੀ ਹੈ। ਡੇਟਾ ਬ੍ਰੋਕਰ ਤੁਹਾਡੀ ਨਿੱਜੀ ਜਾਣਕਾਰੀ ਨੂੰ ਔਨਲਾਈਨ ਪੋਸਟ ਕਰਦੇ ਹਨ, ਜਿਸ ਨਾਲ ਤੁਹਾਡਾ ਨਾਮ ਗੂਗਲ ਡਿਲੀਟ ਮੀ ਖੋਜ ਨਤੀਜਿਆਂ ਵਿੱਚ ਦਿਖਾਈ ਦਿੰਦਾ ਹੈ। ਡਿਲੀਟ ਮੀ ਤੁਹਾਡੀ ਨਿੱਜੀ ਜਾਣਕਾਰੀ ਨੂੰ ਹਟਾ ਦਿੰਦਾ ਹੈ—ਜਿਵੇਂ ਕਿ ਨਾਮ, ਪਤਾ, ਉਮਰ, ਫ਼ੋਨ ਨੰਬਰ, ਈਮੇਲ ਪਤਾ, ਅਤੇ ਤੁਹਾਡੇ ਘਰ ਦੀਆਂ ਫ਼ੋਟੋਆਂ—ਇਸ ਨੂੰ ਸਰੋਤ ਤੋਂ ਹਟਾ ਕੇ। ਸਟੈਂਡਰਡ ਡਿਲੀਟ ਮੀ ਕਵਰੇਜ $129/ਸਾਲ ਤੋਂ ਸ਼ੁਰੂ ਹੁੰਦੀ ਹੈ ਅਤੇ ਤੁਹਾਨੂੰ 30 ਤੋਂ ਵੱਧ ਪ੍ਰਮੁੱਖ ਡਾਟਾ ਬ੍ਰੋਕਰ ਸਾਈਟਾਂ ਤੋਂ ਹਟਾ ਕੇ ਪ੍ਰੀਮੀਅਮ ਸੁਰੱਖਿਆ ਪ੍ਰਦਾਨ ਕਰੇਗੀ।

https://www.nomoreransom.org/en/ransomware-qa.html: ਜੇਕਰ ਤੁਸੀ ਰੈਨਸਮ ਮਾਲਵੇਅਰ ਦੇ ਸ਼ਿਕਾਰ ਬਣ ਗਏ ਹੋ ਜਾਂ ਰੈਨਸਮ ਬਾਰੇ ਜਾਣਨਾ ਚਾਹੁੰਦੇ ਹੋ ਤਾਂ ਇਹ ਵੈਬਸਾਈਟ ਤੁਹਾਡੇ ਲਈ ਇਕ ਵਧੀਆ ਚੋਣ ਹੋਵੇਗੀ। ਇਸ ਵੈਬਸਾਈਟ ਅਨੁਸਾਰ ਇਹ,"ਨੋ ਮੋਰ ਰੈਨਸਮ" ਵੈੱਬਸਾਈਟ ਨੀਦਰਲੈਂਡਜ਼ ਦੀ ਪੁਲਿਸ, ਯੂਰੋਪੋਲ ਦੇ ਯੂਰਪੀਅਨ ਸਾਈਬਰ ਕ੍ਰਾਈਮ ਸੈਂਟਰ, ਕੈਸਪਰਸਕੀ ਅਤੇ ਮੈਕਐਫੀ ਦੀ ਨੈਸ਼ਨਲ ਹਾਈ ਟੈਕ ਕ੍ਰਾਈਮ ਯੂਨਿਟ ਦੁਆਰਾ ਇੱਕ ਪਹਿਲਕਦਮੀ ਹੈ ਜਿਸਦਾ ਟੀਚਾ ਹੈ ਕਿ ਰੈਨਸਮਵੇਅਰ ਦੇ ਪੀੜਤਾਂ ਨੂੰ ਅਪਰਾਧੀਆਂ ਨੂੰ ਭੁਗਤਾਨ ਕੀਤੇ ਬਿਨਾਂ ਉਹਨਾਂ ਦੇ ਐਨਕ੍ਰਿਪਟਡ ਡੇਟਾ ਨੂੰ ਮੁੜ ਪ੍ਰਾਪਤ ਕਰਨ ਵਿੱਚ ਮਦਦ ਕਰਨਾ ਹੈ।"

https://cybercirme.govi.n : ਭਾਰਤ ਸਰਕਾਰ ਦੁਆਰਾ ਸਾਈਬਰ ਅਪਰਾਧ ਦੇ ਸਬੰਧ ਵਿੱਚ ਇਹ ਵੈਬਸਾਈਟ ਜਾਰੀ ਕੀਤੀ ਗਈ ਹੈ। ਇਹ ਪੋਰਟਲ ਪੀੜਤਾਂ/ਸ਼ਿਕਾਇਤਕਰਤਾਵਾਂ ਨੂੰ ਸਾਈਬਰ ਅਪਰਾਧ ਦੀਆਂ ਸ਼ਿਕਾਇਤਾਂ ਦੀ ਆਨਲਾਈਨ ਰਿਪੋਰਟ ਕਰਨ ਦੀ ਸਹੂਲਤ ਦੇਣ ਲਈ ਸਰਕਾਰ ਦੀ ਇੱਕ ਪਹਿਲ ਹੈ। ਪੋਰਟਲ ਆਨਲਾਈਨ ਚਾਈਲਡ ਪੋਰਨੋਗ੍ਰਾਫੀ ਜਾਂ ਜਿਨਸੀ ਤੌਰ 'ਤੇ ਸਪੱਸ਼ਟ ਸਮੱਗਰੀ ਜਿਵੇਂ ਕਿ ਬਲਾਤਕਾਰ/ਗੈਂਗ ਰੇਪ ਦੀ ਰਿਪੋਰਟ ਕਰਨ ਲਈ ਇੱਕ ਅਗਿਆਤ ਸ਼ਿਕਾਇਤ ਦੀ ਰਿਪੋਰਟ ਕਰਨ ਦਾ ਵਿਕਲਪ ਵੀ ਪ੍ਰਦਾਨ ਕਰਦਾ ਹੈ।ਚਾਈਲਡ ਸੈਕਸੁਅਲ ਅਬਿਊਸਿਵ ਮੈਟੀਰੀਅਲ ਕਿਸੇ ਵੀ ਰੂਪ ਵਿੱਚ ਜਿਨਸੀ ਚਿੱਤਰ ਰੱਖਣ ਵਾਲੀ ਸਮੱਗਰੀ ਨੂੰ ਦਰਸਾਉਂਦਾ ਹੈ, ਜਿਸ ਬੱਚੇ ਦਾ ਦੁਰਵਿਵਹਾਰ ਜਾਂ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਹੈ। ਆਈਟੀ ਐਕਟ ਦੀ ਧਾਰਾ 67 (ਬੀ) ਕਹਿੰਦੀ ਹੈ ਕਿ "ਇਲੈਕਟ੍ਰਾਨਿਕ ਰੂਪ ਵਿੱਚ ਬੱਚਿਆਂ ਨੂੰ ਜਿਨਸੀ ਤੌਰ 'ਤੇ ਸਪੱਸ਼ਟ ਐਕਟ ਆਦਿ ਵਿੱਚ ਦਰਸਾਉਣ ਵਾਲੀ ਸਮੱਗਰੀ ਨੂੰ ਪ੍ਰਕਾਸ਼ਿਤ ਜਾਂ ਪ੍ਰਸਾਰਿਤ ਕਰਨ ਲਈ ਸਜ਼ਾਯੋਗ ਹੈ"। ਤੁਸੀਂ ਸਾਈਬਰ ਅਪਰਾਧਾਂ ਜਿਵੇਂ ਕਿ ਮੋਬਾਈਲ ਅਪਰਾਧ, ਸੋਸ਼ਲ ਮੀਡੀਆ ਅਪਰਾਧ, ਆਨਲਾਈਨ ਵਿੱਤੀ ਧੋਖਾਧੜੀ, ਰੈਨਸ-ਮਵੇਅਰ, ਹੈਕਿੰਗ, ਕ੍ਰਿਪਟੋਕਰੰਸੀ ਅਪਰਾਧ ਅਤੇ ਆਨਲਾਈਨ ਸਾਈਬਰ ਤਸਕਰੀ ਨਾਲ ਸਬੰਧਤ ਸ਼ਿਕਾਇਤਾਂ ਦੀ ਰਿਪੋਰਟ ਕਰ ਸਕਦੇ ਹੋ।

https://www.TechiLla/:-

ਟੈਕਲੀਲਾ ਇਕ ਮਸ਼ਹੂਰ ਟੈਕਨਾਲੋਜੀ ਬਲੌਗ ਜਿੱਥੇ ਤੁਸੀਂ ਬੁਨਿਆਦੀ ਅਤੇ ਇਸ ਤੋਂ ਵੀ ਅੱਗੇ ਮੁਹਾਰਤ ਹਾਸਲ ਕਰਨ ਲਈ ਸਰੋਤ ਭਰਪੂਰ ਲੇਖ ਲੱਭ ਸਕਦੇ ਹੋ। ਟੈਕਲੀਲਾ ਦਾ ਮੁੱਖ ਟੀਚਾ ਵਿਲੱਖਣ ਜਾਣਕਾਰੀ ਪ੍ਰਦਾਨ ਕਰਨਾ ਹੈ, ਜਿਵੇਂ ਕਿ ਕੁਆਲਿਟੀ ਟਿਪਸ ਅਤੇ ਟ੍ਰਿਕਸ, ਟਿਊਟੋਰੀਅਲ, ਵਿੰਡੋਜ਼, ਮੈਕਿਨਟੋਸ਼, ਲੀਨਕਸ, ਐਂਡਰੋਇਡ, ਆਈਫੋਨ, ਸੁਰੱਖਿਆ ਆਦਿ।

https://www.wordpress.org/:

ਵਰਡਪਰੈਸ ਇੱਕ ਮੁਫਤ ਅਤੇ ਓਪਨ-ਸੋਰਸ ਸਮਗਰੀ ਪ੍ਰਬੰਧਨ ਸਿਸਟਮ ਹੈ ਜੋ ਪੀ।ਐਚ।ਪੀ ਵਿੱਚ ਲਿਖਿਆ ਗਿਆ ਹੈ ਅਤੇ ਇੱਕ ਮਾਈ ਐਸ ਕਿਉ ਐਲ ਜਾਂ ਮਾਰੀਆ ਡੇਟਾਬੇਸ ਨਾਲ ਜੋੜਿਆ ਗਿਆ ਹੈ। ਵਿਸ਼ੇਸ਼ਤਾਵਾਂ ਵਿੱਚ ਇੱਕ ਪਲੱਗਇਨ ਆਰਕੀਟੈਕਚਰ ਅਤੇ ਇੱਕ ਟੈਂਪਲੇਟ ਸਿਸਟਮ ਸ਼ਾਮਲ ਹੁੰਦਾ ਹੈ, ਜਿਸਨੂੰ ਵਰਡਪਰੈਸ ਦੇ ਅੰਦਰ ਥੀਮ ਕਿਹਾ ਜਾਂਦਾ ਹੈ। ਵੈਬਸਾਈਟ ਦੀ ਬੇਸਿਕ ਜਾਣਕਾਰੀ ਨਾਲ ਤੁਸੀਂ ਇਨ੍ਹਾਂ ਥੀਮਸ ਦੀ ਅਸਾਨੀ ਨਾਲ ਵਰਤੋਂ ਕਰਕੇ ਇਕ ਵਧੀਆ ਦਿੱਖ ਵਾਲੀ ਵੈਬਸਾਈਟ ਮੁਫਤ ਵਿੱਚ ਹੀ ਬਣਾ ਸਕਦੇ ਹੋ।

https://www.nasa.gov/: ਨੈਸ਼ਨਲ ਐਰੋਨਾਟਿਕਸ ਐਂਡ ਸਪੇਸ ਐਡਮਿਨਿਸਟ੍ਰੇਸ਼ਨ ਅਮਰੀਕਾ ਦਾ ਸਿਵਲ ਸਪੇਸ ਪ੍ਰੋਗਰਾਮ ਹੈ ਅਤੇ ਪੁਲਾੜ ਖੋਜ ਵਿੱਚ ਗਲੋਬਲ ਲੀਡਰ ਹੈ। ਇਸ ਵੈਬਸਾਈਟ ਉਪਰ ਇਸ ਸੰਸਥਾ ਦੇ ਕਾਰਜਾਂ ਬਾਰੇ ਮਹੱਤਵਪੂਰਣ ਜਾਣਕਾਰੀ ਨਿਯਮਿਤ ਰੂਪ ਵਿੱਚ ਅਪਡੇਟ ਹੁੰਦੀ ਰਹਿੰਦੀ ਹੈ। ਨਾਸਾ ਇਮੇਜ ਆਫ ਦੀ ਡੇਅ, ਪੁਲਾੜ ਨਾਲ ਸਬੰਧਤ ਵੀਡਿਓਜ, ਕਿਤਾਬਾਂ ਆਦਿ ਇਸ ਵੈਬ ਪੋਰਟਲ ਦੇ ਮਹੱਤਵਪੂਰਣ ਲਿੰਕ ਹਨ। ਨਾਸਾ ਦੀਆਂ ਭਵਿੱਖ ਯੋਜਨਾਵਾਂ ਬਾਰੇ ਵੀ ਤੁਸੀਂ ਇਸ ਪੋਰਟਲ ਉਪਰ ਜਾ ਕੇ ਆਸਾਨੀ ਨਾਲ ਜਾਣਕਾਰੀ ਲੈ ਸਕਦੇ ਹੋ।

http://en.roscosmos.ru/: ਇਹ ਇੱਕ ਸਟੇਟ ਕਾਰਪੋਰੇਸ਼ਨ ਹੈ ਜਿਸਦੀ ਸਥਾਪਨਾ ਅਗਸਤ 2015 ਵਿੱਚ ਰੂਸੀ ਪੁਲਾੜ ਉਦਯੋਗ ਦੇ ਇੱਕ ਵਿਆਪਕ ਸੁਧਾਰ ਦੀ ਨਿਗਰਾਨੀ ਅਤੇ ਲਾਗੂ ਕਰਨ ਲਈ ਕੀਤੀ ਗਈ ਸੀ। ਸਟੇਟ ਸਪੇਸ ਕਾਰਪੋਰੇਸ਼ਨ ਰੋਸਕੋਸਮੋਸ ਰੂਸੀ ਸਰਕਾਰ ਦੇ ਪੁਲਾੜ ਪ੍ਰੋਗਰਾਮ ਅਤੇ ਇਸਦੇ ਕਾਨੂੰਨੀ ਨਿਯਮਾਂ ਨੂੰ ਲਾਗੂ ਕਰਨਾ ਯਕੀਨੀ ਬਣਾਉਂਦਾ ਹੈ। ਰੂਸ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਪੁਲਾੜ ਗਤੀਵਿਧੀਆਂ ਦੇ ਨਤੀਜਿਆਂ ਦੀ ਭਵਿੱਖੀ ਵਰਤੋਂ ਲਈ ਪੜਾਅ ਨਿਰਧਾਰਤ ਕਰਨ ਦਾ ਕੰਮ ਸੌਂਪਿਆ ਗਿਆ ਹੈ। ਇਹ ਵੈਬਸਾਈਟ ਪੁਲਾੜ ਵਿੱਚ ਰੁਚੀ ਰੱਖਣ ਵਾਲਿਆਂ ਲਈ ਲਾਹੇਵੰਦ ਹੋ ਸਕਦੀ ਹੈ।

https://consumerhelpilne.govi.n/about-portal.php:- ਇਸ ਵੈੱਬਸਾਈਟ ਨੂੰ ਖਪਤਕਾਰ ਮਾਮਲਿਆਂ ਦੇ ਵਿਭਾਗ ਦੁਆਰਾ ਜਾਗਰੂਕਤਾ ਪੈਦਾ ਕਰਨ, ਸਲਾਹ ਦੇਣ ਅਤੇ ਖਪਤਕਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਅਤੇ ਖਪਤਕਾਰਾਂ ਦੀਆਂ ਸ਼ਿਕਾਇਤਾਂ ਦਰਜ ਕਰਨ ਲਈ ਕੇਂਦਰੀ ਰਜਿਸਟਰੀ ਵਜੋਂ ਕੰਮ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਕੋਈ ਵੀ ਦੁਖੀ ਖਪਤਕਾਰ ਪੋਰਟਲ 'ਤੇ ਇਕ ਵਾਰ ਆਪਣੇ ਆਪ ਨੂੰ ਰਜਿਸਟਰ ਹੋ ਕੇ ਯੂਜ਼ਰਆਈਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ ਅਤੇ ਜ਼ਰੂਰੀ ਦਸਤਾਵੇਜ਼ਾਂ ਨੂੰ ਨੱਥੀ ਕਰਕੇ ਆਪਣੀ ਸ਼ਿਕਾਇਤ ਖੁਦ ਦਰਜ ਕਰਵਾ ਸਕਦਾ ਹੈ।

https://www.spacex.com/:- ਸਪੇਸਐਕਸ ਨੇ ਇਤਿਹਾਸਕ ਮੀਲ ਪੱਥਰਾਂ ਦੀ ਇੱਕ ਲੜੀ ਲਈ ਵਿਸ਼ਵਵਿਆਪੀ ਧਿਆਨ ਖਿੱਚਿਆ ਹੈ। ਸਪੇਸਐਕਸ ਦੁਨੀਆ ਦੇ ਸਭ ਤੋਂ ਉੱਨਤ ਰਾਕੇਟ ਅਤੇ ਪੁਲਾੜ ਯਾਨ ਦਾ ਡਿਜ਼ਾਈਨ, ਨਿਰਮਾਣ ਅਤੇ ਲਾਂਚ ਕਰਦਾ ਹੈ। ਕੰਪਨੀ ਦੀ ਸਥਾਪਨਾ 2002 ਵਿੱਚ ਐਲੋਨ ਮਸਕ ਦੁਆਰਾ ਪੁਲਾੜ ਆਵਾਜਾਈ ਵਿੱਚ ਕ੍ਰਾਂਤੀ ਲਿਆਉਣ ਲਈ ਕੀਤੀ ਗਈ ਸੀ, ਜੀਵਨ ਨੂੰ ਬਹੁ-ਗ੍ਰਹਿ ਬਣਾਉਣ ਦੇ ਅੰਤਮ ਟੀਚੇ ਨਾਲ। 2010 ਵਿੱਚ, ਸਪੇਸਐਕਸ ਇਤਿਹਾਸ ਵਿੱਚ ਪਹਿਲੀ ਵਪਾਰਕ ਕੰਪਨੀ ਬਣ ਗਈ ਜਿਸਨੇ ਇੱਕ ਪੁਲਾੜ ਯਾਨ ਨੂੰ ਆਰਬਿਟ ਵਿੱਚ ਭੇਜਿਆ ਅਤੇ ਇਸਨੂੰ ਸੁਰੱਖਿਅਤ ਰੂਪ ਵਿੱਚ ਧਰਤੀ ਉੱਤੇ ਵਾਪਸ ਕੀਤਾ। ਮਈ 2012 ਵਿੱਚ, ਸਪੇਸਐਕਸ ਨੇ ਫਿਰ ਇਤਿਹਾਸ ਰਚਿਆ ਜਦੋਂ ਇਸਦਾ ਡ੍ਰੈਗਨ ਪੁਲਾੜ ਯਾਨ ਸਫਲਤਾਪੂਰਵਕ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਨਾਲ ਜੋੜਨ ਵਾਲਾ ਪਹਿਲਾ ਵਪਾਰਕ ਵਾਹਨ ਬਣ ਗਿਆ, ਜੋ ਕਿ ਪਹਿਲਾਂ ਸਿਰਫ ਸਰਕਾਰਾਂ ਦੁਆਰਾ ਪੂਰਾ ਕੀਤਾ ਗਿਆ ਹੈ। 31 ਮੲੇ 2020 ਇਨਸਾਨਾਂ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਭੇਜਣ ਵਾਲੀ ਪਹਿਲੀ ਨਿੱਜੀ ਕੰਪਨੀ ਬਣ ਗਈ। ਸਟਾਰਲਿੰਕ ਇੱਕ ਸੈਟੇਲਾਈਟ ਨੈਟਵਰਕ ਦਾ ਨਾਮ ਹੈ ਜੋ ਨਿੱਜੀ ਸਪੇਸਫਲਾਈਟ ਕੰਪਨੀ ਸਪੇਸਐਕਸ ਦੁਆਰਾ ਦੂਰ-ਦੁਰਾਡੇ ਸਥਾਨਾਂ ਨੂੰ ਘੱਟ ਕੀਮਤ ਵਾਲਾ ਇੰਟਰਨੈਟ ਪ੍ਰਦਾਨ ਕਰਨ ਲਈ ਵਿਕਸਤ ਕੀਤਾ ਗਿਆ ਹੈ। ਸਪੇਸ ਐਕਸ ਬਾਰੇ ਹੋਰ ਮਹੱਤਵਪੂਰਨ ਜਾਣਕਾਰੀ ਇਸ ਦੇ ਵੈਬ ਪੋਰਟਲ ਤੋਂ ਮਾਊਸ ਦੇ ਇਕ ਕਲਿੱਕ ਦੁਆਰਾ ਲਈ ਜਾ ਸਕਦੀ ਹੈ।

https://www.brianyquote.com/: ਇਤਿਹਾਸ ਦੀਆਂ ਪ੍ਰਮੁੱਖ ਸ਼ਖਸੀਅਤਾਂ ਤੋਂ ਲੈ ਕੇ ਅੱਜ ਦੇ ਨਿਊਜ਼ਮੇਕਰਾਂ - ਮਸ਼ਹੂਰ ਹਸਤੀਆਂ, ਅਥਲੀਟਾਂ, ਸਿਆਸਤਦਾਨਾਂ, ਲੇਖਕਾਂ ਦੇ ਵਿਚਾਰ ਹਨ। ਮੂਲ ਰੂਪ ਵਿੱਚ 2001 ਵਿੱਚ ਪ੍ਰਕਾਸ਼ਿਤ ਬ੍ਰੈਨੀਕੋਟ ਵੈੱਬ 'ਤੇ ਸਭ ਤੋਂ ਪੁਰਾਣੀਆਂ ਅਤੇ ਸਭ ਤੋਂ ਸਥਾਪਿਤ ਹਵਾਲਾ ਸਾਈਟਾਂ ਵਿੱਚੋਂ ਇੱਕ ਹੈ। ਇਸ ਵੈਬਸਾਈਟ ਦਾ ਡਾਟਾਬੇਸ ਦਿਨ ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਤੁਸੀਂ ਫੇਸਬੁੱਕ, ਟਵਿੱਟਰ, ਪਿਨਟਰਸਟ ਉਪਰ ਵੀ ਬ੍ਰੈਨਕੋਟ 'ਅੱਜ ਦੇ ਦਿਨ ਦਾ ਵਿਚਾਰ' ਦਾ ਵੀ ਆਨੰਦ ਲੈ ਸਕਦੇ ਹੋ।

https://malala.org/: ਵਰਤਮਾਨ ਸਮੇਂ ਜਦੋਂ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਕੁੜੀਆਂ ਦੇ ਸਿੱਖਿਆ ਅਧਿਕਾਰਾਂ ਦੀ ਗੱਲ ਚੱਲਦੀ ਹੈ ਤਾਂ ਇੱਕ ਨਾਮ ਜੋ ਆਪ-ਮੁਹਾਰੇ ਹਰ ਇੱਕ ਦੀ ਜ਼ੁਬਾਨ ਉੱਪਰ ਸਭ ਤੋਂ ਪਹਿਲਾ ਆਉਂਦਾ ਹੈ, ਉਹ ਹੈ, ਨੋਬਲ ਪੁਰਸਕਾਰ ਵਿਜੇਤਾ: ਮਲਾਲਾ ਯੂਸਫਜ਼ਈ। ਮਲਾਲਾ ਦੁਆਰਾ ਕੀਤੇ ਜਾ ਰਹੇ ਸੰਸਾਰ ਪੱਧਰੀ ਕਾਰਜਾਂ ਦੀ ਜਾਣਕਾਰੀ ਉਸ ਦੀ ਵੈੱਬਸਾਈਟ 'ਮਲਾਲਾ ਡਾਟ ਓਆਰਜੀ' ਤੋਂ ਅਸਾਨੀ ਨਾਲ ਲਈ ਜਾ ਸਕਦੀ ਹੈ । ਮਲਾਲਾ ਫੰਡ ਸਿੱਖਿਆ ਦੇ ਵਕੀਲਾਂ ਅਤੇ ਕਾਰਕੁਨਾਂ ਵਿੱਚ ਨਿਵੇਸ਼ ਕਰਦਾ ਹੈ ਜੋ ਉਹਨਾਂ ਨੀਤੀਆਂ ਅਤੇ ਅਭਿਆਸਾਂ ਨੂੰ ਚੁਣੌਤੀ ਦੇ ਰਹੇ ਹਨ ਜੋ ਲੜਕੀਆਂ ਨੂੰ ਉਹਨਾਂ ਦੇ ਭਾਈਚਾਰਿਆਂ ਵਿੱਚ ਸਕੂਲ ਜਾਣ ਤੋਂ ਰੋਕਦੀਆਂ ਹਨ। ਮਲਾਲਾ ਫੰਡ ਉਹਨਾਂ ਖੇਤਰਾਂ ਵਿੱਚ ਕੰਮ ਕਰਦਾ ਹੈ ਜਿੱਥੇ ਸਭ ਤੋਂ ਵੱਧ ਲੜਕੀਆਂ ਸੈਕੰਡਰੀ ਸਿੱਖਿਆ ਤੋਂ ਖੁੰਝ ਜਾਂਦੀਆਂ ਹਨ। ਮਲਾਲਾ ਫੰਡ ਇੱਕ ਅਜਿਹੀ ਦੁਨੀਆਂ ਲਈ ਕੰਮ ਕਰ ਰਿਹਾ ਹੈ ਜਿੱਥੇ ਹਰ ਕੁੜੀ ਸਿੱਖ ਸਕਦੀ ਹੈ ਅਤੇ ਅਗਵਾਈ ਕਰ ਸਕਦੀ ਹੈ। ਮਲਾਲਾ ਫੰਡ ਨਾਲ ਜੁੜਨ ਅਤੇ ਉਨ੍ਹਾਂ ਦੇ ਕਾਰਜਾਂ ਬਾਰੇ ਜਾਣਨ ਲਈ ਤੁਸੀਂ ਇਸ ਵੈਬ ਪੋਰਟਲ ਨੂੰ ਵਿਜ਼ਿਟ ਕਰ ਸਕਦੇ ਹੋ।

https://firdaysforfuture.org/: ਭਵਿੱਖ ਲਈ ਸ਼ੁੱਕਰਵਾਰ...ਜਾਂ (ਐਫਐਫਐਫ), ਇੱਕ ਨੌਜਵਾਨ-ਅਗਵਾਈ ਵਾਲੀ ਅਤੇ ਸੰਗਠਿਤ ਗਲੋਬਲ ਜਲਵਾਯੂ ਹੜਤਾਲ ਅੰਦੋਲਨ ਹੈ ਜੋ 2018 ਵਿੱਚ ਸ਼ੁਰੂ ਹੋਇਆ ਸੀ, ਜਦੋਂ 15-ਸਾਲਾ ਗ੍ਰੇਟਾ ਥਨਬਰਗ ਨੇ ਜਲਵਾਯੂ ਲਈ ਇੱਕ ਸਕੂਲ ਹੜਤਾਲ ਸ਼ੁਰੂ ਕੀਤੀ ਸੀ। ਮੌਜੂਦਾਂ ਸਮੇਂ ਗ੍ਰੇਟਾ ਥਨਬਰਗ ਕਿਸੇ ਜਾਣ-ਪਹਿਚਾਣ ਦੀ ਮੁਥਾਜ ਨਹੀਂ, ਪੂਰੀ ਦੁਨੀਆਂ ਉਸ ਨੂੰ ਇੱਕ ਵਾਤਾਵਰਣ ਪ੍ਰੇਮੀ ਕਾਰਕੁਨ ਵਜੋਂ ਜਾਣਦੀ ਹੈ। ਗ੍ਰੇਟਾ ਅਤੇ ਉਸ ਦੇ ਸਾਥੀਆਂ ਦੇ ਕਾਰਜਾਂ ਨੂੰ ਜਾਣਨ ਲਈ ਤੁਸੀ ਇਸ ਪੋਰਟਲ ਨੂੰ ਵਿਜ਼ਿਟ ਕਰ ਸਕਦੇ ਹੋ। ਭਾਰਤ ਵਿੱਚ ਇਸ ਮੁਹਿੰਮ ਨਾਲ ਜੁੜਨ ਲਈ https://www.firdaysforfuturienida.com/jionus ਵਿਜ਼ਿਟ ਕਰ ਸਕਦੇ ਹੋ।

https://www.nobelpirze.org/:- ਅਲਫ੍ਰੇਡ ਨੋਬਲ ਇੱਕ ਸਵੀਡਿਸ਼ ਰਸਾਇਣ ਵਿਗਿਆਨੀ, ਇੰਜੀਨੀਅਰ, ਅਤੇ ਉਦਯੋਗਪਤੀ ਸਨ ਜੋ ਡਾਇਨਾਮਾਈਟ ਦੀ ਕਾਢ ਲਈ ਸਭ ਤੋਂ ਮਸ਼ਹੂਰ ਸਨ। 1896 ਵਿੱਚ ਉਸਦੀ ਮੌਤ ਹੋ ਗਈ। ਆਪਣੀ ਵਸੀਅਤ ਵਿੱਚ, ਉਸਨੇ ਪੰਜ ਇਨਾਮ ਸਥਾਪਤ ਕਰਨ ਲਈ ਵਰਤੇ ਜਾਣ ਲਈ ਆਪਣੀ ਸਾਰੀ "ਬਾਕੀ ਵਸੂਲੀਯੋਗ ਸੰਪੱਤੀ" ਦਿੱਤੀ, ਜੋ "ਨੋਬਲ ਇਨਾਮ" ਵਜੋਂ ਜਾਣੇ ਜਾਂਦੇ ਸਨ। ਨੋਬਲ ਪੁਰਸਕਾਰ ਪਹਿਲੀ ਵਾਰ 1901 ਵਿੱਚ ਦਿੱਤੇ ਗਏ ਸਨ। ਨੋਬਲ ਪੁਰਸਕਾਰ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਸਰੀਰ ਵਿਗਿਆਨ ਜਾਂ ਮੈਡੀਸਨ, ਸਾਹਿਤ ਅਤੇ ਸ਼ਾਂਤੀ ਦੇ ਖੇਤਰਾਂ ਵਿੱਚ ਦਿੱਤੇ ਜਾਂਦੇ ਹਨ (ਨੋਬਲ ਸ਼ਾਂਤੀ ਪੁਰਸਕਾਰ ਨੂੰ "ਉਸ ਵਿਅਕਤੀ ਲਈ ਵਿਸ਼ੇਸ਼ਤਾ ਦਿੰਦਾ ਹੈ ਜਿਸਨੇ ਰਾਸ਼ਟਰਾਂ ਵਿੱਚ ਫੈਲੋਸ਼ਿਪ ਨੂੰ ਅੱਗੇ ਵਧਾਉਣ ਲਈ ਸਭ ਤੋਂ ਵੱਧ ਜਾਂ ਸਭ ਤੋਂ ਵਧੀਆ ਕੰਮ ਕੀਤਾ ਹੈ। ਨੋਬਲ ਪੁਰਸਕਾਰਾਂ ਨੂੰ ਵਿਆਪਕ ਤੌਰ 'ਤੇ ਆਪੋ-ਆਪਣੇ ਖੇਤਰਾਂ ਵਿੱਚ ਉਪਲਬਧ ਸਭ ਤੋਂ ਵੱਕਾਰੀ ਪੁਰਸਕਾਰ ਮੰਨਿਆ ਜਾਂਦਾ ਹੈ। ਨੋਬਲ ਪੁਰਸਕਾਰਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਇਹ ਪੋਰਟਲ ਵਿਜ਼ਿਟ ਕੀਤਾ ਜਾ ਸਕਦਾ ਹੈ।

http://iskhisnhockey.com/: ਵਿਸ਼ਵ ਭਰ ਵਿੱਚ ਹਾਕੀ ਵਿੱਚ ਸਿੱਖਾਂ ਦਾ ਯੋਗਦਾਨ ਹਮੇਸ਼ਾ ਹੀ ਅਥਾਹ ਰਿਹਾ ਹੈ। ਕੈਨੇਡਾ, ਗ੍ਰੇਟ ਬ੍ਰਿਟੇਨ, ਹਾਂਗਕਾਂਗ, ਭਾਰਤ, ਕੀਨੀਆ, ਮਲੇਸ਼ੀਆ, ਸਿੰਗਾਪੁਰ, ਤਨਜ਼ਾਨੀਆ ਅਤੇ ਯੂਗਾਂਡਾ ਦੀ ਨੁਮਾਇੰਦਗੀ ਕਰਦੇ ਹੋਏ ਓਲੰਪਿਕ ਖੇਡਾਂ ਵਿੱਚ ਹਾਕੀ ਖੇਡੀ ਹੈ। ਸਿੱਖਾਂ ਨੇ 1928 ਤੋਂ ਲੈ ਕੇ ਹੁਣ ਤੱਕ ਹਰ ਓਲੰਪਿਕ ਖੇਡਾਂ ਵਿੱਚ ਨੌਂ ਗੋਲਡ, ਇੱਕ ਚਾਂਦੀ ਅਤੇ ਤਿੰਨ ਕਾਂਸੀ ਦੇ ਤਗਮੇ ਜਿੱਤੇ ਹਨ ਅਤੇ 254 ਓਲੰਪਿਕ ਗੋਲ ਕੀਤੇ ਹਨ। ਸਿੱਖ ਦੁਨੀਆ ਦੇ ਸਾਰੇ ਹਿੱਸਿਆਂ ਵਿੱਚ ਹਾਕੀ ਖੇਡ ਰਹੇ ਹਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਅਠਾਰਾਂ ਦੇਸ਼ਾਂ ਦੀ ਨੁਮਾਇੰਦਗੀ ਕਰ ਚੁੱਕੇ ਹਨ: ਆਸਟ੍ਰੇਲੀਆ, ਕੈਨੇਡਾ, ਇੰਗਲੈਂਡ, ਫਿਜੀ, ਗ੍ਰੇਟ ਬ੍ਰਿਟੇਨ, ਹਾਂਗਕਾਂਗ, ਭਾਰਤ, ਇੰਡੋਨੇਸ਼ੀਆ, ਕੀਨੀਆ, ਮਲਾਵੀ, ਮਲੇਸ਼ੀਆ, ਸਿੰਗਾਪੁਰ, ਤਨਜ਼ਾਨੀਆ, ਯੂਗਾਂਡਾ, ਅਮਰੀਕਾ, ਵੇਲਜ਼, ਜ਼ੈਂਬੀਆ ਅਤੇ ਜ਼ਾਂਜ਼ੀਬਾਰ। ਉਹ 1971 ਵਿੱਚ ਬਾਰ-ਸੀਲੋਨਾ ਵਿੱਚ ਪਹਿਲੇ ਟੂਰਨਾਮੈਂਟ ਤੋਂ ਬਾਅਦ ਹਰ ਪੁਰਸ਼ ਵਿਸ਼ਵ ਕੱਪ ਵਿੱਚ ਖੇਡੇ ਹਨ। ਸਿੱਖਾਂ ਦੇ ਇਸ ਮਾਣਮੱਤੇ ਇਤਿਹਾਸ ਬਾਰੇ ਹੋਰ ਜਾਣਕਾਰੀ ਲੈਣ ਲਈ ਇਹ ਪੋਰਟਲ ਵਿਜ਼ਿਟ ਕੀਤਾ ਜਾ ਸਕਦਾ ਹੈ।

https://www.hansonroboitcs.com/about/: ਹੈਨਸਨ ਰੋਬੋਟਿਕਸ ਲਿਮਿਟੇਡ ਇੱਕ ਹਾਂਗ ਕਾਂਗ-ਅਧਾਰਤ ਇੰਜੀਨੀਅਰਿੰਗ ਅਤੇ ਰੋਬੋਟਿਕਸ ਕੰਪਨੀ ਹੈ ਜਿਸਦੀ ਸਥਾਪਨਾ ਡੇਵਿਡ ਹੈਨਸਨ ਦੁਆਰਾ ਕੀਤੀ ਗਈ ਹੈ, ਜੋ ਕਿ ਉਪਭੋਗਤਾ, ਮਨੋਰੰਜਨ, ਸੇਵਾ, ਸਿਹਤ ਸੰਭਾਲ ਅਤੇ ਖੋਜ ਕਾਰਜਾਂ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਨਾਲ ਮਨੁੱਖੀ-ਵਰਗੇ ਰੋਬੋਟ ਦੇ ਵਿਕਾਸ ਲਈ ਜਾਣੀ ਜਾਂਦੀ ਹੈ।

ਰੋਬੋਟਾਂ ਵਿੱਚ ਐਲਬਰਟ ਹੂਬੋ ਸ਼ਾਮਲ ਹੈ, ਮਨੁੱਖਾਂ ਵਰਗੇ ਸਮੀਕਰਨ ਵਾਲਾ ਪਹਿਲਾ ਤੁਰਨ ਵਾਲਾ ਰੋਬੋਟ ਅਤੇ ਸੋਫੀਆ, ਦੁਨੀਆ ਦੀ ਪਹਿਲੀ ਰੋਬੋਟ ਨਾਗਰਿਕ। ਰੋਬੋਟਿਕਸ ਕੰਪਨੀ ਬਾਰੇ ਹੋਰ ਜਾਣਕਾਰੀ ਲੈਣ ਲਈ ਇਹ ਪੋਰਟਲ ਵਿਜ਼ਿਟ ਕੀਤਾ ਜਾ ਸਕਦਾ ਹੈ।

ਉਮੀਦ ਹੈ ਕਿ ਉਪਰੋਕਤ ਵੈਬਸਾਈਟ/ਐਪਸ ਤੁਹਾਡੇ ਗਿਆਨ ਵਿੱਚ ਵਾਧਾ ਕਰਨ ਅਤੇ ਆਨਲਾਈਨ ਸੁਰਖਿਅਤ ਸਰਫਿੰਗ ਕਰਨ ਵਿੱਚ ਸਹਾਈ ਹੋਣਗੀਆਂ। ਜਲਦ ਹਾਜ਼ਰ ਹੋਵਾਂਗਾ ਅਗਲੀ ਕੜੀ ਵਿੱਚ ਹੋਰ ਕੁੱਝ ਵਿਲੱਖਣ ਜਾਣਕਾਰੀ ਭਰਪੂਰ ਵੈਬਸਾਈਟ/ ਐਪਜ਼ ਨਾਲ। ਧੰਨਵਾਦ।

## ਨਾਸੂਰ ਦਾ ਇਲਾਜ

ਵਰ੍ਹੇ ਬੀਤ ਗਏ 'ਵਾਰੀਆਂ' ਚਲਦੀਆਂ ਸੀ
ਆ ਕੇ 'ਬਾਈ' ਵਿੱਚ ਕਿਸੇ ਨਾ ਝੱਲਿਆ ਈ।

ਕੁਰਸੀ ਖੁੱਸੀ ਤਾਂ 'ਕਾਟੋਆਂ' ਰੋਣ ਡਹੀਆਂ
'ਤੀਜੇ ਬਦਲ' ਮੈਦਾਨ ਆ ਮੱਲਿਆ ਈ।

ਟੱਪਣ ਲੱਗ ਪਏ ਗੰਦਗੀ ਪਾਉਣ ਵਾਲ਼ੇ
ਝਾੜੂ ਜਦੋਂ ਸਫਾਈਆਂ ਲਈ ਚੱਲਿਆ ਈ।

ਜਾਪੇ ਇਉਂ ਪੰਜਾਬ ਮਹਿਸੂਸ ਕਰਦਾ
ਸੜਦੀ ਰੋਟੀ ਨੂੰ ਜਿਸ ਤਰਾਂ ਥੱਲਿਆ ਈ।

ਸਾਂਝ 'ਪੱਚੀ-ਪਝੱਤਰ' ਦੀ ਖਤਮ ਹੋ ਗਈ
ਹੰਝੂ 'ਹੇਰੁਵੇ' ਭਰਿਆ ਤਾਂ ਵੱਗਣਾ ਏਂ।

ਸੱਤਰ ਸਾਲਾਂ ਤੋਂ ਬਣੇ ਨਾਸੂਰ ਤਾਈਂ
ਲੱਗੂ ਨਸ਼ਤਰ ਤਦ ਦੁੱਖ ਤਾਂ ਲੱਗਣਾ ਏਂ।

**-ਤਰਲੋਚਨ ਸਿੰਘ 'ਦੁਪਾਲ ਪੁਰ'**

001-408-915-1268



# ਪੰਜਾਬ ਦੀ ਖੇਡਾਂ ਵਿਚ ਸਰਦਾਰੀ ਬਹਾਲ ਕਰਨ ਲਈ ਨਵੀਂ ਸਰਕਾਰ ਵਿਉਂਤਬੰਦੀ ਕਰੇ

ਪ੍ਰੋਫੈਸਰ ਜਸਵੰਤ ਸਿੰਘ

ਜਿਥੇ ਪੰਜਾਬ ਦੀ ਨਵੀਂ ਸਰਕਾਰ ਤੋਂ ਹੋਰ ਵਰਗਾਂ ਨੂੰ ਵੱਡੀਆਂ-ਵੱਡੀਆਂ ਆਸਾਂ ਹਨ, ਉਥੇ ਇਸ ਸਰਕਾਰ ਤੋਂ ਖਿਡਾਰੀਆਂ ਨੂੰ ਵੀ ਬਹੁਤ ਉਮੀਦਾਂ ਹਨ। ਫੁੱਟਬਾਲ ਫੋਕਲੋਰ (ਲੋਕਧਾਰਾ) ਦਾ ਹਿੱਸਾ ਬਣ ਚੁੱਕੇ ਸ। ਇੰਦਰ ਸਿੰਘ, ਸ। ਗੁਰਦੇਵ ਸਿੰਘ ਗਿੱਲ, ਦੋਵੇਂ ਅਰਜਨਾ ਐਵਾਰਡੀ ਅਤੇ ਭਾਰਤੀ ਫੁੱਟਬਾਲ ਟੀਮ ਦੇ ਸਾਬਕਾ ਕੈਪਟਨ, ਅਤੇ ਸ ਗਿਆਨ ਸਿੰਘ (ਬੀਐਸਐਫ ਟੀਮ ਦੇ ਸਾਬਕਾ ਖਿਡਾਰੀ) ਨੇ ਫੁੱਟਬਾਲ ਨਾਲ ਆਪਣੀ ਨਿੱਜੀ ਦਿਲਚਸਪੀ ਦੀ ਗੱਲ ਕਰਦਿਆਂ ਉਨ੍ਹਾਂ ਨੇ ਸਰਕਾਰ ਨੂੰ ਕਿਹਾ ਕਿ ਉਹ ਪ੍ਰਾਂਤ ਦੇ ਵੱਡੇ ਉਦਯੋਗਿਕ ਘਰਾਣਿਆਂ ਨੂੰ ਫੁੱਟਬਾਲ ਕਲੱਬਾਂ ਬਣਾਉਣ ਲਈ ਮਨਾਵੇ।

ਗੁਰਦੇਵ ਗਿੱਲ ਨੇ ਤਾਂ ਇਥੋਂ ਤਕ ਕਿਹਾ ਕਿ ਜੇ ਕੋਈ ਉਦਯੋਗਿਕ ਘਰਾਣਾ ਨਹੀਂ ਮੰਨਦਾ ਤਾਂ ਉਸ ਨੂੰ ਕਲੱਬ ਬਣਾਉਣ ਲਈ ਮਜਬੂਰ ਕੀਤਾ ਜਾਵੇ। ਜਿੰਨਾ ਚਿਰ ਫੁੱਟਬਾਲ ਅਕੈਡਮੀਆਂ ਅਤੇ ਕਲੱਬ-ਸੱਭਿਆਚਾਰ ਪੁਨਰ-ਸੁਰਜੀਤ ਅਤੇ ਉਤਸ਼ਾਹਿਤ ਨਹੀਂ ਹੁੰਦਾ, ਓਨਾ ਚਿਰ ਫੁੱਟਬਾਲ ਆਪਣੀ ਪਹਿਲੇ ਵਾਲੀ ਆਨ-ਬਾਨ-ਸ਼ਾਨ ਨਹੀਂ ਹਾਸਲ ਕਰ ਸਕਦਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿਚ ਕਿਸੇ ਸਮੇਂ ਨਾਮੀ-ਕਰਾਮੀ ਫੁੱਟਬਾਲ ਕਲੱਬਾਂ ਹੁੰਦੀਆਂ ਸਨ ਜੋ ਖਿਡਾਰੀਆਂ ਨੂੰ ਆਕਰਸ਼ਤ ਕਰਦੀਆਂ ਸਨ ਅਤੇ ਢੁਕਵੇਂ 'ਇਨਸੈਂਟਿਵ' ਵੀ ਦਿੰਦੀਆਂ ਸਨ। 'ਹੁਣ ਵੀ ਕਾਰਪੋਰੇਟ ਸੈਕਟਰ ਦੀ ਸਮਾਜਿਕ ਜ਼ਿੰਮੇਵਾਰੀ ਤਹਿਤ ਉਦਯੋਗਿਕ ਘਰਾਣਿਆਂ ਨੂੰ ਫੁੱਟਬਾਲ ਕਲੱਬਾਂ ਖੋਲ੍ਹਣ ਲਈ ਮਨਾਉਣਾ/ਮਜਬੂਰ ਕਰਨਾ ਚਾਹੀਦੈ' ਉਨ੍ਹਾਂ ਅੱਗੋਂ ਕਿਹਾ। 'ਸਰਕਾਰ ਅਜੇ ਨਵੀਂ ਨਵੀਂ ਬਣੀ ਹੈ, ਆਪਾਂ ਨੂੰ ਅੱਛੇ ਦੀ ਆਸ ਕਰਨੀ ਚਾਹੀਦੀ ਐ' ਉਨ੍ਹਾਂ ਸੌ ਹੱਥ ਰੱਸਾ ਸਿਰੇ 'ਤੇ ਗੰਢ ਵਾਂਗ ਵਿਚਾਰ ਪ੍ਰਗਟ ਕੀਤਾ।

ਇਥੇ ਇਹ ਵਰਨਣਯੋਗ ਹੈ ਕਿ ਸ।ਇੰਦਰ ਸਿੰਘ ਆਪਣੇ ਵੇਲੇ ਇਕ 'ਸਕੋਰਿੰਗ ਮਸ਼ੀਨ' (ਗੋਲਕਰਨ ਵਾਲੀ ਮਸ਼ੀਨ) ਵਜੋਂ ਜਾਣੇ ਜਾਂਦੇ ਸਨ। ਉਹ ਲੀਡਰ ਕਲੱਬ ਜਲੰਧਰ, ਜੇ।ਸੀ।ਟੀ।ਮਿੱਲ ਫੁੱਟਬਾਲ ਕਲੱਬ ਫਗਵਾੜਾ ਅਤੇ ਰਾਸ਼ਟਰੀ ਟੀਮ ਲਈ ਬੇਮਿਸਾਲ ਫਾਰਵਰਡ ਵਜੋਂ ਖੇਡਦੇ ਰਹੇ ਹਨ। ਉਨ੍ਹਾਂ ਨੇ ਸੰਤੋਸ਼ ਟਰਾਫੀ ਵਿਚ 1974 ਵਿਚ ਕੁੱਲ 46 ਗੋਲਾਂ 'ਚੋਂ 23 ਗੋਲ ਕਰਕੇ ਇਕ ਰਿਕਾਰਡ ਸਥਾਪਤ ਕੀਤਾ ਸੀ ਜੋ ਅਜੇ ਤਕ ਕਾਇਮ ਹੈ। ਉਹ ਭਾਰਤ ਦੀ ਟੀਮ ਦੇ 3 ਵਾਰ ਕੈਪਟਨ ਰਹੇ ਹਨ ਅਤੇ ਅਰਜਨ ਐਵਾਰਡ ਸਮੇਤ ਅਨੇਕਾਂ ਇਨਾਮਾਂ ਨਾਲ ਸਨਮਾਨਿਤ ਹੋ ਚੁੱਕੇ ਹਨ। ਉਹ ਆਲ ਏਸ਼ੀਅਨ ਸਟਾਰ ਟੀਮ ਦੇ ਵੀ ਮੈਂਬਰ ਰਹੇ ਹਨ। ਅਰਜਨ ਐਵਾਰਡ ਜੇਤੂ ਗੁਰਦੇਵ ਸਿੰਘ ਗਿੱਲ ਵੀ ਭਾਰਤੀ ਟੀਮ ਦੇ ਕਪਤਾਨ ਰਹਿ ਚੁੱਕੇ ਹਨ। ਉਹ ਬਤੌਰ ਡਿਫੈਂਡਰ ਲੀਡਰ ਕਲੱਬ, ਜਲੰਧਰ, ਪੰਜਾਬ ਪੁਲਿਸ ਫੁੱਟਬਾਲ ਕਲੱਬ ਜਲੰਧਰ, ਈਸਟ ਬੰਗਾਲ ਫੁੱਟਬਾਲ ਕਲੱਬ ਕੋਲਕਾਤਾ ਅਤੇ ਰਾਸ਼ਟਰੀ ਟੀਮ ਲਈ ਖੇਡ ਚੁੱਕੇ ਹਨ। ਗਿਆਨ ਸਿੰਘ ਬੀਐਸਐਫ ਦੀ ਟੀਮ ਵਿਚ ਖੇਡਦੇ ਰਹੇ ਹਨ। 1970 ਵਿਚ ਸੰਤੋਸ਼ ਟਰਾਫੀ ਜਿੱਤਣ ਵਾਲੀ ਪੰਜਾਬ ਟੀਮ ਦੇ ਮੈਂਬਰ ਵਜੋਂ ਉਹ ਮਲੇਸ਼ੀਆ ਖੇਡਣ ਗਏ। ਪ੍ਰਿੰ ਜਸਪਾਲ ਸਿੰਘ, ਜਿਨ੍ਹਾਂ ਨੇ ਖੇਡਾਂ ਉਪਰ ਪੀ।ਐਚ।ਡੀ ਕੀਤੀ ਹੈ ਅਤੇ ਜੋ ਕੌਮਾਂਤਰੀ ਪੱਧਰ ਸਮੇਤ ਅਨੇਕਾਂ ਸੰਸਥਾਵਾਂ ਵਿਚ ਖੋਜ-ਪਰਚੇ ਪੜ੍ਹ ਚੁੱਕੇ ਹਨ, ਨੇ ਕਿਹਾ ਕਿ ਪੰਜਾਬੀਆਂ ਕੋਲ ਸੁਡੌਲ ਸਰੀਰ ਅਤੇ ਦ੍ਰਿੜ ਮਾਨਸਿਕ ਬਲ ਹੈ ਪਰ ਉਨ੍ਹਾਂ ਕੋਲ ਮੌਕਿਆਂ ਦੀ ਘਾਟ ਹੈ।



ਉਨ੍ਹਾਂ ਕਿਹਾ, 'ਖੇਡ ਸਕੀਮਾਂ ਹੇਠਲੇ ਪੱਧਰ ਤੋਂ ਲਾਗੂ ਕਰਨ, ਨਿੱਕੀ ਉਮਰੇ ਖੇਡ-ਨਿਪੁੰਨਤਾ/ਪ੍ਰਤਿਭਾ ਖੋਜਣ-ਭਾਲਣ ('ਕੈਚ ਦੈਮ ਯੰਗ), ਸਹੀ ਖੁਰਾਕ ਅਤੇ ਟਰੇਨਿੰਗ ਦੇਣ ਅਤੇ ਪੰਜਾਬੀ ਨੌਜਵਾਨਾਂ ਦੀ ਉਛਾਲੇ ਮਾਰਦੀ ਊਰਜਾ ਨੂੰ ਸਕਾਰਾਤਮਕ ਢੰਗ ਨਾਲ ਸਹੀ ਦਿਸ਼ਾ ਦੇਣ ਦੀ ਅਤਿਅੰਤ ਲੋੜ ਹੈ।' ਇਹ ਸਾਰੇ ਖੇਡ ਦਿੱਗਜ ਫਗਵਾੜਾ ਵਿਚ ਕਰਵਾਏ ਗਏ 34ਵੇਂ ਫਗਵਾੜਾ ਕੱਪ ਫੁੱਟਬਾਲ ਟੂਰਨਾਮੈਂਟ ਵਿਚ ਸ਼ਾਮਲ ਹੋਣ ਆਏ ਸਨ। ਇਸ ਸਾਲ ਇਹ ਟੂਰਨਾਮੈਂਟ ਨਾਮਵਰ ਫੁੱਟਬਾਲ ਖਿਡਾਰੀ ਅਤੇ ਕੋਚ ਸ। ਜਗੀਰ ਸਿੰਘ ਦੀ ਯਾਦ ਨੂੰ ਸਮਰਪਿਤ ਸੀ। ਇਸ ਦਾ ਪ੍ਰਬੰਧ ਫੁੱਟਬਾਲ ਕੋਚ ਪ੍ਰੋ। ਸੀਤਲ ਸਿੰਘ, ਪ੍ਰਧਾਨ ਇੰਟਰਨੈਸ਼ਨਲ ਸਪੋਰਟਸ ਐਸੋਸੀਏਸ਼ਨ, ਦੀ ਅਗਵਾਈ ਵਿਚ ਕੀਤਾ ਗਿਆ। ਸ। ਜਗੀਰ ਸਿੰਘ ਪਿਛਲੇ ਸਾਲ 19 ਮਈ 2021ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ।

ਟੂਰਨਾਮੈਂਟ ਦੇ ਫਸਵੇਂ ਫਾਈਨਲ ਮੁਕਾਬਲੇ ਵਿਚ ਸ। ਜਗਤ ਸਿੰਘ ਪਲਾਹੀ ਫੁੱਟਬਾਲ ਅਕੈਡਮੀ, ਗੁਰੂ ਨਾਨਕ ਕਾਲਜ ਫਗਵਾੜਾ ਨੇ ਟਾਈ ਬਰੇਕਰ ਰਾਹੀਂ ਸੀ।ਆਰ।ਪੀ।ਐਫ। ਜਲੰਧਰ ਦੀ ਟੀਮ ਨੂੰ ਹਰਾ ਕੇ ਟਰਾਫੀ ਅਤੇ 51,000 ਨਗਦ ਇਨਾਮ ਜਿਤਿਆ। ਦੂਸਰਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 41,000 ਨਗਦ ਇਨਾਮ ਅਤੇ ਕੱਪ ਮਿਲਿਆ।

ਇਸ ਤੋਂ ਪਹਿਲਾਂ ਪੰਜਾਬ ਫੁੱਟਬਾਲ ਐਸੋਸੀਏਸ਼ਨ (ਪੀ ਐਫ ਏ।) ਵਲੋਂ ਕਰਵਾਏ ਗਏ ਤੀਜੇ ਜੇਸੀਟੀ ਪੰਜਾਬ ਯੂਥ ਲੀਗ-ਅੰਡਰ 17 ਦੇ ਫਾਈਨਲ ਵਿਚ ਮਿਨਰਵਾ ਫੁੱਟਬਾਲ ਅਕੈਡਮੀ ਮੁਹਾਲੀ ਦੀ ਟੀਮ ਨੇ ਸ਼੍ਰੀ ਦਸ਼ਮੇਸ਼ ਮਾਰਸ਼ਲ ਸਪੋਰਟਸ ਅਕੈਡਮੀ ਆਨੰਦਪੁਰ ਸਾਹਿਬ ਦੀ ਟੀਮ ਨੂੰ ਇਕਪਾਸੜੀ ਟੱਕਰ ਵਿਚ 6-0 ਨਾਲ ਹਰਾਇਆ।

# ਕੀ ਪ੍ਰਵਾਸੀਆਂ ਦੀ ਘਰ ਵਾਪਸੀ ਬਾਰੇ ਸੋਚੇਗੀ ਪੰਜਾਬ ਦੀ 'ਆਪ' ਸਰਕਾਰ

ਮਨਪ੍ਰੀਤ ਸਿੰਘ ਬਧਨੀਕਲਾਂ

ਆਜ਼ਾਦੀ ਤੋਂ ਬਾਅਦ ਪੈਦਾ ਹੋਏ ਪੰਜਾਬ ਦੇ ਮਸਲੇ ਏਨੇ ਪੇਚੀਦਾ ਬਣ ਗਏ ਹਨ, ਕਿ ਉਨ੍ਹਾਂ ਦੇ ਹੱਲ ਹੋਣ ਦਾ ਕੋਈ ਲੜ ਸਿਰਾ ਵਿਖਾਈ ਨਹੀਂ ਦੇ ਰਿਹਾ। ਇਕ ਪਾਸੇ ਪੰਜਾਬ ਵਰਗਾ ਵਿਸ਼ਾਲ ਸੂਬਾ ਸੁੰਗੜ ਕੇ ਛੋਟਾ ਹੋ ਗਿਆ, ਦੂਜੇ ਪਾਸੇ ਛੋਟੇ ਸੂਬੇ ਨੂੰ ਵੀ ਉਹ ਹੱਕ ਨਹੀਂ ਮਿਲ ਰਹੇ ਜਿਸ ਦਾ ਉਹ ਹੱਕਦਾਰ ਹੈ। ਭਾਵੇਂ ਚੰਡੀਗੜ੍ਹ, ਪਾਣੀਆਂ, ਭਾਖੜਾ ਡੈਮ ਵਰਗੇ ਕਈ ਮਸਲੇ ਕੇਂਦਰ ਨਾਲ ਸੰਬੰਧਿਤ ਹਨ, ਪਰ ਪੰਜਾਬ ਦੀਆਂ ਸਰਕਾਰਾਂ ਦਾ ਕਿਰਦਾਰ ਵੀ ਇਨ੍ਹਾਂ ਮਸਲਿਆਂ ਨੂੰ ਲੈ ਕੇ ਹਮੇਸ਼ਾ ਸਵਾਲਾਂ ਦੇ ਘੇਰੇ ਵਿਚ ਰਿਹਾ ਹੈ।

ਦੂਜੇ ਪਾਸੇ ਆਮ ਲੋਕਾਂ ਵਿਚ ਪੈਦਾ ਹੋਈ ਬੇਚੈਨੀ, ਬੇਰੁਜ਼ਗਾਰੀ, ਖੇਤੀਬਾੜੀ ਆਧਾਰਿਤ ਸੂਬੇ ਵਿਚ ਵਧ ਰਹੇ ਪਰਿਵਾਰ ਤੇ ਘਟ ਰਹੀਆਂ ਜ਼ਮੀਨਾਂ ਨੇ ਪੰਜਾਬ ਨੂੰ ਪ੍ਰਵਾਸ ਵੱਲ ਧੱਕ ਦਿੱਤਾ ਹੈ। ਵਿਦੇਸ਼ਾਂ ਵਿਚੋਂ ਹੋਰਨਾਂ ਸੂਬਿਆਂ ਦੇ ਲੋਕ ਬੜੇ ਮਾਣ ਨਾਲ ਆਪੋ-ਆਪਣੇ ਸੂਬਿਆਂ ਨਾਲ ਲੈਣ-ਦੇਣ ਕਰਦੇ ਹਨ, ਜਾਇਦਾਦਾਂ ਖ਼ਰੀਦਦੇ ਹਨ, ਕਾਰੋਬਾਰਾਂ ਵਿਚ ਹਿੱਸੇਦਾਰੀ ਸੰਬੰਧੀ ਦਿਲਚਸਪੀ ਰੱਖਦੇ ਹਨ। ਪਰ ਪੰਜਾਬੀ ਆਪਣੇ ਸੂਬੇ ਵਿਚ ਨਿਵੇਸ਼ ਕਰਨ ਸੰਬੰਧੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਜਿਹੜੇ ਪੰਜਾਬੀ ਆਪਣੀ ਜ਼ਮੀਨ ਵੇਚਣ ਨੂੰ ਪਾਪ ਸਮਝਿਆ ਕਰਦੇ ਸਨ, ਪਰ ਵਿਦੇਸ਼ਾਂ ਵਿਚ ਰਹਿ ਰਹੇ ਬਹੁਤੇ ਪੰਜਾਬੀ ਹੁਣ ਮੌਕਾ ਵੇਖਦਿਆਂ ਹੀ ਆਪਣੇ ਘਰ-ਬਾਰ, ਜ਼ਮੀਨਾਂ-ਜਾਇਦਾਦਾਂ ਵੇਚ ਰਹੇ ਹਨ। ਇਸ ਦਾ ਮੁੱਖ ਕਾਰਨ ਸਰਕਾਰਾਂ ਦੀ ਬੇਰੁਖ਼ੀ, ਲੋੜ ਪੈਣ 'ਤੇ ਅਦਾਲਤੀ ਝਗੜਿਆਂ ਦਾ ਲੰਮੇ ਸਮੇਂ ਤੱਕ ਨਿਪਟਾਰਾ ਨਾ ਹੋਣਾ, ਪ੍ਰਸ਼ਾਸਨ ਵਲੋਂ ਢੁਕਵਾਂ ਸਹਿਯੋਗ ਨਾ ਮਿਲਣਾ ਅਤੇ ਰਿਸ਼ਤਿਆਂ ਵਿਚ ਪਈਆਂ ਤਰੇੜਾਂ ਸਮੇਤ ਬਹੁਤ ਸਾਰੇ ਕਾਰਨ ਹਨ।

ਮੋਹ ਨਾਲ ਭਿੱਜੇ ਪ੍ਰਵਾਸੀ ਭਾਵੇਂ ਪੰਜਾਬ ਤੋਂ ਦੂਰ ਖ਼ੁਦ ਨੂੰ ਬੇਚੈਨ ਮਹਿਸੂਸ ਕਰਦੇ ਹਨ, ਉਹ ਆਪਣੇ ਵਿਰਸੇ ਅਤੇ ਧਰਤੀ ਨਾਲ ਜੁੜੇ ਰਹਿਣਾ ਚਾਹੁੰਦੇ ਹਨ। ਪਰ ਉਨ੍ਹਾਂ ਅੰਦਰ ਉਹ ਭਰੋਸਾ ਕਾਇਮ ਨਹੀਂ ਰਿਹਾ, ਜੋ ਕਦੇ ਪਿੰਡੋਂ ਵਿਦੇਸ਼ ਤੁਰਨ ਵੇਲੇ ਉਨ੍ਹਾਂ ਕੋਲ ਹੁੰਦਾ ਸੀ। ਪੰਜਾਬ ਸਰਕਾਰ ਵਲੋਂ ਬੀਤੇ ਸਮੇਂ ਵਿਚ ਨੌਜਵਾਨਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਲਈ ਵਿਸ਼ੇਸ਼ ਪ੍ਰੋਗਰਾਮ ਵੀ ਉਲੀਕੇ ਗਏ ਸਨ, ਪਰ ਨੌਜਵਾਨ ਬੱਚਿਆਂ ਨੂੰ ਹੋਰਨਾਂ ਮੁਲਕਾਂ ਵਿਚ ਹੱਸ ਕੇ ਭੇਜਣ ਵਾਲੇ ਮਾਪੇ ਬੱਚਿਆਂ ਨੂੰ ਸੈਰ-ਸਪਾਟੇ ਲਈ ਇਕੱਲੇ ਪੰਜਾਬ ਭੇਜਣ ਤੋਂ ਵੀ ਹਿਚਕਚਾਉਂਦੇ ਹਨ। ਵਿਦੇਸ਼ਾਂ ਵਿਚ ਬਹੁਤ ਸਾਰੇ ਬਜ਼ੁਰਗ ਅਜਿਹੇ ਹਨ, ਜਿਹੜੇ ਬਿਰਧ ਆਸ਼ਰਮਾਂ ਵਿਚ ਰਹਿ ਰਹੇ ਹਨ, ਜਿੱਥੇ ਉਨ੍ਹਾਂ ਨੂੰ ਬੋਲੀ ਕਾਰਨ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ, ਪਰ ਅਜਿਹੇ ਬਜ਼ੁਰਗਾਂ ਨੂੰ ਪੰਜਾਬ ਨਾਲ ਜੋੜਨ ਲਈ ਵੀ ਵਿਸ਼ੇਸ਼ ਉਪਰਾਲਿਆਂ ਦੀ ਲੋੜ ਹੈ।



ਪ੍ਰਵਾਸੀਆਂ ਦੇ ਮਸਲਿਆਂ ਦੇ ਹੱਲ ਲਈ ਕਿਸੇ ਅਜਿਹੀ ਸ਼ਖ਼ਸੀਅਤ ਨੂੰ ਜ਼ਿੰਮੇਵਾਰੀ ਸੌਂਪਣੀ ਚਾਹੀਦੀ ਹੈ ਜੋ ਪ੍ਰਵਾਸੀਆਂ ਦੇ ਮਸਲਿਆਂ ਨੂੰ ਚੰਗੀ ਤਰ੍ਹਾਂ ਸਮਝਦਾ ਹੋਵੇ ਅਤੇ ਉਨ੍ਹਾਂ ਨੂੰ ਹੱਲ ਕਰਵਾਉਣ ਦੀ ਚਾਹਤ ਰੱਖਦਾ ਹੋਵੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਅਸਰ-ਰਸੂਖ ਵਾਲੇ ਸਰਮਾਏਦਾਰ ਪ੍ਰਵਾਸੀ ਵਿਦੇਸ਼ੀ ਦੌਰਿਆਂ 'ਤੇ ਆਏ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੀ ਸੇਵਾ-ਸੰਭਾਲ ਕਰਦੇ ਹਨ। ਉਨ੍ਹਾਂ ਦੇ ਮਾਮਲੇ ਵੀ ਜਲਦੀ ਹੱਲ ਹੋ ਜਾਂਦੇ ਹਨ। ਪਰ ਜਾਇਦਾਦਾਂ ਨਾਲ ਸੰਬੰਧਿਤ ਮਾਮਲਿਆਂ ਦੀ ਵੱਡੀ ਗਿਣਤੀ ਹੈ, ਜਿਨ੍ਹਾਂ ਦੇ ਹੱਲ ਲਈ ਜਿੱਥੇ ਢੁਕਵੇਂ ਯਤਨਾਂ ਦੀ ਲੋੜ ਹੈ, ਉੱਥੇ ਹੀ ਲੋਕਾਂ ਨੂੰ ਗ਼ਲਤ ਕੰਮ ਕਰਨ ਲਈ ਪ੍ਰੇਰਿਤ ਹੋਣ ਤੋਂ ਰੋਕਣ ਦੀ ਵੀ ਲੋੜ ਹੈ।

ਪ੍ਰਾਪਰਟੀ ਦਾ ਗੋਰਖ ਧੰਦਾ ਕਰਨ ਵਾਲਿਆਂ ਦੇ ਜਾਲ ਵਿਚ ਫਸ ਕੇ ਗ਼ੈਰ-ਕਾਨੂੰਨੀ ਕੰਮ ਕਰਨ ਵਾਲਿਆਂ ਤੋਂ ਪ੍ਰਵਾਸੀਆਂ ਨੂੰ ਬਚਾਉਣ ਦੇ ਵੀ ਲੋੜੀਂਦੇ ਕਦਮ ਚੁੱਕਣ ਦੀ ਲੋੜ ਹੈ। ਪ੍ਰਵਾਸੀ ਪੰਜਾਬੀ ਪੰਜਾਬ ਆਉਣਾ ਲੋਚਦੇ ਹਨ, ਪੰਜਾਬ ਦੇ ਹੱਕਾਂ ਦੀ ਗੱਲ ਕਰਨ ਵਾਲਾ ਹਰ ਕੋਈ ਦੇਸ਼ ਵਿਰੋਧੀ ਨਹੀਂ, ਇਸ ਧਾਰਨਾ ਨੂੰ ਵੀ ਸੰਜੀਦਗੀ ਨਾਲ ਵਿਚਾਰਨ ਦੀ ਲੋੜ ਹੈ। ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੂੰ ਜੇ ਹੱਸ ਕੇ ਗਲ ਲਾ ਲਿਆ ਜਾਵੇ ਤਾਂ ਬਹੁਤ ਸਾਰੇ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋ ਸਕਦੇ, ਬਸ ਉਨ੍ਹਾਂ ਦੀ ਜਾਨ-ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਦੀ ਲੋੜ ਹੈ। ਪ੍ਰਵਾਸੀਆਂ ਨੂੰ ਸੋਨੇ ਦਾ ਆਂਡਾ ਦੇਣ ਵਾਲੀ ਮੁਰਗੀ ਸਮਝਣ ਦੀ ਥਾਂ ਉਨ੍ਹਾਂ ਨੂੰ ਪਿਆਰ ਅਤੇ ਸਤਿਕਾਰ ਨਾਲ ਨਿਵੇਸ਼ ਲਈ ਪ੍ਰੇਰਿਤ ਕਰੋ, ਤਾਂ ਕਿ ਉਨ੍ਹਾਂ ਦੀ ਘਰ ਵਾਪਸੀ ਹੋ ਸਕੇ।

## (ਮਿੰਨੀ ਕਹਾਣੀ) ਮਹਾਦਾਨੀ

ਭੂਰੋ ਅਤੇ ਭੋਲੀ ਸਰਦਾਰ ਕਰਨੈਲ ਸਿਓਂ ਦੇ ਖੇਤ ਵਿੱਚੋਂ ਖੜੇ ਕਣਕ ਦੇ ਗਾਹੜ 'ਚੋਂ ਬੱਲੀਆਂ ਚੁੱਗ ਰਹੀਆਂ ਸਨ। ਇੰਨੇ ਨੂੰ ਕਰਨੈਲ ਸਿਓਂ ਆ ਗਿਆ। ਉਨੀ ਆ ਕਿਹੜੀਆਂ ਤੁਸੀਂ, ਖੇਤ 'ਚੋਂ ਬਾਹਰ ਨਿਕਲੋ। ਇੱਥੇ ਹੀ ਕਰੋ ਖਾਲੀ ਬੋਰੀਆਂ। ਕਿਵੇਂ ਉਜਾੜਾ ਕੀਤਾ ਐ। ਕੰਪਾਈਨ ਮਗਰੋਂ ਵੱਢ ਕੇ ਨਿਕਲਦੀ ਐ, ਕਤੀੜ ਪਹਿਲਾਂ ਆ ਜਾਂਦੀ ਐ", ਕਰਨੈਲ ਸਿਓਂ ਨੇ ਦਬਕਾਉਂਦਿਆਂ ਕਿਹਾ।

ਉਸਰਦਾਰਾ ਕਣਕ ਤਾਂ ਤੇਰੀ ਵੱਢੀ ਪਈ ਐ। ਤੇਰੇ ਕਾਹਦਾ ਘਾਟਾ, ਸਾਡੇ ਦੋ ਸੇਰ ਦਾਣੇ ਕੰਮ ਆ ਜਾਣਗੇ। ਤੈਨੂੰ ਜਵਾਕ ਵੀ ਅਸੀਸਾਂ ਦੇਣਗੇ", ਭੂਰੋ ਨੇ ਤਰਲੇ ਨਾਲ ਕਿਹਾ। ਉਸਿਟੋ ਬੋਰੀਆਂ, ਜਾਤ ਕਿਹੜਾ ਸੁਣਦੀ ਹੈਗੀ। ਤੁਸੀਂ ਬੀਜ ਕੇ ਗਈਆਂ ਸੀ। ਦਿਹਾੜੀ ਕਰਕੇ ਖਾਵੋ। ਬਾਹਰ ਨਿਕਲੋੜ", ਕਰਨੈਲ ਸਿਓਂ ਨੇ ਗੁੱਸੇ ਨਾਲ ਕਿਹਾ। ਭੂਰੋ ਤੇ ਭੋਲੀ ਨੇ ਬੋਰੀਆਂ ਵਿਚਲੀਆਂ ਬੱਲੀਆਂ ਉੱਥੇ ਹੀ ਢੇਰੀ ਕਰ ਦਿੱਤੀਆਂ।

ਉਨਹੀਂ ਭੋਲੀ ਕੱਲ੍ਹ ਗੁਰਦੁਆਰੇ ਬਾਬਾ ਬੋਲਿਆ ਸੀ ਬਈ ਕਰਨੈਲ ਸਿਓਂ ਨੇ ਗੁਰਦੂਆਰੇ ਪੰਜ ਕੁਆਂਟਲ ਕਣਕ ਦਾਨ ਕੀਤੀ ਐ। ਜੇ ਆਪਣੀਆਂ ਚੁੱਗੀਆਂ ਬੱਲੀਆਂ ਆਪਾਂ ਨੂੰ ਹੀ ਦੇ ਦਿੰਦਾ ਆਪਣੇ ਢਿੱਡ ਵੀ ਅਸੀਸਾਂ ਦਿੰਦੇ"।

ਉਨੀ ਭੂਰੋ ਤੂੰ ਤਾਂ ਕਮਲੀ ਐ। ਹੁਣ ਉਹ ਲੋਕ ਨਾ ਰਹੇ। ਚੌਧਰ ਦਾ ਟੈਮ ਐ। ਗੁਰਦੁਆਰੇ ਕਣਕ ਤਾਂ ਦਿੱਤੀ ਉੱਥੇ ਤਾਂ ਸਰਦਾਰ ਦਾ ਨਾਂਓ ਪੱਥਰ 'ਤੇ ਲਿਖਿਆ ਜਾਵੇਗਾ। ਆਪਣੀਆਂ ਅਸੀਸਾਂ ਦਾ ਉਹਨੇ ਅਚਾਰ ਪਾਣਾ। ਆਪਾਂ ਗਰੀਬ, ਉੱਥੇ ਸਾਰੀ ਦੁਨੀਆ 'ਚ ਦਾਨੀ ਕਹਾਉਣਾ।

ਪੱਥਰ 'ਤੇ ਨਾਂਓ ਸਾਰੀ ਦੁਨੀਆ ਪੜ੍ਹੇਗੀ ਤੇ ਆਪਾਂ ਨੂੰ ਤਾਂ ਰੇਤੇ 'ਤੇ ਵੀ ਨਹੀਂ ਲਿਖਣਾ ਆਉਂਦਾ। ਤੁਰ ਆ ਚੁਪ ਕਰਕੇ, ਰੱਬ ਤੇ ਡੋਰੀਆਂ ਰੱਖ", ਭੋਲੀ ਨੇ ਕਿਹਾ।

ਉਨੀ ਰੱਬ ਕਿਹੜਾ ਹੁਣ ਤਾਂ ਰੱਬ ਵੀ ਪੱਥਰਾਂ ਤੇ ਨਾਂਓ ਪੜ੍ਹ ਕੇ ਹੀ ਭਲਾ ਕਰਦਾ ਐ। ਰੱਬ ਤਾਂ ਖਰੀਦ ਲਿਆ ਇਨ੍ਹਾਂ ਪੈਸੇ ਵਾਲਿਆਂ ਨੇ", ਭੂਰੋ ਨੇ ਉੱਥੇ ਖਾਲੀ ਬੋਰੀ ਸੁੱਟਦਿਆਂ ਕਿਹਾ 'ਤੇ ਪੈਰ ਘਸੀੜਦੀ ਹੋਈ ਪਿੰਡ ਵੱਲ ਤੁਰ ਪਈ।

**-ਸੁਖਵਿੰਦਰ ਕੌਰ 'ਹਰਿਆਓ'**
**ਉਭੱਵਾਲ, ਸੰਗਰੂਰ**
**8427405492**




Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:

Das Pawar, Ishwar: 9781682131558: Amazon.com: Book

https://www.amazon.com/Struggle-Life-Ishwar-Das-Pawar/dp/1682131556

## ਸੱਦਾ ਪੱਤਰ





ਸ਼ਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਵਰਸ ਮੇਲੇ
ਵਤਨ ਪਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ

# ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਵੱਲੋਂ



ਸ਼ਹੀਦ-ਏ-ਆਜ਼ਮ

## ਸ. ਭਗਤ ਸਿੰਘ ਦਾ ਸ਼ਹੀਦੀ ਦਿਹਾੜਾ

ਅਤੇ

## ਮਜ਼ਦੂਰ ਦਿਵਸ



## ਮਿਤੀ 1 ਮਈ 2022 (ਦਿਨ ਐਤਵਾਰ)

ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ:

ਚਾਹ ਪਾਣੀ : 2 ਵਜੇ
ਵਿਚਾਰ ਚਰਚਾ : 2:30 ਵਜੇ
ਸ਼ਾਮ ਦਾ ਭੋਜਨ : 5 ਵਜੇ

ਜਿਸ ਵਿੱਚ ਵੱਖ-ਵੱਖ ਬੁਲਾਰੇ ਵਿਚਾਰ ਪੇਸ਼ ਕਰਨਗੇ।

Venue :

**Confrence Hall**
Gurdwara Sant Sagar
1541 Jessie Ave CA 95838
Secramento

ਉਡੀਕਵਾਨ:

Surinder Singh Bindra
President

Gian S. Bilga
Gen. Sec

Contact : 916-420-2390

Sponsored by- Desh Doaba

# 1 ਮਈ 2022 ਲਈ ਅੰਤਰਰਾਸ਼ਟਰੀ ਮਜਦੂਰ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਅੱਜ 01 ਮਈ ਨੂੰ ਪੂਰੀ ਦੁਨੀਆਂ ਵਿੱਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਿਸਨੂੰ ਮਈ ਦਿਵਸ ਵੀ ਕਿਹਾ ਜਾਂਦਾ ਹੈ ਵਜੋਂ ਮਨਾਇਆ ਜਾ ਰਿਹਾ ਹੈ। ਇਸ ਦਿਨ ਦਾ ਦੁਨੀਆਂ ਦੇ ਮਿਹਨਤਕਸ਼ ਮਜਦੂਰਾਂ ਲਈ ਵਿਸ਼ੇਸ਼ ਮਹੱਤਵ ਹੈ। ਇਸਦੀ ਸ਼ੁਰੂਆਤ ਮਜਦੂਰਾਂ ਦੇ ਕੰਮ ਦੇ 08 ਘੰਟੇ ਕਰਨ ਨੂੰ ਲੈਕੇ ਕੀਤੇ ਗਏ ਸੰਘਰਸ ਨਾਲ ਹੋਈ ਸੀ। ਮਜਦੂਰਾਂ ਤੋਂ ਪਹਿਲਾਂ 12-14 ਘੰਟੇ ਕੰਮ ਕਰਵਾਇਆ ਜਾਂਦਾ ਸੀ ਅਤੇ ਜੇਕਰ ਕੋਈ ਇਸ ਸ਼ੋਸ਼ਣ ਖਿਲਾਫ ਬੋਲਦਾ ਸੀ ਤਾਂ ਉਸਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਸੀ। ਇਸ ਸ਼ੋਸ਼ਣ ਦੇ ਖਿਲਾਫ ਅਮਰੀਕਾ ਵਿੱਚ 01 ਮਈ ਨੂੰ ਮਜਦੂਰ ਜਥੇਵੰਦੀਆਂ ਨੇ ਇੱਕ ਦਿਨ ਦੀ ਹੜਤਾਲ ਕੀਤੀ ਜਿਸਨੂੰ ਭਰਪੂਰ ਸਮੱਰਥਨ ਮਿਲਿਆ। 04 ਮਈ 1886 ਨੂੰ ਸ਼ਿਕਾਗੋ ਵਿੱਚ ਜਦੋਂ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਮਜਦੂਰ ਇਕੱਠੇ ਹੋਕੇ ਮੰਗ ਕਰ ਰਹੇ ਸਨ ਕਿ ਇਸ ਦੌਰਾਨ ਕਿਸੇ ਵਿਅਕਤੀ ਨੇ ਬੰਬ ਚਲਾ ਦਿੱਤਾ ਅਤੇ ਬਾਅਦ ਵਿੱਚ ਪੁਲਿਸ ਫਾਈਰਿੰਗ ਵਿੱਚ 04 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ। ਸਰਕਾਰ ਵਲੋਂ ਮਜਦੂਰ ਆਗੂਆਂ ਵਿਰੁੱਧ ਕਾਰਵਾਈ ਕਰਦਿਆਂ ਕਈ ਮਜਦੂਰਾਂ ਅਤੇ ਮਜਦੂਰ ਆਗੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 08 ਮਜਦੂਰ ਆਗੂਆਂ ਤੇ ਮੁਕੱਦਮਾ ਚਲਾਇਆ ਗਿਆ। ਉਪਰੋਕਤ ਆਗੂਆਂ ਵਿੱਚੋਂ ਕਿਸੇ ਦਾ ਵੀ ਬੰਬ ਧਮਾਕੇ ਦਾ ਦੋਸ਼ੀ ਹੋਣਾ ਸਾਬਤ ਨਹੀਂ ਹੋਇਆ ਪਰ ਫਿਰ ਵੀ ਸੱਤ ਆਗੂਆਂ ਜਿਨ੍ਹਾਂ ਵਿੱਚੋਂ ਅਲਬਰਟ ਪਾਰਸਨਜ਼, ਆਗਸਟ ਸਪਾਈਜ਼, ਸੈਮੂਅਲ ਫੀਲਡਜ਼, ਮਾਈਕਲ ਸ਼ਾਅਬ, ਲੂਈ ਕਿੰਗ, ਅਡੌਲਫ ਫਿਸ਼ਰ ਤੇ ਜਾਰਜ ਐਨਗਿਲ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਅੱਠਵੇਂ ਆਗੂ ਆਸਕਾਰ ਨੀਵ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਮਜ਼ਦੂਰ ਲਹਿਰ ਅਤੇ ਮਜ਼ਦੂਰ ਸੰਗਠਨ ਨੂੰ ਬਦਨਾਮ ਕਰਨ ਅਤੇ ਆਮ ਲੋਕਾਂ ਵਿੱਚ ਮਜ਼ਦੂਰ ਵਿਰੋਧੀ ਹਵਾ ਬਣਾਉਣ ਲਈ ਮਿੱਲ ਮਾਲਕਾਂ ਅਤੇ ਸਰਕਾਰ ਵੱਲੋਂ ਪਾਣੀ ਵਾਂਗ ਪੈਸਾ ਵਹਾ ਕੇ ਮਨੋਵਿਗਿਆਨਕ ਜੰਗ ਰਾਹੀਂ ਮੀਡੀਆ ਟਰਾਇਲ ਕੀਤਾ ਗਿਆ। ਉਪਰੋਕਤ ਨਾਜਾਇਜ਼ ਸਜ਼ਾਵਾਂ ਨੂੰ ਰੋਕਣ ਲਈ ਯੂਰਪ ਤੇ ਅਮਰੀਕਾ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਵੱਡੇ ਵੱਡੇ ਰੋਸ ਮੁਜ਼ਾਹਰੇ ਵੀ ਕੀਤੇ ਪਰ ਸਰਕਾਰ ਨੇ ਬਚਾਓ ਪੱਖ ਦੀ ਕੋਈ ਵੀ ਦਲੀਲ ਨਹੀਂ ਸੁਣੀ। ਲੋਕਾਂ ਦੇ ਭਾਰੀ ਦਬਾਅ ਕਾਰਨ ਦੋ ਆਗੂਆਂ ਫੀਲਡਜ਼ ਤੇ ਸ਼ਾਅਬ ਦੀ ਮੌਤ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਗਿਆ, ਲੂਈ ਕਿੰਗ ਦੀ ਜੇਲ੍ਹ ਵਿੱਚ ਹੀ ਮੌਤ ਹੋ ਗਈ, ਅਲਬਰਟ ਪਾਰਸਨਜ਼, ਸਪਾਈਜ਼, ਜਾਰਜ ਐਨਗਿਲ ਤੇ ਅਡੌਲਫ ਫਿਸ਼ਰ ਨੂੰ 11 ਨਵੰਬਰ, 1887 ਨੂੰ ਫਾਂਸੀ ਦਿਤੀ ਗਈ। ਫਾਂਸੀ ਵੇਲੇ ਆਗਸਟ ਸਪਾਈਜ਼ ਨੇ ਕਿਹਾ ਕਿ ਤੁਸੀਂ ਸਾਨੂੰ ਮਾਰ ਕੇ ਸਾਡੇ ਕੋਲੋਂ ਸ਼ਬਦ ਤਾਂ ਖੋਹ ਸਕਦੇ ਹੋ, ਪਰ ਇੱਕ ਸਮਾਂ ਆਵੇਗਾ ਜਦੋਂ ਸਾਡੀ ਚੁੱਪ ਸਾਡੇ ਸ਼ਬਦਾਂ ਨਾਲੋਂ ਵੀ ਵੱਧ ਬੋਲੇਗੀ। ਉਮਰ ਕੈਦ ਦੀ ਸਜ਼ਾ ਭੁਗਤ ਰਹੇ ਬਾਕੀ ਬਚੇ ਤਿੰਨ ਆਗੂਆਂ ਨੂੰ 1893 ਵਿੱਚ ਰਿਹਾਅ ਕਰ ਦਿੱਤਾ ਗਿਆ ਕਿਉਂਕਿ ਇਨ੍ਹਾਂ ਵਿਰੁੱਧ ਲੱਗੇ ਦੋਸ਼ ਸਾਬਤ ਨਹੀਂ ਸੀ ਹੋ ਸਕੇ। ਦੁਨੀਆਂ ਭਰ ਦੀ ਮਜ਼ਦੂਰ ਲਹਿਰ ਵੱਲੋਂ ਸ਼ਿਕਾਗੋ ਦੇ ਉਪਰੋਕਤ ਸ਼ਹੀਦਾਂ ਨੂੰ ਸ਼ਿਕਾਗੋ ਦੇ ਸ਼ਹੀਦ ਕਹਿ ਕੇ ਸਨਮਾਨਿਆ ਜਾਂਦਾ ਹੈ। ਇਸਤੋਂ ਬਾਅਦ 1889 ਵਿੱਚ ਪੈਰਿਸ ਵਿੱਚ ਅੰਤਰਰਾਸ਼ਟਰੀ ਮਹਾਂਸਭਾ ਦੀ ਦੂਜੀ ਬੈਠਕ ਵਿੱਚ ਇੱਕ ਪ੍ਰਸਤਾਵ ਪਾਸ ਕੀਤਾ ਗਿਆ ਕਿ ਇਸਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ, ਉਸ ਸਮੇਂ ਤੋਂ ਹੀ ਦੁਨੀਆਂ ਦੇ 80 ਦੇਸ਼ਾਂ ਵਿੱਚ ਮਈ ਦਿਵਸ ਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤਾ ਗਿਆ ਅਤੇ ਇਸਨੂੰ ਰਾਸ਼ਟਰ ਪੱਧਰ ਤੇ ਮਨਾਇਆ ਜਾਣ ਲੱਗ ਪਿਆ। 1919 ਵਿੱਚ ਅੰਤਰਰਾਸ਼ਟਰੀ ਮਜਦੂਰ ਸੰਗਠਨ ਹੋਂਦ ਵਿੱਚ ਆ ਗਿਆ। ਇਸਦੇ ਲੱਗਭੱਗ 185 ਦੇਸ਼ ਮੈਂਬਰ ਹਨ ਅਤੇ ਇਸਨੂੰ 1969 ਵਿੱਚ ਨੋਬਲ ਸ਼ਾਂਤੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ। ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਵੱਖ ਵੱਖ ਦੇਸ਼ਾਂ ਵਿੱਚ ਦਫਤਰ ਖੋਲੇ ਗਏ ਹਨ ਅਤੇ ਸਮੇਂ ਸਮੇਂ ਤੇ ਇਸ ਸੰਗਠਨ ਦੁਆਰਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਮਜਦੂਰਾਂ ਦੀ ਭਲਾਈ ਅਤੇ ਬਿਹਤਰੀ ਲਈ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਭਾਰਤ ਵਿੱਚ 01 ਮਈ ਦਾ ਦਿਹਾੜਾ ਸਭ ਤੋਂ ਪਹਿਲਾਂ ਚੇਨਈ ਵਿੱਚ 01 ਮਈ 1923 ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਇਸ ਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕਰ ਲਿਆ ਗਿਆ ਸੀ। ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਰਾਵੇਲੂ ਚੇਟਿਆਰ ਨੇ ਕੀਤੀ ਸੀ। ਭਾਰਤ ਵਿੱਚ ਮਦਰਾਸ ਹਾਈਕੋਰਟ ਸਾਹਮਣੇ ਇੱਕ ਵੱਡਾ ਮੁਜ਼ਾਹਰਾ ਕਰਕੇ ਇੱਕ ਮਤਾ ਪਾਸ ਕਰਕੇ ਇਹ ਸਹਿਮਤੀ ਬਣਾਈ ਗਈ ਕਿ ਇਸ ਦਿਵਸ ਨੂੰ ਭਾਰਤ ਵਿੱਚ ਵੀ ਮਜਦੂਰ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ। ਇਸਤੋਂ ਬਾਦ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ 01 ਮਈ ਦਾ ਦਿਹਾੜਾ ਮਜਦੂਰ ਦਿਵਸ ਵਜੋਂ ਮਨਾਇਆ ਜਾਣ ਲੱਗ ਪਿਆ। ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਹਰੇਕ ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਨੂੰ ਚਲਾਉਣ ਵਿੱਚ ਮਜ਼ਦੂਰਾਂ ਦਾ ਅਹਿਮ ਰੋਲ ਹੁੰਦਾ ਹੈ ਅਤੇ ਇਨ੍ਹਾਂ ਦੀ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਸਰਕਾਰ ਦੀ ਭੂਮਿਕਾ ਉਦਯੋਗਿਕ ਸ਼ਾਂਤੀ, ਉਦਯੋਗਪਤੀਆਂ ਅਤੇ ਮਜ਼ਦੂਰਾਂ ਦਰਮਿਆਨ ਸੁਖਾਵੇਂ, ਸ਼ਾਂਤਮਈ ਅਤੇ ਪਰਿਵਾਰਕ ਸਬੰਧ ਕਾਇਮ ਕਰਨਾ, ਝਗੜੇ ਤੇ ਟਕਰਾਅ ਦੀ ਸੂਰਤ ਵਿੱਚ ਉਨ੍ਹਾਂ ਦਾ ਸਮਝੌਤਾ ਅਤੇ ਸੁਲਾਹ ਕਰਵਾਉਣ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਉਦਯੋਗਿਕ ਟ੍ਰਿਬਿਊਨਲ ਕਾਇਮ ਕਰਕੇ ਨਿਰਪੱਖਤਾ ਤੇ ਪਾਰਦਰਸ਼ੀ ਢੰਗ ਨਾਲ ਕੁਦਰਤੀ ਨਿਆਂ ਦੇ ਅਸੂਲਾਂ ਦੇ ਸਿਧਾਂਤਾਂ ਅਨੁਸਾਰ ਇਨਸਾਫ਼ ਦਿਵਾਉਣਾ ਅਤੇ ਉਨ੍ਹਾਂ ਦੀ ਬਿਹਤਰੀ ਲਈ ਸਮੇਂ-ਸਮੇਂ ਸਿਰ ਕਾਨੂੰਨੀ ਅਤੇ ਜਾਬਤਾ ਪ੍ਰਣਾਲੀ ਨਿਰਧਾਰਤ ਕਰਨਾ ਹੈ। ਹੁਣ ਮਜਦੂਰਾਂ ਦੀ ਭਲਾਈ ਹਰ ਸਰਕਾਰ ਅਤੇ ਰਾਜਨੀਤਿਕ ਪਾਰਟੀ ਲਈ ਵਿਸ਼ੇਸ਼ ਮੁੱਦਾ ਬਣ ਗਈ ਹੈ। ਪਹਿਲੇ ਸੰਸਾਰ ਯੁੱਧ ਅਤੇ ਦੂਜੇ ਸੰਸਾਰ ਯੁੱਧ ਦੋਰਾਨ ਸਾਰੇ ਮਜ਼ਦੂਰ ਸੰਗਠਨ ਅਤੇ ਇਨ੍ਹਾਂ ਦੇ ਆਗੂ ਆਪਣੇ-ਆਪਣੇ ਦੇਸ਼ਾਂ ਦੇ ਝੰਡੇ ਹੇਠ ਇਕੱਠੇ ਹੋ ਗਏ ਅਤੇ ਪੱਛਮੀ ਦੇਸ਼ਾਂ ਵਿੱਚ ਕਲਿਆਣਕਾਰੀ ਰਾਜ ਆਇਆ ਅਤੇ ਮਈ ਦਿਵਸ ਦਾ ਪੁਨਰ ਜਾਗਰਣ ਹੋਇਆ। ਸੋਵੀਅਤ ਸੰਘ ਦੇ ਟੁੱਟਣ ਦੇ ਨਾਲ ਹੀ ਪੂੰਜੀਵਾਦ ਦਾ ਬਦਲਾਓ ਗੁੰਮ ਹੋ ਗਿਆ ਹੈ। ਇਕੱਠੇ ਕੰਮ ਕਰਨਾ ਅਤੇ ਇੱਕ ਜਗ੍ਹਾ ਕੰਮ ਕਰਨਾ ਹੁਣ ਮਹਿਜ ਇੱਕ ਸੁਪਨਾ ਹੀ ਰਹਿ ਗਿਆ। ਤਕਨਾਲੋਜੀ ਦੇ ਵਿਕਾਸ ਨੇ ਲੋਕਾਂ ਦੀ ਜ਼ਰੂਰਤਾਂ ਨੂੰ ਘੱਟ ਕਰ ਦਿੱਤਾ ਹੈ ਜੋ ਕੰਮ ਪਹਿਲਾਂ 100 ਮਜ਼ਦੂਰ ਮਿਲਕੇ ਕਰਦੇ ਸੀ ਉਹ ਕੰਮ ਹੁਣ ਇੱਕ ਰੋਬੋਟ ਕਰ ਲੈਂਦਾ ਹੈ। ਭਾਰਤ ਵਿੱਚ ਚੀਨ ਤੋਂ ਬਾਦ ਸਭਤੋਂ ਵੱਧ ਕਾਮੇ ਹਨ, ਇਨ੍ਹਾਂ ਵਿਚੋਂ ਬਹੁਤੇ ਕਾਮੇ ਗੈਰ ਸੰਗਠਿਤ ਖੇਤਰ ਵਿੱਚ ਹੀ ਕੰਮ ਕਰਦੇ ਹਨ। ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੇ ਹਿੱਤਾਂ ਦੀ ਸੁਰਖਿੱਆ ਲਈ ਵੱਖ ਵੱਖ ਯੂਨੀਅਨਾਂ ਕੰਮ ਕਰਦੀਆਂ ਹਨ ਜਿਸ ਕਾਰਨ ਸਰਕਾਰਾਂ ਤੇ ਦਬਾਓ ਬਣਿਆ ਰਹਿੰਦਾ ਹੈ ਪ੍ਰੰਤੂ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜ਼ਦੂਰ ਸ਼ੋਸ਼ਣ ਦਾ ਹੀ ਸ਼ਿਕਾਰ ਰਹਿੰਦੇ ਹਨ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਬਹੁਤੇ ਕਾਮੇ ਪ੍ਰਵਾਸੀ ਹੁੰਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਅਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਹਨ। ਦੇਸ਼ ਵਿੱਚ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਲੱਗਭੱਗ 60 ਹਜਾਰ ਟ੍ਰੇਡ ਯੂਨੀਅਨਾਂ ਚੱਲ ਰਹੀਆਂ ਹਨ ਅਤੇ ਟ੍ਰੇਡ ਯੂਨੀਅਨਾਂ ਦੀਆਂ 10 ਕੇਂਦਰੀ ਫੈਡਰੇਸ਼ਨਾਂ ਹਨ। ਬਹੁਤੀਆਂ ਯੂਨੀਅਨਾਂ ਸਿਰਫ ਸੰਗਠਿਤ ਖੇਤਰਾਂ ਦੇ ਕਾਮਿਆਂ ਲਈ ਹੀ ਕੰਮ ਕਰਦੀਆਂ ਹਨ ਜਦਕਿ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜਦੂਰਾਂ ਲਈ ਕੋਈ ਵੀ ਯੂਨੀਅਨ ਕੰਮ ਨਹੀਂ ਕਰਦੀ ਹੈ। ਕੋਰੋਨਾ ਵਾਇਰਸ ਦਾ ਵੀ ਗਰੀਬ ਮਜਦੂਰਾਂ ਤੇ ਗੰਭੀਰ ਅਸਰ ਪਾਇਆ ਹੈ। ਸੰਯੁਕਤ ਰਾਸ਼ਟਰ ਦੇ ਲੇਬਰ ਵਿਭਾਗ ਨੇ ਇਸ ਸਬੰਧੀ ਕਿਹਾ ਹੈ ਕਿ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ 40 ਕਰੋੜ੍ਹ ਲੋਕ ਗਰੀਬੀ ਵਿੱਚ ਫਸ ਸਕਦੇ ਹਨ। ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਮਹਾਂ ਨਿਰਦੇਸ਼ਕ ਗਾਏ ਰਾਇਡਰ ਅਨੁਸਾਰ ਇਨ੍ਹਾਂ ਮਜਦੂਰਾਂ ਲਈ ਇਹ ਬਹੁਤ ਹੀ ਸੰਕਟ ਦਾ ਸਮਾਂ ਹੈ। ਸਰਕਾਰ ਵਲੋਂ ਕੋਰੋਨਾ ਵਾਇਰਸ ਦੇ ਫੈਲਾਓ ਨੂੰ ਰੋਕਣ ਲਈ ਕੀਤੀ ਗਈ ਮੁਕੰਮਲ ਤਾਲਾਬੰਦੀ ਅਤੇ ਕਈ ਰਾਜਾਂ ਵਿੱਚ ਲਗਾਏ ਗਏ ਕਰਫਿਊ ਦਾ ਸਭ ਤੋਂ ਮਾੜ੍ਹਾ ਅਸਰ ਇਨ੍ਹਾਂ ਗਰੀਬ ਮਜਦੂਰਾਂ ਤੇ ਹੀ ਪਿਆ ਹੈ। ਸਰਕਾਰਾਂ ਦੇ ਪ੍ਰਬੰਧਾਂ ਦੀ ਪੋਲ ਖੋਲਦਿਆਂ ਹਜ਼ਾਰਾਂ ਪ੍ਰਵਾਸੀ ਮਜਦੂਰ ਅਪਣੇ ਪਰਿਵਾਰਾਂ ਸਮੇਤ ਕਈ ਕਈ ਦਿਨ ਭੁੱਖੇ ਭਾਣੇ ਸਫਰ ਕਰਕੇ ਗੈਰ ਮਨੁੱਖੀ ਹਾਲਾਤਾਂ ਵਿੱਚ ਅਪਣੇ ਜੱਦੀ ਇਲਾਕਿਆਂ ਵਿੱਚ ਪਹੁੰਚੇ ਹਨ। ਇਨ੍ਹਾਂ ਵਿੱਚੋਂ ਕਈਆਂ ਨਾਲ ਰਸਤੇ ਵਿੱਚ ਗੈਰ ਮਨੁੱਖੀ ਵਿਉਹਾਰ ਕੀਤਾ ਗਿਆ। ਭਾਰਤੀ ਸੰਵਿਧਾਨ ਮਜ਼ਦੂਰਾਂ ਨੂੰ ਸ਼ੋਸ਼ਣ ਤੋਂ ਬਚਾਉਣ ਅਤੇ ਭਲਾਈ ਲਈ ਸਪੱਸ਼ਟ ਨਿਰਦੇਸ਼ ਦਿੰਦਾ ਹੈ ਜਿਵੇਂ ਆਰਟੀਕਲ 23 ਜਬਰੀ ਮਜਦੂਰੀ ਨੂੰ ਰੋਕਦਾ ਹੈ, 24 ਬੱਚਿਆਂ ਨੂੰ ਕਈ ਥਾਵਾਂ ਤੇ ਕੰਮ ਕਰਨ ਤੇ ਪਾਬੰਦੀ ਲਗਾਂਦਾ ਹੈ, 42ਵੀਂ ਸੋਧ ਦੁਆਰਾ ਲਾਗੂ ਕੀਤੀ ਗਈ 43 ਏ ਨਿਰਦੇਸ਼ ਦਿੰਦੀ ਹੈ ਕਿ ਉਦਯੋਗਾਂ ਦੇ ਪ੍ਰਬੰਧਕੀ ਕਮੇਟੀਆਂ ਵਿੱਚ ਕਾਮਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ, ਲੱਗਭੱਗ 144 ਕੇਂਦਰੀ ਅਤੇ ਰਾਜਾਂ ਦੇ ਕਨੂੰਨ ਮਜਦੂਰਾਂ ਦੀ ਭਲਾਈ ਲਈ ਬਣਾਏ ਗਏ ਹਨ ਪਰ ਇਸ ਸਭ ਦੇ ਬਾਬਜੁਦ ਦੇਸ਼ ਵਿੱਚ ਮਜਦੂਰਾਂ ਦੀ ਖਸਤਾ ਹਾਲਤ ਸਚਾਈ ਬਿਆਨ ਕਰਦੀ ਹੈ। ਗੈਰ ਸੰਗਠਤ ਖੇਤਰ ਹੋਟਲਾਂ, ਢਾਬਿਆਂ, ਖੇਤੀਬਾੜੀ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜਦੂਰਾਂ ਦੀ ਭਲਾਈ ਦੇ ਨਾਂ ਤੇ ਹਰ ਸਾਲ ਕਰੋੜ੍ਹਾਂ ਰੁਪਏ ਖਰਚੇ ਜਾਂਦੇ ਹਨ ਪਰੰਤੂ ਇਸਦਾ ਲਾਭ ਕਿਸਨੂੰ ਮਿਲਦਾ ਹੈ ਇਹ ਇੱਕ ਵੱਡਾ ਸਵਾਲ ਬਣਿਆਂ ਹੋਇਆ ਹੈ। ਸਰਕਾਰ ਵਲੋਂ ਸ਼ੁਰੂ ਕੀਤੀ ਗਈ ਪੇਂਡੂ ਮਜਦੂਰਾਂ ਲਈ ਮਹਾਤਮਾ ਗਾਂਧੀ ਰੁਜਗਾਰ ਗਰਾਂਟੀ ਯੋਜਨਾ ਵੀ ਬਹੁਤੇ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਮਿਲੀਭੁਗਤ ਕਾਰਨ ਮਜਦੂਰਾਂ ਨਾਲੋ ਵੱਧ ਅਧਿਕਾਰੀਆਂ ਅਤੇ ਰਾਜਨੇਤਾਵਾਂ ਲਈ ਲਾਭਦਾਇਕ ਸਾਬਿਤ ਹੋ ਰਹੀ ਹੈ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਖਤਰਨਾਕ ਹਾਲਤਾਂ ਵਿੱਚ ਮਜ਼ਦੂਰੀ ਕਰਵਾਣਾ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਇਸ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜ਼ਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ ਪਰ ਹੈਰਾਨੀ ਹੈ ਕਿ ਬਾਲ ਮਜ਼ਦੂਰਾਂ ਤੋਂ ਸ਼ਰੇਆਮ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਹਰ ਸ਼ਹਿਰ ਕਸਬੇ ਵਿੱਚ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਰਕਾਰ ਵਲੋਂ ਮਹਿਲਾ ਮਜਦੂਰਾਂ, ਬਾਲ ਮਜਦੂਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਇਹਨਾਂ ਦੇ ਵਿਕਾਸ ਲਈ ਸਕੀਮਾਂ ਬਣਾਈਆਂ ਜਾਂਦੀਆ ਹਨ ਪਰ ਇਹ ਸਕੀਮਾਂ ਵੀ ਅਕਸਰ ਕਾਗਜ਼ਾਂ ਵਿੱਚ ਹੀ ਰਹਿ ਜਾਂਦੀਆਂ ਹਨ। ਸਰਕਾਰ ਵਲੋਂ ਕੀਤੇ ਜਾਂਦੇ ਵਾਅਦਿਆਂ ਵਿੱਚੋਂ ਬਹੁਤੇ ਸਿਰਫ ਵਾਅਦੇ ਹੀ ਰਹਿ ਜਾਂਦੇ ਹਨ ਅਤੇ ਮੁੜਕੇ ਬਹੁਤੇ ਰਾਜਨੀਤੀਵਾਨ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਮਜਦੂਰਾਂ ਦੀ ਕਦੇ ਯਾਦ ਨਹੀਂ ਆਂਦੀ ਹੈ। ਕੰਮ ਕਾਜ ਦੇ ਮਾੜ੍ਹੇ ਹਾਲਤਾਂ ਕਾਰਨ ਮਜਦੂਰਾਂ ਦੀ ਵਿਗੜਦੀ ਜਾ ਰਹੀ ਸਿਹਤ, ਮਜਦੂਰ ਭਲਾਈ ਵਿਭਾਗ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਹੋ ਰਹੀ ਲੁੱਟ ਖਸੁੱਟ, ਆਏ ਦਿਨ ਮਜਦੂਰਾਂ ਨਾਲ ਵਾਪਰ ਰਹੇ ਹਾਦਸੇ ਆਦਿ ਕਾਰਨ ਮਜ਼ਦੂਰਾਂ ਦੀ ਹਾਲਤ ਵਿਗੜਦੀ ਹੀ ਜਾ ਰਹੀ ਹੈ। ਪਿਛਲੇ ਕੁੱਝ ਦਹਾਕਿਆਂ ਤੋਂ ਹਰ ਪਾਸੇ ਮਜ਼ਦੂਰ ਵਿਰੋਧੀ ਹਾਲਾਤ ਬਣ ਰਹੇ ਹਨ ਅਤੇ ਸਰਮਾਏਦਾਰਾਂ ਨੇ ਰਾਜਨੇਤਾਵਾਂ ਅਤੇ ਕੁੱਝ ਮਜਦੂਰ ਆਗੂਆਂ ਲਾਲ ਮਿਲਕੇ ਮਜਦੂਰਾਂ ਦੇ ਸ਼ੋਸ਼ਣ ਲਈ ਨਵੀਆਂ-ਨਵੀਆਂ ਯੋਜਨਾਵਾਂ ਘੜੀਆਂ ਹਨ। ਰੁਜ਼ਗਾਰ ਦੇ ਮੌਕੇ ਲਗਾਤਾਰ ਸੁੰਗੜ ਰਹੇ ਹਨ। ਪੱਕੇ ਰੁਜ਼ਗਾਰ ਦੀ ਥਾਂ ਮੁੜ ਠੇਕੇਦਾਰੀ ਸਿਸਟਮ ਲਾਗੂ ਕੀਤਾ ਜਾ ਰਿਹਾ ਹੈ, ਆਏ ਦਿਨ ਵਿਕਾਸ ਦੇ ਨਾਮ ਤੇ ਮਜਦੂਰਾਂ ਤੋਂ ਰੋਜਗਾਰ ਖੋਹਿਆ ਜਾ ਰਿਹਾ ਹੈ, ਠੇਕੇਦਾਰੀ ਪ੍ਰਥਾ, ਆਊਟ ਸੋਰਸਿਜ ਦੁਆਰਾ ਭਰਤੀ ਅਤੇ ਨਿਗੂਣੀ ਤਨਖਾਹ ਆਦਿ ਦੁਆਰਾ ਬੇਰੋਜਗਾਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਆਰਥਿਕ ਮੰਦੀ ਦੇ ਨਾਮ ਤੇ ਤਨਖਾਹਾਂ ਘੱਟ ਹੋ ਰਹੀਆਂ ਹਨ, ਪੈਨਸ਼ਨ ਸਕੀਮ ਬੰਦ ਕੀਤੀ ਗਈ ਹੇ, ਮਜਦੂਰ ਭਲਾਈ ਸਕੀਮਾਂ ਖਤਮ ਕੀਤੀਆਂ ਜਾ ਰਹੀਆਂ ਹਨ। ਮਜਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਬਹੁਤੀ ਥਾਵਾਂ ਤੇ ਇਹ ਵੀ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਦੇ ਹਨ। ਮਜ਼ਦੂਰ ਯੂਨੀਅਨਾਂ, ਸਰਕਾਰੀ ਅਧਿਕਾਰੀਆਂ, ਰਾਜਨੀਤਿਕ ਪਾਰਟੀਆ ਵਲੋਂ ਮਜਦੂਰ ਭਲਾਈ ਲਈ ਕਰਵਾਏ ਜਾਂਦੇ ਵੱਡੇ ਵੱਡੇ ਸਮਾਗਮ ਕਈ ਵਾਰ ਸਿਰਫ ਖਾਨਾਪੂਰਤੀ ਹੀ ਲੱਗਦੇ ਹਨ। ਕਈ ਅਦਾਰਿਆਂ ਵਿੱਚ ਵਾਪਰੀਆਂ ਅਣਸੁਖਾਵੀਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਸਰਕਾਰ ਅਤੇ ਅਧਿਕਾਰੀ ਮਜਦੂਰਾਂ ਦੀ ਸੁੱਰਖਿਆ ਲਈ ਕਿੰਨੇ ਕੁ ਗੰਭੀਰ ਹਨ। ਸਰਕਾਰਾਂ ਵਲੋਂ ਘੋਸ਼ਿਤ ਕੀਤੀਆਂ ਵੱਖ ਵੱਖ ਸਕੀਮਾਂ ਦਾ ਜਮੀਨੀ ਪੱਧਰ ਤੇ ਅਸਰ ਅਤੇ ਮਜਦੂਰਾਂ ਦੀ ਖਸਤਾ ਹਾਲਤ ਵੇਖਕੇ ਪਤਾ ਚੱਲਦਾ ਹੈ ਕਿ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਲਈ ਜਿੰਮੇਬਾਰ ਅਧਿਕਾਰੀ ਗੰਭੀਰ ਨਹੀਂ ਹਨ। ਬੇਸ਼ਕ ਹਰ ਸਾਲ 01 ਮਈ ਦਾ ਦਿਨ ਅੰਤਰ-ਰਾਸ਼ਟਰੀ ਮਜਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਵੱਖ-ਵੱਖ ਥਾਵਾਂ ਤੇ ਮਜ਼ਦੂਰਾਂ ਦੀ ਮਾੜ੍ਹੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਅਤੇ ਘੋਸ਼ਿਤ ਕੀਤੀਆਂ ਜਾਂਦੀਆਂ ਹਨ। ਅੱਜ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਸਬੰਧੀ ਹਰ ਸਾਲ ਵਾਂਗ ਬੇਸ਼ੱਕ ਸਰਕਾਰੀ ਅਤੇ ਗੈਰ ਸਰਕਾਰੀ ਪੱਧਰਤੇ ਵੱਡੇ ਵੱਡੇ ਸਮਾਗਮ ਕਰਵਾਏ ਜਾਣਗੇ ਪਰੰਤੂ ਜਦੋਂ ਤੱਕ ਮਜਦੂਰ ਵਿਰੋਧੀ ਨੀਤੀਆਂ ਖਤਮ ਕਰਕੇ ਮਜਦੂਰਾਂ ਦੀਆਂ ਭਲਾਈ ਲਈ ਯੋਗ ਸਕੀਮਾਂ ਬਣਾਈਆਂ ਅਤੇ ਗੰਭੀਰਤਾ ਨਾਲ ਲਾਗੂ ਨਹੀਂ ਕੀਤੀਆਂ ਜਾਂਦੀਆਂ ਹਨ ਉਦੋਂ ਤੱਕ ਬਹੁਤੇ ਮਜਦੂਰਾਂ ਲਈ 01 ਮਈ ਮਜਦੂਰ ਦਿਵਸ ਵੀ ਇੱਕ ਵੱਡੀ ਬੁਝਾਰਤ ਅਤੇ ਖਾਨਾਪੂਰਤੀ ਬਣਕੇ ਹੀ ਰਹਿ ਜਾਵੇਗਾ।




# ਟਵਿੱਟਰ ਦੇ ਸੀਈਓ ਪਰਾਗ ਅਗਰਵਾਲ ਦੀ ਚਿੰਤਾ, ਕਿਹਾ- ਨਹੀਂ ਪਤਾ ਕੰਪਨੀ ਕਿਸ ਦਿਸ਼ਾ 'ਚ ਜਾਵੇਗੀ

**ਨਿਊਯਾਰਕ** - ਅਰਬਪਤੀ ਕਾਰੋਬਾਰੀ ਐਲਨ ਮਸਕ ਵੱਲੋਂ ਟਵਿੱਟਰ ਨੂੰ ਖ਼ਰੀਦਣ ਤੋਂ ਬਾਅਦ ਕੰਪਨੀ ਦੇ ਸੀਈਓ ਪਰਾਗ ਅਗਰਵਾਲ ਨੇ ਚਿੰਤਤ ਮੁਲਾਜ਼ਮਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ 44 ਅਰਬ ਡਾਲਰ ਦੇ ਵੱਡੇ ਸੌਦੇ ਤੋਂ ਬਾਅਦ ਇਹ ਕੰਪਨੀ ਕਿਸ ਦਿਸ਼ਾ 'ਚ ਜਾਵੇਗੀ। ਉਨ੍ਹਾਂ ਅਮਰੀਕੀ ਸਮੇਂ ਮੁਤਾਬਕ ਸੋਮਵਾਰ ਦੁਪਹਿਰ ਨੂੰ ਕੰਪਨੀ ਦੇ ਮੁਲਾਜ਼ਮਾਂ ਨਾਲ ਇਕ ਬੈਠਕ 'ਚ ਇਹ ਗੱਲ ਕਹੀ। ਅਗਰਵਾਲ ਨੇ ਸਿਰਫ਼ ਪੰਜ ਮਹੀਨੇ ਪਹਿਲਾਂ ਹੀ ਟਵਿੱਟਰ ਦੀ ਕਮਾਨ ਸੰਭਾਲੀ ਹੈ। ਟਵਿੱਟਰ ਦੇ ਬੋਰਡ ਨੇ ਮਸਕ ਦੀ ਲਗਪਗ 44 ਅਰਬ ਡਾਲਰ ਦੀ ਐਕੁਆਇਰ ਬੋਲੀ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਤੋਂ ਬਾਅਦ ਉਹ ਇੰਟਰਨੈੱਟ ਮੀਡੀਆ ਪਲੇਟਫਾਰਮ ਦੇ ਮਾਲਕ ਬਣਨ ਦੇ ਬੇਹੱਦ ਨਜ਼ਦੀਕ ਪਹੁੰਚ ਗਏ ਹਨ। ਇਸ ਸੌਦੇ 'ਤੇ ਹਾਲੇ ਸ਼ੇਅਰ ਹੋਲਡਰਾਂ ਤੇ ਅਮਰੀਕੀ ਰੈਗੂਲੇਟਰੀਆਂ ਦੀ ਮਨਜ਼ੂਰੀ ਲਈ ਜਾਣੀ ਬਾਕੀ ਹੈ।

ਪਰਾਗ ਨੇ ਮੁਲਾਜ਼ਮਾਂ ਨੂੰ ਕਿਹਾ, 'ਇਸ ਸਮੇਂ ਜੋ ਕੁਝ ਵੀ ਵਾਪਰ ਰਿਹਾ ਹੈ, ਉਸ ਨੂੰ ਲੈ ਕੇ ਸਭ ਦੀਆਂ ਵੱਖ-ਵੱਖ ਭਾਵਨਾਵਾਂ ਹਨ। ਮੇਰਾ ਅਨੁਮਾਨ ਹੈ ਕਿ ਸੌਦੇ ਨੂੰ ਪੂਰਾ ਹੋਣ 'ਚ ਤਿੰਨ ਤੋਂ ਛੇ ਮਹੀਨੇ ਲੱਗਣਗੇ। ਇਸ ਸਮੇਂ ਜਿਵੇਂ ਅਸੀਂ ਟਵਿੱਟਰ ਚਲਾਉਂਦੇ ਹਾਂ ਉਸੇ ਤਰ੍ਹਾਂ ਕੰਮ ਕਰਦੇ ਰਹਾਂਗੇ। ਮੁਲਾਜ਼ਮਾਂ ਨਾਲ ਗੱਲਬਾਤ ਦੌਰਾਨ ਪਰਾਗ ਅਗਰਵਾਲ ਨੇ ਇਸ ਗੱਲ ਦੀ ਉਮੀਦ ਪ੍ਰਗਟਾਈ ਕਿ ਸੌਦਾ ਪੂਰਾ ਹੋਣ ਤਕ ਅਹੁਦੇ 'ਤੇ ਬਣੇ ਰਹਿਣਗੇ। ਸੌਦਾ ਪੂਰਾ ਹੋਣ ਤੋਂ ਬਾਅਦ ਟਵਿੱਟਰ ਪੂਰੀ ਤਰ੍ਹਾਂ ਇਕ ਨਿੱਜੀ ਕੰਪਨੀ ਬਣ ਜਾਵੇਗੀ। ਮਸਕ ਵੱਲੋਂ ਐਕੁਆਇਰ ਦਾ ਪ੍ਰਸਤਾਵ ਦਿੱਤੇ ਜਾਣ ਤੋਂ ਬਾਅਦ ਮੁਲਜ਼ਮਾਂ ਨੇ ਛਾਂਟੀ ਦੀ ਸ਼ੰਕਾ ਪ੍ਰਗਟਾਈ ਸੀ।



ਅਗਰਵਾਲ ਨੇ ਕਿਹਾ ਕਿ ਕੰਪਨੀ ਦੀ ਕਮਾਨ ਮਸਕ ਦੇ ਹੱਥਾਂ 'ਚ ਜਾਣ ਤੋਂ ਬਾਅਦ ਵੀ ਮੁਲਜ਼ਮਾਂ ਨੂੰ ਮਿਲਣ ਵਾਲੀ ਤਨਖ਼ਾਹ 'ਚ ਕਿਸੇ ਤਰ੍ਹਾਂ ਦਾ ਕੋਈ ਵੱਡਾ ਫ਼ਰਕ ਨਹੀਂ ਆਵੇਗਾ। ਹਾਲਾਂਕਿ ਉਨ੍ਹਾਂ ਟਵਿੱਟਰ ਦੀਆਂ ਨੀਤੀਆਂ ਤੇ ਕੰਮ ਕਰਨ ਦੀ ਸੰਸਕ੍ਰਿਤੀ ਨਾ ਬਦਲੇ ਜਾਣ 'ਤੇ ਕਿਸੇ ਤਰ੍ਹਾਂ ਦਾ ਭਰੋਸਾ ਨਹੀਂ ਦਿੱਤਾ। ਜਦੋਂ ਉਨ੍ਹਾਂ ਤੋਂ ਇਹ ਪੁੱਛਿਆ ਗਿਆ ਕਿ ਕੀ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਫ੍ਰੀ ਸਪੀਚ ਪਲੇਟਫਾਰਮ 'ਤੇ ਮੁੜ ਤੋਂ ਆਉਣ ਦੀ ਇਜਾਜ਼ਤ ਦਿੱਤੀ ਜਾਵੇਗੀ ਤਾਂ ਪਰਾਗ ਨੇ ਕਿਹਾ ਅਸੀਂ ਆਪਣੀਆਂ ਨੀਤੀਆਂ ਨੂੰ ਲਗਾਤਾਰ ਅਪਡੇਟ ਕਰਦੇ ਰਹਿੰਦੇ ਹਾਂ। ਦੱਸਣਯੋਗ ਹੈ ਕਿ ਮਸਕ ਨੇ ਕਿਹਾ ਸੀ ਕਿ ਫ੍ਰੀ ਸਪੀਚ ਇਕ ਕੰਮਕਾਜੀ ਲੋਕਤੰਤਰ ਦਾ ਆਧਾਰ ਹੈ ਤੇ ਟਵਿੱਟਰ ਡਿਜੀਟਲ ਟਾਊਨ ਸੁਕੇਅਰ ਹੈ, ਜਿੱਥੇ ਮਨੁੱਖੀ ਕਦਰਾਂ 'ਤੇ ਬਹਿਸ ਹੁੰਦੀ ਹੈ।

### ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਮਹਾਨ ਜਰਨੈਲ ਸ. ਹਰੀ ਸਿੰਘ ਨਲੂਆ



ਸਿੱਖ ਇਤਿਹਾਸ ਸੂਰਬੀਰ ਯੋਧਿਆਂ ਦੀ ਕੁਰਬਾਨੀ ਦੀ ਬੇਮਿਸਾਲ ਦਾਸਤਾਨ ਹੈ। ਉਸੇ ਲੜੀ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਵਿਚ ਸਰਦਾਰ ਹਰੀ ਸਿੰਘ ਨਲੂਆ ਇਕ ਮਹਾਨ ਜਰਨੈਲ ਸੀ। ਉਹ ਬੜਾ ਤੰਦਰੁਸਤ ਜਵਾਨ, ਸੁਡੌਲ ਸਰੀਰ, ਵਿਦਵਾਨ, ਉਚ ਆਚਰਣ, ਸਫਲ ਪ੍ਰਬੰਧਕ, ਦੂਰਅੰਦੇਸ਼ੀ ਅਤੇ ਕੁਰਬਾਨੀ ਦਾ ਪੁੰਜ ਯੋਧਾ ਸੀ। ਜਨਮ ਸੰਨ 1791 ਈ. ਵਿਚ ਗੁਜਰਾਂਵਾਲਾ ਵਿਖੇ ਸਰਦਾਰ ਗੁਰਦਿਆਲ ਸਿੰਘ ਸ਼ੁਕਰਚੱਕੀਆ ਮਿਸਲ ਦੇ ਫੌਜੀ ਸਰਦਾਰ ਅਤੇ ਮਾਤਾ ਧਰਮ ਕੌਰ ਦੇ ਘਰ ਹੋਇਆ। ਅਜੇ ਾਪ ਸੱਤ ਕੁ ਸਾਲ ਦੀ ਉਮਰ ਦੇ ਸਨ ਕਿ ਪਿਤਾ ਜੀ ਚੜ੍ਹਾਈ ਕਰ ਗਏ। ਆਪ ਜੀ ਦੀ ਮਾਤਾ ਜੀ ਨੇ ਆਪ ਜੀ ਦੀ ਪੜ੍ਹਾਈ ਅਤੇ ਸ਼ਸਤਰ ਵਿੱਦਿਆ ਦਾ ਚੰਗਾ ਪ੍ਰਬੰਧ ਕੀਤਾ। ਆਪ ਗੁਰਮੁੱਖੀ ਅਤੇ ਫਾਰਸੀ ਦੇ ਜਾਣੂ ਸਨ। ਛੋਟੀ ਉਮਰ ਵਿਚ ਹੀ ਅੰਮ੍ਰਿਤ ਛਕ ਕੇ ਜੀਵਨ ਖਾਲਸਾ ਪੰਥ ਦੀ ਸੇਵਾ ਵਿਚ ਲਾ ਦਿੱਤਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਬਸੰਤ ਪੰਚਮੀ ਦੇ ਦਿਨ ਸ਼ਾਹੀ ਦਰਬਾਰ ਲਗਾਇਆ ਜਾਂਦਾ ਸੀ। ਜਿਸ ਵਿਚ ਸੂਰਮੇ ਆਪਣੀ ਸ਼ਸ਼ਤਰ ਵਿੱਦਿਆ ਦੇ ਜੌਹਰ ਵਿਖਾ ਕੇ ਇਨਾਮ ਪ੍ਰਾਪਤ ਕਰਦੇ ਸਨ। ਸੰਨ 1805 ਈ: ਦੇ ਸ਼ਾਹੀ ਦਰਬਾਰ ਵਿਚ ਸਰਦਾਰ ਹਰੀ ਸਿੰਘ ਜੀ ਨੇ ਵੀ ਸ਼ਸ਼ਤਰਾਂ ਦੇ ਜੰਗੀ ਜੌਹਰ ਵਿਖਾਏ। ਸੂਰਬੀਰ ਕਰਤੱਬਾਂ ਨੂੰ ਦੇਖ ਕੇ ਮਹਾਰਾਜਾ ਨੇ ਆਪਣੀ ਫੌਜ ਵਿਚ ਭਰਤੀ ਕਰ ਲਿਆ। ਇਕ ਦਿਨ ਮਹਾਰਾਜਾ ਨਾਲ ਸ਼ਿਕਾਰ ਤੇ ਜਾਣ ਦਾ ਮੌਕਾ ਮਿਲਿਆ। ਇਕ ਸ਼ੇਰ ਅਚਾਨਕ ਆਪ 'ਤੇ ਟੁੱਟ ਪਿਆ। ਸੰਭਲਦਿਆਂ ਫੁਰਤੀ ਨਾਲ ਸ਼ੇਰ ਦੇ ਜਬਾੜੇ ਚੀਰਦਿਆਂ ਧਰਤੀ ਤੇ ਵਗਾਹ ਮਾਰਿਆ ਤੇ ਤਲਵਾਰ ਨਾਲ ਉਸਦਾ ਸਿਰ ਲਾਹ ਦਿੱਤਾ। ਇਹ ਦੇਖ ਕੇ ਮਹਾਰਾਜਾ ਨੇ ਆਪਣੀ ਸ਼ੇਰ-ਦਿਲ ਸੈਨਾ ਟੁਕੜੀ ਵਿਚ ਸਰਦਾਰੀ ਦੇ ਦਿੱਤੀ। ਨਾਂ ਦੇ ਨਾਲ ਨਲੂਆ ਜੋੜ ਦਿੱਤਾ।

ਜੰਗੀ ਮੁਹਿੰਮਾਂ ਦੇ 30 ਸਾਲਾਂ ਦੇ ਕਾਲ ਦੀ ਸ਼ੁਰੂਆਤ ਵਿਚ ਕਸੂਰ ਦੇ ਨਵਾਬ ਕੁਤਬਦੀਨ ਨਾਲ 10 ਫਰਵਰੀ 1807 ਨੂੰ ਹੋਈ ਜੰਗ ਵਿਚ ਕਸੂਰੀਆ ਨੇ ਭੱਜ ਕੇ ਕਿਲੇ ਵਿਚ ਪਨਾਹ ਲਈ। 18 ਫਰਵਰੀ 1807 ਨੂੰ ਕਿਲੇ 'ਤੇ ਹਮਲਾ ਕੀਤਾ ਤਾਂ ਨਵਾਬ ਨੂੰ ਕਰਾਰੀ ਹਾਰ ਹੋਈ। ਸ਼ੇਰ-ਦਿਲ ਸੈਨਾ ਨੇ ਨਵਾਬ ਅਤੇ ਉਸਦੇ 200 ਸਿਪਾਹੀਆਂ ਨੂੰ ਗ੍ਰਿਫਤਾਰ ਕਰਕੇ ਮਹਾਰਾਜਾ ਅੱਗੇ ਪੇਸ਼ ਕੀਤਾ। ਮਹਾਰਾਜ ਨੇ ਬੀਰਤਾ ਤੋਂ ਖੁਸ਼ ਹੋ ਕੇ 30,000 ਸਾਲਾਨਾ ਮੁੱਲ ਦੀ ਜਾਗੀਰ ਦੇ ਦਿੱਤੀ।

25 ਜਨਵਰੀ, 1810 ਨੂੰ ਨਵਾਬ ਮੁਜ਼ਫਰ ਖਾਨ ਨੇ ਮੁਲਤਾਨ 'ਤੇ ਚੜ੍ਹਾਈ ਕੀਤੀ। ਨਵਾਬ ਆਪਣੀ ਫੌਜ ਲੈ ਕੇ ਕਿਲੇ ਵਿਚ ਡਟ ਗਿਆ। ਮਹਾਰਾਜਾ ਨੇ ਕਿਲੇ ਦੀ ਕੰਧ ਨੂੰ ਬਰੂਦ ਨਾਲ ਉਡਾਉਣ ਦਾ ਹੁਕਮ ਕਰ ਦਿੱਤਾ। ਸ. ਅਤਰ ਸਿੰਘ ਧਾਰੀ, ਸ. ਨਿਹਾਲ ਸਿੰਘ ਅਟਾਰੀ, ਸ. ਹਰੀ ਸਿੰਘ ਨਲੂਆ ਨੇ ਇਹ ਕੰਮ ਸਿਰੇ ਚਾੜ੍ਹਿਆ। ਸ. ਨਲੂਆ ਜ਼ਖਮੀ ਹੋ ਗਏ। ਸ. ਅਤਰ ਸਿੰਘ ਧਾਰੀ ਚੜ੍ਹਾਈ ਕਰ ਗਏ। ਖਾਲਸਾ ਫੌਜ ਕਿਲੇ ਵਿਚ ਜਾ ਵੜੀ। ਪਠਾਣਾਂ ਦੇ ਆਹੂ ਲਾਹ ਦਿੱਤੇ। ਪਠਾਣਾਂ ਨੇ ਵੀ ਅੱਗੋਂ ਡਟ ਕੇ ਮੁਕਾਬਲਾ ਕੀਤਾ ਪਰ ਖਾਲਸਾ ਅੱਗੇ ਟਿਕ ਨਾ ਸਕੇ। ਨਵਾਬ ਮੁਜ਼ੱਫਰ ਖਾਂ ਸ਼ਰਨ ਵਿਚ ਆ ਗਿਆ। ਇਸ ਨਲੂਆ ਦੀ ਬਹਾਦਰੀ ਤੇ ਜਗੀਰ ਵਿਚ 20,000 ਸਾਲਾਨਾ ਦਾ ਹੋਰ ਵਾਧਾ ਕੀਤਾ ਗਿਆ।

ਸ਼ਾਹ ਸੁਜਾਹ ਆਪਣੇ ਭਰਾ ਸ਼ਾਹ ਮੁਹੰਮਦ ਹੱਥੋਂ ਹਾਰ ਕੇ ਅਟਕ ਪਹੁੰਚ ਗਿਆ। ਅਟਕ ਦਾ ਕਿਲੇਦਾਰ ਜਹਾਨ ਖਾਂ ਸੀ। ਉਸਨੇ ਸ਼ਾਹ ਸੁਜਾਹ ਨੂੰ ਬੰਦੀ ਬਣਾ ਕੇ ਆਪਣੇ ਭਰਾ ਕਸ਼ਮੀਰ ਦੇ ਗਵਰਨਰ ਅਤਾ ਮੁਹੰਮਦ ਖਾਨ ਕੋਲ ਭੇਜ ਦਿੱਤਾ। ਕਾਬਲ ਤੋਂ ਵਜੀਰ ਫਤਿਹ ਖਾਨ ਨੂੰ ਪਤਾ ਲੱਗਾ ਕਿ ਸ਼ਾਹ ਸੁਜਾਹ ਕਸ਼ਮੀਰ ਵਿਚ ਹੈ। ਉਸਨੇ ਮਹਾਰਾਜਾ ਤੋਂ ਮਦਦ ਮੰਗੀ ਕਿ ਜੇ ਤੁਸੀਂ ਕਸ਼ਮੀਰ ਦੀ ਲੜਾਈ ਵਿਚ ਮੇਰਾ ਸਾਥ ਦਿਓ ਤਾਂ ਕਸ਼ਮੀਰ ਦੀ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਦੇਵਾਂਗੇ। ਉਦੋਂ ਹੀ ਸ਼ਾਹ ਸੁਜਾਹ ਦੀ ਬੇਗਮ ਨੇ ਮਹਾਰਾਜਾ ਨੂੰ ਕਿਹਾ ਜੇ ਤੁਸੀਂ ਸ਼ਾਹ ਸੁਜਾਹ ਨੂੰ ਛੁਡਾ ਦਿਓ ਤਾਂ ਉਹ ਕੋਹੇਨੂਰ ਹੀਰਾ ਆਪ ਨੂੰ ਦੇਵੇਗੀ। ਮਹਾਰਾਜਾ ਨੇ ਸਥਿਤੀ ਤੇ ਗੌਰ ਕਰਦਿਆਂ, ਖਾਲਸਾ ਫੌਜ ਨੂੰ ਕਸ਼ਮੀਰ 'ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ। ਸ. ਨਲੂਆ 12000 ਦੀ ਫੌਜ ਨਾਲ ਸ੍ਰੀਨਗਰ ਪਹੁੰਚ ਗਏ। ਅਤਾ ਮੁਹੰਮਦ ਖਾਂ ਨੇ ਮੁਕਾਬਲਾ ਤਾਂ ਕੀਤਾ, ਪਰ ਟਿਕ ਨਾ ਸਕਿਆ। ਖਾਲਸੇ ਨੇ ਸ਼ੇਰਗੜ੍ਹੀ ਤੇ ਕਬਜ਼ਾ ਕਰਕੇ ਸ਼ਾਹ ਸੁਜਾਹ ਨੂੰ ਕੈਦ ਵਿਚੋਂ ਛੁਡਾ ਲਿਆ। ਜਦੋਂ ਖਾਲਸੇ ਨੇ ਵਜ਼ੀਰ ਫਤਿਹ ਖਾਨ ਕੋਲੋਂ ਲੁੱਟ ਦਾ ਅੱਧ ਅਤੇ 9 ਲੱਖ ਰੁਪਿਆ ਮੰਗਿਆ ਤਾਂ ਬਹਾਨੇ ਲਾਉਣ ਲੱਗ ਪਿਆ। ਖਾਲਸਾ ਫੌਜਾਂ ਨੇ ਸ਼ਾਹ ਸੁਜਾਹ ਨੂੰ ਲਾਹੌਰ ਉਸਦੀ ਬੇਗਮ ਕੋਲ ਪਹੁੰਚਾ ਦਿੱਤਾ। ਬੇਗਮ ਨੇ ਖੁਸ਼ ਹੋ ਕੇ ਕੋਹੇਨੂਰ ਹੀਰਾ ਮਹਾਰਾਜਾ ਨੂੰ ਸੌਂਪ ਦਿੱਤਾ।

ਬਾਰਕਜ਼ਈ ਸਰਦਾਰਾਂ ਦੀ ਅਫਗਾਨਿਸਤਾਨ ਵਿਚ ਵਧਦੀ ਤਾਕਤ ਵੇਖ ਕੇ ਅਟਕ ਦੇ ਕਿਲੇਦਾਰ ਜਹਾਂਦਾਦ ਨੇ ਬਰਕਜਈਆਂ ਨਾਲ ਸੁਲਾਹ ਕਰਨ ਦੀ ਬਜਾਏ ਮਹਾਰਾਜਾ ਨਾਲ ਸੁਲਾਹ ਕਰਨੀ ਠੀਕ ਸਮਝੀ। ਉਸਨੇ ਗੁਜ਼ਾਰੇ ਜੋਗੀ ਜਗੀਰ ਲੈ ਕੇ ਅਟਕ ਦਾ ਕਿਲਾ ਮਹਾਰਾਜਾ ਨੂੰ ਦੇ ਦਿੱਤਾ।

ਕਾਬਲ ਤੋਂ ਵਜੀਰ ਫਤਿਹ ਖਾਂ ਨੇ ਆਪਣੇ ਭਰਾ ਦੋਸਤ ਮੁਹੰਮਦ ਨਾਲ 15000 ਦੀ ਫੌਜ ਲੈ ਕੇ ਅਟਕ ਦਾ ਕਿਲਾ ਛੁਡਾਉਣ ਲਈ ਚੜ੍ਹਾਈ ਕਰ ਦਿੱਤੀ। ਸ. ਨਲੂਆਂ ਨਾਲ ਹਜ਼ਰੋਂ ਦੇ ਨੇੜੇ ਦੋਹਾਂ ਦਲਾਂ ਵਿਚ ਖੂਨੀ ਝੜੱਪ ਹੋਈ। ਦੋਸਤ ਮੁਹੰਮਦ ਖਾਂ ਫੱਟੜ ਹੋ ਗਿਆ, ਉਸਦੀ ਫੌਜ ਭੱਜ ਗਈ। 13 ਜੁਲਾਈ 1813 ਨੂੰ ਖਾਲਸੇ ਦੀ ਜਿੱਤ ਹੋਈ।

ਸੰਨ 1815 ਵਿਚ ਸ. ਨਲੂਆ ਦੀ ਫੌਜ ਨੇ ਰਾਜੌਰੀ ਤੇ ਭਿੰਬਰ ਦੇ ਕਿਲਿਆਂ ਨੂੰ ਜਿੱਤਿਆ। ਉਥੋਂ ਨਜ਼ਰਾਨੇ ਵਸੂਲ ਕਰਕੇ ਫੌਜਾਂ ਮੁੜੀਆਂ। ਨਾਲ ਹੀ ਨਵਾਬ ਮੁਲਤਾਨ ਤੇ ਬਹਾਵਲਪੁਰ ਤੋਂ ਵੀ ਕਰ ਵਸੂਲ ਕੀਤੇ। ਸੰਨ 1816 ਵਿਚ ਮੁੰਘੇਰ ਦੇ ਇਲਾਕੇ ਫਤਿਹ ਕਰਕੇ ਨਜ਼ਰਾਨੇ ਉਗਰਾਹੇ। ਇਹਨਾਂ ਜਿੱਤਾਂ ਨੂੰ ਮੁੱਖ ਰੱਖ ਕੇ ਮਹਾਰਾਜਾ ਨੇ ਗੁਜਰਾਂਵਾਲਾ ਦਾ ਇਲਾਕਾ ਸ. ਨਲੂਆ ਨੂੰ ਜਗੀਰ ਵਜੋਂ ਦੇ ਦਿੱਤਾ। ਜਿੱਥੇ ਉਸਨੇ ਇਕ ਕਿਲਾ ਤੇ ਬਾਗ ਲਗਵਾਇਆ।

ਮੁਲਤਾਨ ਦੇ ਨਵਾਬ ਨੇ ਚੜ੍ਹਾਈ ਕਰ ਦਿੱਤੀ। ਸ. ਨਲੂਆ ਆਪਣੇ ਜਰਨੈਲਾਂ ਨਾਲ 25000 ਦੀ ਫੌਜ ਲੈ ਕੇ ਮੁਲਤਾਨ ਵੱਲ ਤੁਰਿਆ। ਮੁਲਤਾਨ ਦਾ ਪੱਕਾ ਕਿਲਾ ਸੰਸਾਰ ਭਰ ਵਿਚ ਮਸ਼ਹੂਰ ਸੀ। ਸਰਦਾਰਾਂ ਨੇ ਹਿਜ਼ਰੀ ਦਰਵਾਜ਼ੇ ਅੱਗੇ ਭੰਗੀਆਂ ਦੀ ਤੋਪ ਜਮਜਮਾ ਅਤੇ ਜੰਗੇ ਬਿਜਲੀ ਬੀੜ ਨਾਲ ਗੋਲਾਬਾਰੀ ਕਰਕੇ ਕੰਧ ਵਿਚ ਪਾੜ ਪਾ ਲਿਆ। ਤਦ ਹੀ ਅਕਾਲੀ ਫੂਲਾ ਸਿੰਘ ਜੀ ਆਪਣੇ ਜਥੇ ਸਮੇਤ ਕਿਲੇ ਵਿਚ ਦਾਖਲ ਹੋਏ। ਮੁਲਤਾਨ ਦਾ ਨਵਾਬ ਮੁਜਫਰ ਖਾਨ ਮਾਰਿਆ ਗਿਆ। ਜੂਨ 2, 1818 ਨੂੰ ਮੁਲਤਾਨ ਪੂਰੀ ਤਰ੍ਹਾਂ ਖਾਲਸਾ ਰਾਜ ਹੇਠ ਆ ਗਿਆ। 3 ਜੁਲਾਈ 1819 ਨੂੰ ਕਸ਼ਮੀਰ ਦੇ ਹਾਕਮ ਮੁਹੰਮਦ ਜ਼ਬਾਰ ਖਾਨ ਦੀ ਫੌਜ ਨਾਲ ਸੁਪਈਆ ਦੇ ਮੈਦਾਨ ਵਿਚ ਜੰਗ ਹੋਈ। ਖਾਲਸੇ ਦੀ ਜਿੱਤ ਹੋਈ। ਜੁਲਾਈ 4, 1819 ਨੂੰ ਖਾਲਸਾ ਫੌਜ ਸ੍ਰੀਨਗਰ ਦਾਖਲ ਹੋਈਆਂ। ਇਸ ਨਾਲ ਕਸ਼ਮੀਰ ਖਾਲਸਾ ਰਾਜ ਵਿਚ ਸ਼ਾਮਲ ਹੋ ਗਿਆ। ਪਹਿਲਾਂ ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਗਵਰਨਰ ਬਣਾਇਆ। ਬਾਅਦ ਵਿਚ ਸ. ਨਲੂਆ ਨੂੰ ਗਵਰਨਰ ਬਣਾਇਆ। ਸ. ਨਲੂਆ ਦਾ ਸੁਚੱਜਾ ਪ੍ਰਬੰਧ ਦੇਖ ਕੇ ਮਹਾਰਾਜਾ ਨੇ ਆਪਣੇ ਨਾਮ ਦਾ ਸਿੱਕਾ ਚਲਾਉਣ ਦਾ ਅਧਿਕਾਰ ਦਿੱਤਾ।

ਨਵੰਬਰ 1821 ਵਿਚ ਮਹਾਰਾਜਾ ਦੀ ਫੌਜ ਨੇ ਮੁੰਗੇਰ ਅਤੇ ਡੇਰਾਜਾਤ ਤੇ ਚੜ੍ਹਾਈ ਕੀਤੀ। ਸ. ਨਲੂਆ ਦੀ ਫੌਜ ਵੀ ਕਸ਼ਮੀਰ ਤੋਂ ਚੱਲ ਪਈ। ਨਵੰਬਰ, 9, 1821 ਦੇ ਦਿਨ ਮੰਗਲੀ ਘਾਟੀ ਵਿਚ ਪੱਖਲੀ ਪਿੰਡ ਵਿਚ 3000 ਤਨਾਵਲੀ ਦੀ ਫੌਜ ਨੇ ਰਾਹ ਰੋਕ ਲਿਆ। ਖਾਲਸਾ ਫੌਜਾਂ ਨੇ ਹਮਲਾ ਕਰ ਦਿੱਤਾ। ਮੇਘ ਸਿੰਘ ਰੂਸਾ ਦੇ ਜਥੇ ਨੇ ਮੈਦਾਨ ਵਿਚ ਧੁਸ ਕੇ ਜੰਗ ਕੀਤੀ। ਛੇ ਘੰਟਿਆਂ ਦੀ ਜੰਗ ਵਿਚ 2000 ਤਨਾਵਲੀਆਂ ਤੇ ਉਹਨਾਂ ਦੇ ਮੁਖੀ ਮਾਰੇ ਗਏ। ਕੁਝ ਸਿੰਘ ਵੀ ਸ਼ਹੀਦ ਹੋਏ। ਸ. ਨਲੂਆ ਨੇ ਹਰ ਘਰ ਨੂੰ 5 ਰੁਪਏ ਜੁਰਮਾਨਾ ਲਾ ਕੇ ਜਾਨ ਬਖਸ਼ੀ।

ਜਦੋਂ ਸ. ਨਲੂਆ ਮੁਜਫਰਬਾਦ ਦੇ ਰਾਹ ਕਸ਼ਮੀਰ ਤੋਂ ਆਉਂਦੇ ਮਾਂਗਲੀ ਪਹੁੰਚੇ। ਮਾਂਗਲੀ ਦੇਦਰਾ ਹਜ਼ਾਰੇ ਦੀ ਫੌਜ ਨੇ ਸ. ਨਲੂਆ ਦਾ ਸਮਾਨ ਲੁੱਟਣਾ ਚਾਹਿਆ। ਖਾਲਸੇ ਨੇ ਚੜ੍ਹਾਈ ਕਰ ਦਿੱਤੀ। 30000 ਦੀ ਫੌਜ ਤੇ ਖਾਲਸੇ ਦੀ 7000 ਫੌਜ ਨੇ ਜਿੱਤ ਪ੍ਰਾਪਤ ਕੀਤੀ।

ਸ. ਨਲੂਆ ਨੇ ਨੌਸ਼ਹਿਰੇ ਤੇ ਜਹਾਂਗੀਰੇ ਦੇ ਮੈਦਾਨੇ ਜੰਗ ਵਿਚ ਬੇਮਿਸਾਲ ਫਤਿਹ ਪਾਈ। ਸੰਨ 1834 ਈ: ਵਿਚ ਮਹਾਰਾਜਾ ਦੀ ਸਰਕਾਰ ਨੇ ਫੈਸਲਾ ਕੀਤਾ ਕਿ ਪਿਸ਼ਾਵਰ ਦੇ ਨਾਲ ਲੱਗਦੇ ਸਰਹੱਦੀ ਇਲਾਕੇ ਜਿੰਨੀ ਦੇਰ ਖਾਲਸਾ ਰਾਜ ਵਿਚ ਨਹੀਂ ਆ ਜਾਂਦੇ, ਉਨਾ ਚਿਰ ਵਿਦੇਸ਼ੀ ਹਮਲਾਵਰਾਂ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਸੂਬਾ ਪਿਸ਼ਾਵਰ ਅਫਗਨਿਸਤਾਨ ਨਾਲੋਂ ਕੱਟ ਕੇ ਪੰਜਾਬ ਵਿਚ ਮਿਲਾ ਦਿੱਤਾ ਜਾਵੇ। ਸ. ਨਲੂਆ ਅਤੇ ਕੰਵਰ ਨੌਨਿਹਾਲ ਸਿੰਘ ਨੂੰ ਪਿਸ਼ਾਵਰ ਤੇ ਹਮਲਾ ਕਰਨ ਲਈ ਭੇਜਿਆ। ਅਪ੍ਰੈਲ 27, 1834 ਨੂੰ ਦੋਹਾਂ ਨੇ ਦਰਿਆ ਅਟਕ ਤੇ ਪੁਲ ਬਣਾ ਕੇ ਖਾਲਸਾ ਫੌਜ ਪਾਰ ਕਰਵਾਈ। ਪਿਸ਼ਾਵਰ ਦੇ ਹਾਕਮਾਂ ਨੇ ਵੀ ਖਾਲਸਾ ਫੌਜ ਰੋਕਣ ਲਈ ਚਮਕਨੀ ਦੀ ਹੱਦ ਤੇ ਮੋਰਚੇ ਬਣਾ ਕੇ ਤੋਪਾਂ ਬੀੜ ਦਿੱਤੀਆਂ ਤੇ ਪਿਸ਼ਾਵਰ ਦਾ ਰਾਹ ਰੋਕ ਲਿਆ।

ਖਾਲਸਾ ਫੌਜ ਪਹੁੰਚਾਉਣ ਤੇ ਭਿਅੰਕਰ ਗੋਲਾਬਾਰੀ ਹੋਈ। ਹਾਜ਼ੀ ਖਾਨ ਬੜੀ ਦਲੇਰੀ ਨਾਲ ਲੜਦਾ ਹੋਇਆ, ਸ. ਰਾਮ ਸਿੰਘ ਹਸਨਵਾਲੀਆ ਦੀ ਤਲਵਾਰ ਨਾਲ ਸਖਤ ਜ਼ਖਮੀ ਹੋ ਗਿਆ। ਅਫਗਾਨ ਡੱਟ ਕੇ ਲੜੇ ਪਰ ਖਾਲਸੇ ਸਾਹਮਣੇ ਟਿਕ ਨਾ ਸਕੇ। ਮਈ 1834 ਨੂੰ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ, ਜਿਸ ਨਾਲ ਸਾਰਾ ਸਰਹੱਦੀ ਇਲਾਕਾ ਖਾਲਸੇ ਦੇ ਅਧੀਨ ਆ ਗਿਆ। ਸੱਤ ਸਦੀਆਂ ਤੋਂ ਪੰਜਾਬ ਦੇ ਕੱਟ ਚੁੱਕੇ ਪਿਸ਼ਾਵਰ ਤੇ ਸਿੰਘਾਂ ਦਾ ਕਬਜ਼ਾ ਹੋ ਗਿਆ। ਖਾਲਸੇ ਦੀ ਇਸ ਜਿੱਤ ਨੂੰ ਇਤਿਹਾਸਕਾਰਾਂ ਨੇ ਕਰਾਮਾਤੀ ਜਿੱਤ ਆਖਿਆ ਹੈ। ਪਿਸ਼ਾਵਰ ਦੇ ਹਿੰਦੂ ਮੁਸਲਮਾਨਾਂ ਨੂੰ ਬਾਰਕਜਾਈਆਂ ਹੱਥੋਂ ਛੁਟਕਾਰਾ ਮਿਲਿਆ, ਜੋ ਉਹਨਾਂ ਨੂੰ ਬੜਾ ਤੰਗ ਕਰਦੇ ਸਨ।

30 ਅਪ੍ਰੈਲ 1837 ਨੂੰ ਸ. ਨਲੂਆਂ ਨੇ ਜਮਰੌਦ ਉਪਰ ਹਮਲਾ ਕੀਤਾ। ਅਫਗਾਨਾਂ ਨੂੰ ਭਾਜੜ ਪਾ ਦਿੱਤੀ। ਅਫਗਾਨ ਦੌੜ ਕੇ ਛਿਪ ਗਏ। ਸ. ਨਲੂਆ ਨੇ ਜਮਰੌਦ ਦੇ ਡੇਰੇ ਵਿਚ ਜਾਣ ਲਈ ਕਿਹਾ। ਪਰ ਸ. ਨਿਸ਼ਾਨ ਸਿੰਘ ਪੰਜਹੱਥਾ ਦਰ੍ਹੇ ਦੇ ਅੰਦਰ ਚਲਾ ਗਿਆ। ਸ. ਨਲੂਆਂ ਨੇ ਉਸਨੂੰ ਜਾਂਦੇ ਵੇਖਿਆ। ਸਿੰਘ ਉਸਨੂੰ ਬੁਲਾਉਣ ਲਈ ਗੁਫਾ ਵੱਲ ਵਧੇ। ਸ. ਅਜਾਇਬ ਸਿੰਘ ਗੁਫਾ ਵੱਲ ਵਧਿਆ, ਤਾਂ ਛੁਪੇ ਹੋਏ ਅਫਗਾਨਾਂ ਨੇ ਸ. ਅਜਾਇਬ ਸਿੰਘ ਨੂੰ ਢੇਰੀ ਕਰ ਦਿੱਤਾ। ਜਦੋਂ ਸ. ਨਲੂਆ ਨੇ ਘੋੜਾ ਗੁਫਾ ਅੱਗੇ ਕੀਤਾ ਤਾਂ ਹੋਰ ਗੋਲੀਆਂ ਚੱਲੀਆਂ। ਦੋ ਗੋਲੀਆਂ ਸ. ਨਲੂਆ ਦੇ ਵੱਜੀਆਂ।

ਖਾਲਸਾ ਫੌਜ ਪਹੁੰਚੀ ਅਤੇ ਵੈਰੀਆਂ ਨੂੰ ਚੁਣ ਚੁਣ ਕੇ ਮਾਰਿਆ। ਪਰ ਸ. ਨਲੂਆ ਤਾਂ ਜ਼ਖਮੀ ਹੋ ਚੁੱਕੇ ਸਨ। ਸ. ਨਲੂਆ ਜ਼ਖਮੀ ਹੋਣ ਦੇ ਬਾਵਜੂਦ ਘੋੜਾ ਜਮਰੌਦ ਕਿਲੇ ਵੱਲ ਮੋੜ ਲਿਆ। ਬੜੇ ਹੌਸਲੇ ਨਾਲ ਕਿਲੇ ਵਿਚ ਪਹੁੰਚ ਗਏ। ਸ. ਮਹਾਂ ਸਿੰਘ ਨੇ ਘੋੜੇ ਤੋਂ ਉਤਾਰਿਆ। ਸ. ਨਲੂਆ ਨੇ ਆਪਣੀ ਵਿਗੜਦੀ ਹਾਲਤ ਵੇਖ ਕੇ ਤਾਂ ਪ੍ਰਮੁੱਖ ਸਾਥੀਆਂ ਨੂੰ ਬੁਲਾ ਕੇ ਕਿਹਾ ਕਿ ਖਾਲਸੇ ਦੀ ਇੱਜਤ ਤੇ ਸ਼ਾਨ ਵਾਸਤੇ ਅੰਤਿਮ ਸਾਹਾਂ ਤਕ ਡਟੇ ਰਹਿਣ ਦੀ ਪ੍ਰੇਰਨਾ ਦਿੱਤੀ। ਮੇਰੀ ਮੌਤ ਦੀ ਖਬਰ ਗੁਪਤ ਰੱਖਣੀ, ਇਸ ਨਾਲ ਖਾਲਸੇ ਦੀ ਫੌਜੀ ਸ਼ਕਤੀ ਬਰਕਰਾਰ ਰਹੇਗੀ। ਇਸਦੇ ਨਾਲ ਹੀ ਸਵਾਸ ਤਿਆਗ ਦਿੱਤੇ। ਇਹ ਸਮਾਂ 30 ਅਪ੍ਰੈਲ 1837 ਦੀ ਰਾਤ ਦਾ ਸੀ। ਸ. ਮਹਾਂ ਸਿੰਘ ਨੇ ਸ. ਨਲੂਆ ਦੀ ਆਖਰੀ ਇੱਛਾ ਅਨੁਸਾਰ ਸ਼ਹੀਦੀ ਨੂੰ ਗੁਪਤ ਰੱਖ ਕੇ ਜਮਰੌਦ ਦੇ ਕਿਲੇ ਵਿਚ ਸਸਕਾਰ ਕਰ ਦਿੱਤਾ। ਇਸ ਤਰ੍ਹਾਂ ਇਸ ਮਹਾਨ ਜਰਨੈਲ ਨੇ ਆਪਣਾ ਜੀਵਨ ਖਾਲਸੇ ਨੂੰ ਅਰਪਣ ਕਰ ਦਿੱਤਾ।

**ਅੰਤਿਕਾ:** ਸ. ਹਰੀ ਸਿੰਘ ਨਲੂਆ ਜੀ ਦੀ ਬਹਾਦਰੀ ਦੀ ਚਰਚਾ ਵਿਚ- ਸੰਸਾਰ ਵਿਚ ਮਹਾਨ ਜਰਨੈਲਾਂ ਯੋਧਿਆਂ ਦਾ ਮੁਲਾਂਕਣ ਯਾਦ ਕੀਤਾ ਜਾਂਦਾ ਹੈ। ਉਨੀਵੀਂ ਸਦੀ ਦੇ ਬਰਤਾਨੀਆ ਦੇ ਛਪਦੇ ਅਖਬਾਰ ਟੀ. ਆਈ. ਟੀ.- ਬੀ. ਆਈ. ਟੀ. ਐਸ. ਨੇ ਸੰਸਾਰ ਦੇ ਜਰਨੈਲਾਂ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਆ ਕਿ ਕੋਈ ਨੈਪੋਲੀਅਨ ਨੂੰ ਮਹਾਨ ਜਰਨੈਲ ਕਹਿੰਦੇ ਹਨ। ਕੋਈ ਮਾਰਸ਼ਲ ਹੈਂਡਨਬਰਗ, ਲਾਰਡ ਕਿਲਨਰ, ਜਰਨੈਲ ਕਰੋਬਜ਼ੇ, ਡਯੂਕ ਵਾਲਿੰਗਟਨ ਅਤੇ ਹੋਰ ਹਲਾਕੂ ਖਾਨ, ਚੰਗੇਜ ਖਾਨ, ਰਿਚਰਡ ਤੇ ਅਲਾਉਦੀਨ।

ਪਰ ਉਤਰੀ ਭਾਰਤ ਵਿਚ ਸਰਦਾਰ ਹਰੀ ਸਿੰਘ ਨਲੂਆ ਸਿੱਖ ਜਰਨੈਲ ਬਹੁਤ ਹੋਣਹਾਰ ਅਤੇ ਬਲਵਾਨ ਹੋਇਆ ਹੈ। ਜੇਕਰ ਉਹ ਲੰਮੇ ਸਮੇਂ ਲਈ ਜਿਉਂਦਾ ਰਹਿੰਦਾ ਅਤੇ ਉਸ ਕੋਲ ਬਰਤਾਨੀਆ ਵਰਗੇ ਸਾਧਨ ਅਤੇ ਤੋਪਖਾਨਾ ਹੁੰਦਾ ਤਾਂ ਉਹ ਏਸ਼ੀਆ ਅਤੇ ਯੂਰਪ ਦਾ ਬਹੁਤ ਸਾਰਾ ਇਲਾਕਾ ਹਥਿਆ ਸਕਦਾ ਸੀ।

ਇਸਤੋਂ ਵੀ ਅੱਗੇ ਮਿਸਾਲ ਹੈ- ਪਠਾਣ ਜਿਹਨਾਂ ਨੇ ਪਿਸ਼ੌਰ ਤੇ ਅੱਠ ਸਦੀਆਂ ਰਾਜ ਕੀਤਾ ਅਤੇ ਹਿੰਦੁਸਤਾਨ ਦੀ ਇੱਜਤ ਅਤੇ ਦੌਲਤ ਨੂੰ ਲੁੱਟਦੇ ਰਹੇ। ਲੋਕ ਪਠਾਣਾਂ ਦੇ ਪਰਛਾਵੇਂ ਤੋਂ ਡਰਦੇ ਸਨ। ਜਰਨੈਲ ਹਰੀ ਸਿੰਘ ਨਲੂਆ ਜੀ ਦਾ ਪਠਾਣਾਂ ਨਾਲ ਲੜਾਈਆਂ ਕਰਦਿਆਂ ਅਜਿਹੇ ਸਿੱਕਾ ਬੈਠਾ ਕਿ ਪਠਾਣ ਸਰਦਾਰ ਨਲੂਆ ਦਾ ਨਾਂ ਸੁਣ ਕੇ ਕੰਬ ਉਠਦੇ। ਪਠਾਣੀਆਂ ਬੱਚਿਆਂ ਨੂੰ ਜੋ ਰੋਣਾ ਬੰਦ ਨਾ ਕਰਦੇ ਤਾਂ ਇਹ ਕਹਿ ਕੇ ਚੁੱਪ ਕਰਾਉਂਦੀਆਂ 'ਚੁੱਪ ਸ਼ਾ ਬੱਚਿਆ, ਹਰੀਆ ਰਾਗਲੈ।' ਅਰਥਾਤ ਬੱਚਿਆ ਚੁੱਪ ਕਰ ਜਾ ਹਰੀ ਸਿੰਘ ਆਉਂਦਾ ਪਿਆ ਹੈ। ਬੱਚੇ ਨਾਂ ਸੁਣ ਕੇ ਚੁੱਪ ਕਰ ਜਾਂਦੇ। ਅਜਿਹੀ ਧਾਂਕ ਸੀ ਸੂਰਬੀਰ ਜਰਨੈਲ ਸ. ਹਰੀ ਸਿੰਘ ਨਲੂਆ ਦੀ।

# ਨਿੱਕੀਆਂ ਕਰੂੰਬਲਾਂ ਵੱਲੋਂ ਗੁਲਜ਼ਾਰ ਸਿੰਘ ਸੰਧੂ ਨਾਲ ਸਾਹਿਤਕ ਮਿਲਣੀ ਦਾ ਆਯੋਜਨ



**ਮਾਹਿਲਪੁਰ-** ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ ਵੱਲੋਂ ਉੱਘੇ ਸਾਹਿਤਕਾਰ ਗੁਲਜ਼ਾਰ ਸਿੰਘ ਸੰਧੂ ਨਾਲ ਇਕ ਸਾਹਿਤਕ ਮਿਲਣੀ ਦਾ ਆਯੋਜਨ ਇਤਿਹਾਸਕ ਸ਼ਹਿਰ ਜੇਜੋਂ ਦੁਆਬਾ ਵਿਖੇ ਕੀਤਾ ਗਿਆ।ਉਨ੍ਹਾਂ ਇਸ ਮੌਕੇ ਸਾਹਿਤਕਾਰਾਂ ਅਤੇ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਧਰਤੀ ਸਾਹਿਤ ਕਲਾ ਸੱਭਿਆਚਾਰ ਅਤੇ ਦੇਸ਼ ਪ੍ਰੇਮ ਨਾਲ ਭਰੀ ਪਈ ਹੈ। ਉਨ੍ਹਾਂ ਨੂੰ ਉਹ ਵੇਲਾ ਅੱਜ ਵੀ ਯਾਦ ਹੈ ਜਦੋਂ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿਚ ਪ੍ਰਿੰਸੀਪਲ ਹਰਭਜਨ ਸਿੰਘ ਦੇ ਵਿਦਿਆਰਥੀ ਸਨ ।ਉਨ੍ਹਾਂ ਇਸ ਇਲਾਕੇ ਨਾਲ ਸਬੰਧਤ ਆਪਣੇ ਬਜ਼ੁਰਗ ਪਿਤਾ ਅਤੇ ਹੋਰ ਰਿਸ਼ਤੇਦਾਰਾਂ ਦੀਆਂ ਯਾਦਾਂ ਵੀ ਤਾਜ਼ੀਆਂ ਕੀਤੀਆਂ।ਉਨ੍ਹਾਂ ਅੱਗੇ ਕਿਹਾ ਕਿ ਇਸ ਧਰਤੀ ਨੇ ਹਰ ਖੇਤਰ ਵਿਚ ਸ਼ਾਨਦਾਰ ਮੱਲਾਂ ਮਾਰਨ ਵਾਲੇ ਮਹਾਂਪੁਰਖ ਪੈਦਾ ਕੀਤੇ ਹਨ ।ਇਸ ਮੌਕੇ ਉਨ੍ਹਾਂ ਨਾਲ ਡਾ ਸੁਰਜੀਤ ਕੌਰ ਸੰਧੂ ਅਤੇ ਗੁਰਦੀਪ ਕੌਰ ਵਾਹਿਦ ਉਚੇਚੇ ਤੌਰ ਤੇ ਹਾਜ਼ਰ ਹੋਏ।

ਸਾਹਿਤਕ ਮਿਲਣੀ ਦੇ ਇਸ ਆਯੋਜਨ ਨੂੰ ਸਫ਼ਲ ਬਣਾਉਣ ਵਿੱਚ ਉੱਘੇ ਚਿੰਤਕ ਵਿਜੇ ਬੰਬੇਲੀ ਅਤੇ ਸੋਮ ਦੱਤ ਦਿਲਗੀਰ ਨੇ ਵਿਸ਼ੇਸ਼ ਯੋਗਦਾਨ ਪਾਇਆ। ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਸਰਦਾਰ ਗੁਲਜ਼ਾਰ ਸਿੰਘ ਸੰਧੂ ਨੇ ਆਪਣੀਆਂ ਰਚਨਾਵਾਂ ਰਾਹੀਂ ਇਸ ਇਲਾਕੇ ਨੂੰ ਅਮਰ ਕੀਤਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਬਾਬਾ ਸ਼ੇਖ ਫ਼ਰੀਦ ਸ਼ਕਰਗੰਜ ਜੀ ਦੇ ਪ੍ਰਕਾਸ਼ ਦਿਹਾੜਾ 'ਤੇ ਵਿਸ਼ੇਸ਼

# 'ਫ਼ਰੀਦ ਜੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪੱਥ-ਪ੍ਰਦਰਸ਼ਕ'



ਪ੍ਰੋ: ਐਚ. ਐਲ. ਕਪੂਰ

ਹਰ ਸੱਭਿਆਚਾਰ ਦੀ ਆਪਣੀ ਨਿਵੇਕਲੀ ਹੀ ਪਛਾਣ ਹੁੰਦੀ ਹੈ। ਜਿਸ ਤਰ੍ਹਾਂ ਸੰਗੀਤ, ਨਾਚ, ਖੁਰਾਕ, ਪਹਿਰਾਵਾ, ਭਾਸ਼ਾ ਆਦਿ। ਇਨ੍ਹਾਂ ਸਭ ਰੂਪਾਂ 'ਚੋਂ ਇਹ ਸੰਭਵ ਹੈ ਕਿ ਭਾਸ਼ਾ ਦਾ ਦ੍ਰਿਸ਼ਟੀਕੋਣ ਸਭ ਤੋਂ ਜ਼ਿਆਦਾ ਮਹੱਤਵ ਰੱਖਦਾ ਹੈ। ਭਾਸ਼ਾ ਸਾਨੂੰ ਸੱਭਿਆਚਾਰ ਸਿਖਾਉਂਦੀ ਹੈ, ਇਕ ਵਿਲੱਖਣ ਪਛਾਣ ਦਿੰਦੀ ਹੈ; ਇਸ ਲਈ ਭਾਸ਼ਾ ਹੀ ਇਕ ਅਜਿਹੀ ਚੀਜ਼ ਹੈ, ਜਿਹੜੀ ਸਾਨੂੰ ਅਲੱਗ ਜਾਂ ਵੱਖਰੀ ਪਛਾਣ ਦਿਵਾਉਂਦੀ ਹੈ। ਇਸ ਸੰਸਾਰ 'ਚ ਹਜ਼ਾਰਾਂ ਹੀ ਭਾਸ਼ਾਵਾਂ, ਬੋਲੀਆਂ ਤੇ ਲਿਖੀਆਂ ਜਾਂਦੀਆਂ ਹਨ। ਯੂਰਪ ਦਾ ਆਧੁਨਿਕ ਸੱਭਿਆਚਾਰ ਹੋਵੇ ਭਾਵੇਂ ਅਫ਼ਰੀਕਾ ਜਾਂ ਦੱਖਣੀ ਅਮਰੀਕਾ ਦੇ ਜੰਗਲਾਂ ਦੇ ਆਦਿਵਾਸੀ ਕਬੀਲੇ ਹੋਣ, ਹਰ ਇਕ ਦੀ ਆਪਣੀ ਵੱਖਰੀ ਪਛਾਣ ਭਾਸ਼ਾ ਕਰਕੇ ਹੀ ਹੈ। ਅਸੀਂ ਭਾਸ਼ਾ ਤੋਂ ਹੀ ਕਿਸੇ ਕੌਮ ਦੇ ਸੱਭਿਆਚਾਰ ਦੀ ਸ਼ੁਰੂ ਤੋਂ ਜਾਣਕਾਰੀ ਪ੍ਰਾਪਤ ਕਰਦੇ ਹਾਂ ਤੇ ਭਾਸ਼ਾ 'ਚ ਲਿਖਿਆ ਇਤਿਹਾਸ ਹੀ ਸਾਨੂੰ ਇਹ ਦੱਸਦਾ ਹੈ ਕਿ ਕਿਹੜਾ ਸੱਭਿਆਚਾਰ, ਕਿਹੜੇ ਤੋਂ ਪਹਿਲਾਂ ਹੋਂਦ 'ਚ ਆਇਆ ਤੇ ਉਹ ਕਿੰਨਾ ਪੁਰਾਣਾ ਹੈ। ਸੰਸਾਰ ਦੀਆਂ ਪੁਰਾਣੀਆਂ ਭਾਸ਼ਾਵਾਂ ਚੀਨੀ, ਅਰਬੀ, ਸੰਸਕ੍ਰਿਤ ਆਦਿ 'ਚ ਲਿਖਿਆ ਗਿਆ ਇਤਿਹਾਸ ਹੀ ਸਭ ਤੋਂ ਪੁਰਾਣਾ ਇਤਿਹਾਸ ਹੈ ਪਰ ਕਿਸੇ ਨੁਕਤੇ ਤੋਂ ਜਾਂ ਦੂਜੀਆਂ ਭਾਸ਼ਾਵਾਂ ਦੇ ਸਮੂਹ ਤੋਂ ਦੇਖਿਆ ਜਾਵੇ ਤਾਂ ਫਰਾਂਸ ਤੇ ਜਰਮਨੀ ਆਦਿ ਦਾ ਸੱਭਿਆਚਾਰ ਤੇ ਭਾਸ਼ਾਵਾਂ ਦਾ ਵਿਕਾਸ ਲਾਤੀਨੀ ਭਾਸ਼ਾ 'ਚ ਹੀ ਹੋਇਆ ਹੈ ਤੇ ਇਸ ਤਰ੍ਹਾਂ ਹੀ ਸਾਡੀਆਂ ਭਾਸ਼ਾਵਾਂ ਪੰਜਾਬੀ, ਹਿੰਦੀ, ਉਰਦੂ ਆਦਿ ਭਾਸ਼ਾਵਾਂ ਦਾ ਵਿਕਾਸ ਵੀ ਸੰ-ਸਕ੍ਰਿਤ, ਫਾਰਸੀ ਵਗੈਰਾ 'ਚੋ. ਹੀ ਹੋਇਆ ਹੈ।

ਪੰਜਾਬੀ ਭਾਸ਼ਾ ਦੀ ਪਛਾਣ ਪਹਿਲਾਂ ਸਪਤਸਿੰਧੂ ਭਾਵ ਸੱਤਾਂ ਦਰਿਆਵਾਂ ਦਾ ਦੇਸ਼ ਤੇ ਹੁਣ ਪੰਜਾਬ ਦੇ ਪੰਜ ਦਰਿਆਵਾਂ ਦੇ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਤੋਂ ਕੀਤੀ ਜਾਂਦੀ ਹੈ। ਜੰਮੂ ਦੇ ਪੂਰਬ ਤੇ ਪੱਛਮ 'ਚ ਵਗਦੇ ਦਰਿਆਵਾਂ ਦੇ ਗਿਰਦ ਰਹਿੰਦੇ ਲੋਕ ਵੀ, ਪੰਜਾਬੀ ਅਖਵਾਉਂਦੇ ਹਨ। ਪੰਜਾਬੀ ਸੱਭਿਆਚਾਰ ਤੇ ਬੋਲੀ ਦਾ ਇਤਿਹਾਸ ਸਹੀ ਮਾਅਨਿਆਂ 'ਚ 1173 ਈਸਵੀ ਨੂੰ ਰਮਜ਼ਾਨ ਦੇ ਦਿਨਾਂ ਤੋਂ ਸ਼ੁਰੂ ਹੁੰਦਾ ਹੈ। ਮੇਰੇ ਕਹਿਣ ਤੋਂ ਭਾਵ ਫ਼ਰੀਦ-ਉੱਦ-ਦੀਨ ਮਸਾਊਦ ਸ਼ਕਰਗੰਜ਼, ਬਾਬਾ ਫ਼ਰੀਦ ਦੇ ਪਾਕਪਟਨ ਵਿਖੇ ਜਨਮ ਤੋਂ ਹੁੰਦਾ ਹੈ। ਸ਼ੇਖ ਸੁਲੇਮਾਨ ਦੇ ਘਰ ਇਕ ਅਜਿਹੇ ਚਰਾਗ 'ਤੇ ਮਹਾਨ ਆਤਮਾ ਨੇ ਜਨਮ ਲਿਆ, ਜਿਸ ਨੇ ਆਪਣੇ ਮਾਤਾ-ਪਿਤਾ ਦੇ ਘਰ ਨੂੰ ਹੀ ਰੌਸ਼ਨ ਨਹੀਂ ਕੀਤਾ ਸਗੋਂ ਉਹ ਸਮੁੱਚੀ ਮਾਨਵਤਾ ਲਈ ਸੂਰਜ ਬਣ ਕੇ ਚਮਕਿਆ।

ਹਾਂ, ਇੱਥੇ ਇਹ ਗੱਲ ਸਪਸ਼ਟ ਕਰ ਦੇਣੀ ਬੜੀ ਜ਼ਰੂਰੀ ਹੈ ਕਿ ਸ਼ੇਖ ਫ਼ਰੀਦ ਜੀ ਦੀ ਬਾਣੀ ਅੱਜ ਦੀ ਆਧੁਨਿਕ ਪੰਜਾਬੀ ਦੇ ਸਰਲ ਰੂਪ ਦੇ ਬਹੁਤ ਨਜ਼ਦੀਕ ਜਾਪਦੀ ਹੈ ਕਿਉਂਕਿ ਉਸ ਸਮੇਂ ਪੰਜਾਬੀ ਭਾਸ਼ਾ ਆਪਣੇ ਅੱਪਭ੍ਰੰਸ਼ਕ ਰੂਪ ਤੋਂ ਪਰਿਵਰਤਿਤ ਹੋ ਕੇ ਆਧੁਨਿਕ ਪੰਜਾਬੀ ਦਾ ਰੂਪ ਗ੍ਰਹਿਣ ਕਰ ਰਹੀ ਸੀ। ਇਸ ਲਈ ਕਈ ਇਤਿਹਾਸਕਾਰ ਕਾਫੀ ਸਮਾਂ ਪਹਿਲਾਂ ਕਹਿੰਦੇ ਹੁੰਦੇ ਸਨ ਕਿ ਪੰਜਾਬੀ ਸਾਹਿਤ ਦਾ ਇਤਿਹਾਸ ਹੀ ਬਾਬਾ ਫ਼ਰੀਦ ਤੋਂ ਸ਼ੁਰੂ ਹੁੰਦਾ ਹੈ। ਪਰ ਨਹੀਂ, ਇਹ ਇਸ ਤਰ੍ਹਾਂ ਨਹੀਂ ਹੈ। ਪੰਜਾਬੀ ਭਾਸ਼ਾ ਦੇ ਆਰੰਭ ਨੂੰ ਡਾਕਟਰ ਮੋਹਨ ਸਿੰਘ 'ਦੀਵਾਨਾ' ਆਪਣੇ ਲਿਖੇ ਗਏ ਅੰਗਰੇਜ਼ੀ ਭਾਸ਼ਾ 'ਚ, ਪੰਜਾਬੀ ਸਾਹਿਤ ਦੇ ਇਤਿਹਾਸ 'ਐਨ ਇੰਟਰੋਡਕਸ਼ਨ ਟੂ ਦੀ ਸਟੱਡੀ ਆਫ ਪੰਜਾਬੀ ਲਿਟਰੇਚਰ' 'ਚ ਅੱਠਵੀਂ ਸਦੀ ਤੋਂ ਮੰਨਦੇ ਹਨ। ਇਸ ਨੂੰ ਸਾਬਤ ਕਰਨ ਲਈ, 'ਨਾਥਾਂ ਯੋਗੀਆਂ ਦੇ ਕਾਲ 'ਚ, ਨਾਥਾਂ ਯੋਗੀਆਂ ਦੁਆਰਾ ਪੰਜਾਬੀ ਭਾਸ਼ਾ 'ਚ ਲਿਖੇ ਗਏ ਭਜਨ ਤੇ ਕਵਿਤਾ ਦੇ ਹੋਰ ਰੂਪਾਂ ਨਾਲ, ਸਾਬਤ ਕਰਦੇ ਹਨ। ਇਸ ਲਈ ਉਹ ਬਾਬਾ ਫ਼ਰੀਦ ਜੀ ਤੋਂ ਨਹੀਂ, ਸਗੋਂ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਹੋਰ ਤਿੰਨ-ਚਾਰ ਸੌ ਸਾਲ ਬਾਬਾ ਫ਼ਰੀਦ ਤੋਂ ਪਹਿਲਾਂ ਆਰੰਭ ਹੋਇਆ ਸਾਬਤ ਕਰਦੇ ਹਨ। ਇਸ ਲਈ ਪੰਜਾਬੀ ਸਾਹਿਤ ਦਾ ਇਤਿਹਾਸ ਹਿੰਦੀ ਤੇ ਉਰਦੂ ਭਾਸ਼ਾ ਦੇ ਵਿਕਸਤ ਹੋਣ ਤੋਂ ਕਿਤੇ ਪਹਿਲਾਂ ਦਾ ਹੈ।

ਇਹ ਧਾਰਨਾ ਪੰਜਾਬ, ਭਾਰਤ ਤੇ ਪਾਕਿਸਤਾਨ 'ਚ ਬੜੇ ਪ੍ਰਬੱਲ ਰੂਪ 'ਚ ਮੰਨੀ ਜਾਂਦੀ ਹੈ ਕਿ ਬਾਬਾ ਫ਼ਰੀਦ ਜੀ ਦਾ ਜਨਮ 4 ਅਪ੍ਰੈਲ 1173 ਈਸਵੀ ਨੂੰ ਉਸ ਸਮੇਂ ਹੋਇਆ ਜਦੋਂ ਅਫ਼ਗਾਨੀ ਲੋਕ ਭਾਰਤ 'ਤੇ ਕਬਜ਼ਾ ਕਰਨ ਲਈ ਪੁਰਜ਼ੋਰ ਹਮਲੇ ਕਰ ਰਹੇ ਸਨ। ਅਮੀਰ ਤੈਮੂਰ (ਤਿੰਮਰ ਲੰਗ), ਹਲਾਕੂ (ਚੰਗੇਜ਼ ਖ਼ਾਨ ਦਾ ਪੁੱਤਰ) ਆਦਿ ਫ਼ਰੀਦ ਜੀ ਦੇ ਜਨਮ ਲੈਣ ਤੋਂ 200 ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਤੋਂ ਭਾਰਤ 'ਤੇ ਹਮਲੇ ਕਰ ਰਹੇ ਸਨ। ਉਸ ਸਮੇਂ ਭਾਰਤ ਦੀ ਸਰਕਾਰੀ ਭਾਸ਼ਾ ਤੁਰਕੀ ਤੇ ਫਾਰਸੀ ਸੀ। ਦਾਸ ਵੰਸ਼ ਦੇ ਰਾਜਾ ਕੁਤਬਦੀਨ ਐਬਕ ਤੋਂ ਆਰੰਭ ਹੋਇਆ ਇਹ ਵੰਸ਼ ਸੁਲਤਾਨ ਬਲਬਨ ਤੱਕ ਭਾਰਤ 'ਤੇ ਕਾਬਜ਼ ਰਿਹਾ। ਭਾਰਤ 'ਤੇ ਕਾਬਜ਼ ਹੋਣ ਤੋਂ 200 ਤੋਂ 300 ਸਾਲ ਪਹਿਲਾਂ ਅਫ਼ਗਾਨਾਂ ਨੇ ਤਲਵਾਰ ਦੇ ਜ਼ੋਰ 'ਤੇ ਇਰਾਨ, ਅਫ਼ਗਾਨਿਸਤਾਨ ਤੇ ਪੂਰਬੀ ਯੂਰਪ ਦੇ ਇਲਾਕਿਆਂ 'ਤੇ ਆਪਣਾ ਰਾਜ ਜਮਾਈ ਰੱਖਿਆ। ਠੀਕ ਇਸੇ ਤਰ੍ਹਾਂ ਹੀ ਦਾਸ ਵੰਸ਼ ਦੇ ਰਾਜਾ ਕੁਤਬਦੀਨ ਐਬਕ ਨੇ ਤਲਵਾਰ ਦੇ ਜ਼ੋਰ ਨਾਲ ਭਾਰਤ 'ਤੇ ਰਾਜ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੀ ਆਪਣੇ ਵੱਖ-ਵੱਖ ਕਬੀਲਿਆਂ ਦੀ ਅੰਦਰੂਨੀ ਫੁੱਟ ਕਾਰਨ ਉਹ ਜ਼ਿਆਦਾ ਦੇਰ ਤੱਕ ਕਾਬਜ਼ ਨਾ ਰਹਿ ਸਕੇ। ਇਸ ਸਮੇਂ ਦੌਰਾਨ ਅਰਬ ਦੇਸ਼ਾਂ ਤੇ ਹੋਰ ਥਾਂਵਾਂ ਤੋਂ ਸੂਫ਼ੀ ਆਪਣਾ ਅੱਲਾਹ ਨਾਲ ਪ੍ਰੇਮ ਕਰਨ ਦਾ ਸੰਦੇਸ਼ ਫੈਲਾਉਣ ਲਈ ਭਾਰਤ ਆਏ। ਉਸ ਸਮੇਂ ਸੂਫ਼ੀ ਸੰਤ ਖ਼ਵਾਜਾ-ਕੁਤਬ-ਉੱਲ-ਦੀਨ ਬਖ਼ਤਿਆਰ ਕਾਕੀ ਜਿਹੜਾ ਕਿ ਸਯਦ ਜਾਫ਼ਰੀ ਹੁਸੈਨੀ ਕਬੀਲੇ ਨਾਲ ਸਬੰਧਤ ਸੀ, ਇਕ ਬਹੁਤ ਮਸ਼ਹੂਰ ਸੂਫ਼ੀ ਸੰਤ ਸੀ।

ਖ਼ਵਾਜਾ ਬਖ਼ਤਿਆਰ ਕਾਕੀ ਦਾ ਜਨਮ 1150 ਈਸਵੀ ਦੇ ਕਰੀਬ ਹੋਇਆ ਜਿਸ ਨੇ ਆਪਣੀ ਤਾਲੀਮ ਤੇ ਸੂਫ਼ੀ ਮੱਤ ਦੀ ਸਿੱਖਿਆ ਅੱਬੂ ਹਿਫ਼ਜ਼ ਤੋਂ ਪ੍ਰਾਪਤ ਕੀਤੀ। ਉਹ ਅਜਮੇਰ ਗਿਆ ਤੇ ਮੁਆਇਨ-ਉੱਲ-ਦੀਨ ਹਸਨ ਚਿਸ਼ਤੀ ਦੇ ਪੈਰੋਕਾਰ ਬਣ ਗਏ। ਉਥੇ ਰਹਿੰਦਿਆਂ ਉਹ ਦਿੱਲੀ ਆ ਗਏ ਤੇ ਸ਼ੇਖ਼ ਫ਼ਰੀਦ ਜੀ ਉਹਨਾਂ ਨੂੰ ਦਿੱਲੀ ਮਿਲੇ ਤੇ ਉਨ੍ਹਾਂ ਦੇ ਪੈਰੋਕਾਰ ਬਣ ਗਏ। ਬਾਦਸ਼ਾਹ ਸੁਲਤਾਨ ਸ਼ਾਮਸ-ਉੱਲ-ਦੀਨ ਅਲਤਮੱਸ਼ ਵੀ ਉਨ੍ਹਾਂ ਦੇ ਪੈਰੋਕਾਰ ਬਣ ਗਏ ਸਨ। ਖ਼ਵਾਜਾ ਬਖ਼ਤਿਆਰ ਕਾਕੀ ਦਿੱਲੀ ਵਿਖੇ ਹੀ 1235 ਈਸਵੀ ਨੂੰ ਸਵਰਗਵਾਸ ਹੋ ਗਏ ਤੇ ਉਹਨਾਂ ਦਾ ਸੰਸਕਾਰ ਵੀ ਦਿੱਲੀ 'ਚ ਹੀ ਕੀਤਾ ਗਿਆ। ਉਨ੍ਹਾਂ ਦੀ ਯਾਦ 'ਚ ਦਿੱਲੀ ਵਿਖੇ ਬਣਿਆ ਸੁੰਦਰ ਮਕਬਰਾ ਅੱਜ ਵੀ ਮੌਜੂਦ ਹੈ, ਜਿੱਥੇ ਕੱਟੜ ਹਿੰਦੂ, ਸਿੱਖ ਤੇ ਮੁਸਲਮਾਨ ਅੱਜ ਵੀ ਬੜੇ ਸਤਿਕਾਰ ਨਾਲ ਸੱਜਦਾ ਕਰਨ ਜਾਂਦੇ ਹਨ। ਉਨ੍ਹਾਂ ਦੇ ਵੰਸ਼ਜ਼ ਦੇ ਮੁੱਲਾਂ ਨੂੰ 'ਚਿਸ਼ਤੀ' ਕਿਹਾ ਜਾਂਦਾ ਹੈ।

ਪਾਕਪਟਨ ਵਿਖੇ ਬਾਬਾ ਸ਼ੇਖ਼ ਫ਼ਰੀਦ ਜੀ ਦੀ ਵੰਸ਼ਾਵਲੀ 'ਚੋਂ ਅੱਜ ਵੀ ਉਨ੍ਹਾਂ ਦੀ ਗੱਦੀ ਦੇ ਜਿਸਨੂੰ ਵਾਰਿਸ ਬਣਾਇਆ ਜਾਂਦਾ ਹੈ, ਉਸ ਨੂੰ ਜਵਾਹੀ-ਰ-ਫ਼ਰੀਦੀ ਦੇ ਖਿਤਾਬ ਨਾਲ ਸਨਮਾਨਿਤ ਕਰਕੇ, ਜਾਨਸ਼ੀਨ ਸਥਾਪਤ ਕਰਕੇ ਸੁਰੱਖਿਅਤ ਰੱਖਿਆ ਜਾਂਦਾ ਹੈ ਤੇ ਗੱਦੀ ਦੇ ਹਰ ਵਾਰਿਸ ਦੇ ਨਾਮ ਨਾਲ ਪਹਿਲਾ ਫ਼ਰੀਦ ਸ਼ਬਦ ਲਿਖਿਆ ਜਾਂਦਾ ਹੈ। ਬਾਬਾ ਫ਼ਰੀਦ ਜੀ ਫਾਰੁਖ਼ਸ਼ਾਹ ਦੇ ਖਾਨਦਾਨ 'ਚੋਂ ਸਨ, ਜਿਹੜਾ ਕਿ ਕਾਬਲ ਦਾ ਬਾਦਸ਼ਾਹ ਸੀ। ਗ਼ਜ਼ਨੀ ਤੇ ਅਫ਼ਗਾਨਿਸਤਾਨ ਦੇ ਹੋਰ ਕਈ ਸੂਬੇ ਉਸ ਦੇ ਅਧੀਨ ਸਨ। ਬਾਬਾ ਸ਼ੇਖ਼ ਫ਼ਰੀਦ ਦੇ ਪੜਦਾਦਾ, ਬਾਦਸ਼ਾਹ ਫਾਰੁਖ਼ਸ਼ਾਹ ਦਾ ਪੁੱਤਰ ਸੀ ਜਿਹੜਾ ਕਿ ਕਾਬਲ ਦਾ ਬਾਦਸ਼ਾਹ ਸੀ। ਉਨ੍ਹਾਂ ਦਿਨਾਂ 'ਚ ਬਾਬਾ ਫ਼ਰੀਦ ਜੀ ਦੇ ਪੜਦਾਦਾ, ਉਸ ਸਮੇਂ ਮਾਰੇ ਗਏ ਸਨ ਜਦੋਂ ਹਲਾਕੂ ਜਿਹੜਾ ਕਿ ਚੰਗੇਜ਼ ਖ਼ਾਨ ਦਾ ਪੋਤਾ ਸੀ, ਨੇ ਕਾਬਲ 'ਤੇ ਹਮਲਾ ਕੀਤਾ ਸੀ। ਉਸ ਨੇ ਹੋਰ ਵੀ ਕਈ ਸ਼ਹਿਜ਼ਾਦੇ, ਵਿਦਵਾਨ ਵਿਅਕਤੀ ਤੇ ਬਾਬਾ ਫ਼ਰੀਦ ਜੀ ਦੇ ਰਿਸ਼ਤੇਦਾਰ ਜੋ ਇਨ੍ਹਾਂ ਦੇ ਵੱਡੇ-ਵਡੇਰੇ ਸਨ, ਮਾਰ ਦਿੱਤੇ ਸਨ। ਬਾਬਾ ਸ਼ੇਖ ਫ਼ਰੀਦ ਜੀ ਦੇ ਦਾਦਾ ਸ਼ੇਖ਼ ਸਾਹਿਬ ਨੇ ਆਪ ਦੇਸ਼ ਛੱਡ ਦਿੱਤਾ ਸੀ ਤੇ ਉਹਨਾਂ ਨੇ ਪੰਜਾਬ 'ਚ ਇਕ ਰਫੂਜੀ ਦੇ ਤੌਰ ਤੇ 1125 ਈਸਵੀ 'ਚ ਪਨਾਹ ਲੈ ਲਈ ਸੀ। ਕਸੂਰ ਦਾ ਕਾਜ਼ੀ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਹ ਬਹੁਤ ਸ਼ਾਹੀ ਘਰਾਣੇ ਦੇ ਸ਼ੇਖ਼ ਸਾਹਿਬ ਹਨ ਤੇ ਉਸ ਨੇ ਇਨ੍ਹਾਂ ਦੀ ਬਹੁਤ ਆਓ-ਭਗਤ ਤੇ ਮਹਿਮਾਨ ਨਿਵਾਜੀ ਕੀਤੀ। ਕੁਝ ਸਮੇਂ ਬਾਅਦ ਸ਼ੇਖ਼ ਸਾਹਿਬ ਮੁਲਤਾਨ ਨੂੰ ਰਵਾਨਾ ਹੋ ਗਏ ਤੇ ਉਥੇ ਉਨ੍ਹਾਂ ਨੇ ਵਿਚਾਰ ਕੀਤੀ ਕਿ ਉਨ੍ਹਾਂ ਨੂੰ ਆਪਣੇ ਸ਼ਾਹੀ ਘਰਾਣੇ ਨਾਲ ਸੰਬੰਧਾਂ ਦੀ ਲੋਕਾਂ ਨੂੰ ਜਾਣਕਾਰੀ ਨਹੀਂ ਦੇਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਪਤਾ ਨਾ ਲੱਗ ਸਕੇ ਕਿ ਇਹ ਕੌਣ ਹਨ ਤੇ ਆਪਣੇ ਇਰਾਦਿਆਂ ਨੂੰ ਆਪਦੇ ਅੰਦਰ ਹੀ ਰੱਖਣਾ ਚਾਹੀਦਾ ਹੈ। ਆਪਣੇ ਵਿਚਾਰ ਇਸ ਤਰ੍ਹਾਂ ਦੇ ਬਣਾ ਕੇ ਉਨ੍ਹਾਂ ਨੇ ਆਪਣੀ ਰਿਹਾਇਸ਼ ਖ਼ੋਤਵਾਲ ਵਿਖੇ ਕਰ ਲਈ ਤੇ ਆਪਣੀ ਲੋਕਾਂ 'ਚ ਚਾਵਲੀ ਮੁਸ਼ੇਖ ਦੇ ਨਾਮ ਨਾਲ ਪਹਿਚਾਣ ਬਣਾ ਲਈ। ਇਹ ਜਗ੍ਹਾ ਦਿਖਾਲਪੁਰ ਦੇ ਨਜ਼ਦੀਕ ਹੈ। ਉਹਨਾਂ ਨੇ ਖੋਤਵਾਲ 'ਚ ਲੋਕਾਂ ਨੂੰ ਧਾਰਮਿਕ ਸਿੱਖਿਆ ਦੇਣ ਲਈ ਆਪਣਾ ਇਕ ਨਿੱਜੀ ਵਿਦਿਆਲਾ ਬਣਾ ਲਿਆ ਤੇ ਇਸ ਨੂੰ ਕਾਮਯਾਬ ਕਰਨ ਵੱਲ ਬੜਾ ਧਿਆਨ ਦਿੱਤਾ। ਉਨ੍ਹਾਂ ਦੇ ਵੱਡੇ ਪੁੱਤਰ ਜਮਾਲ-ਉਦ-ਦੀਨ ਦਾ ਵਿਆਹ ਬੀਬੀ ਮਰੀਅਮ ਜਿਹੜੀ ਕਿ ਸਈਅਦ ਮੁਹੰਮਦ ਅਬਦੂਲਾ ਸ਼ਾਹ ਦੀ ਬੇਟੀ ਸੀ, ਨਾਲ ਕਰ ਦਿੱਤਾ, ਜਿਹੜਾ ਕਿ ਅਲੀ ਦੇ ਖਾਨਦਾਨ 'ਚੋ. ਸੀ। ਬੀਬੀ ਮਰੀਅਮ ਦੇ ਤਿੰਨ ਪੁੱਤਰ ਸਨ, ਜਿਹਨਾਂ ਦੇ ਨਾਮ ਇਸ ਤਰ੍ਹਾਂ ਹਨ: ਖ਼ਵਾਜ਼ਾ-ਉੱਲ-ਦੀਨ, ਫ਼ਰੀਦ-ਉੱਲ-ਦੀਨ ਮਸਾਊਦ (ਬਾਬਾ ਫ਼ਰੀਦ) ਤੇ ਖ਼ਵਾਜ਼ਾ ਨਾਜ਼ੀਬ-ਉੱਲ-ਦੀਨ ਤੇ ਇਕ ਬੇਟੀ ਖ਼ਾਤੂਨ ਜ਼ਮੀਲਾ ਸੀ।



ਸ਼ੇਖ਼ ਫ਼ਰੀਦ ਜੀ ਦੀ ਮਾਤਾ ਮਰੀਅਮ ਬੜੀ ਧਰਮਾਤਮਾ ਤੇ ਇਸਲਾਮੀ ਤਾਲੀਮ ਦੀ ਚੰਗੀ ਗਿਆਤਾ ਸੀ। ਉਹ ਬੜੀ ਨੇਕ, ਸ਼ੁੱਧ ਹਿਰਦੇ ਵਾਲੀ, ਬੜੀ ਦਿਆਲੂ ਤੇ ਇਕ ਇਮਾਨਦਾਰ ਮਾਂ ਸੀ। ਮਾਤਾ ਜੀ ਦੇ ਇਸ ਤਰ੍ਹਾਂ ਦੇ ਨੇਕ ਸੁਭਾਅ ਦਾ ਪ੍ਰਭਾਵ ਸ਼ੇਖ ਫ਼ਰੀਦ ਜੀ 'ਤੇ ਬਚਪਨ ਤੋਂ ਹੀ ਪੈਣਾ ਸ਼ੁਰੂ ਹੋ ਗਿਆ ਸੀ। ਸ਼ੇਖ਼ ਫ਼ਰੀਦ ਜੀ ਇਸੇ ਕਰਕੇ ਹੀ 12 ਸਾਲ ਦੀ ਉਮਰ ਤੱਕ 'ਕੁਰਾਨ ਮਜੀਦ' ਦਾ ਅਧਿਐਨ ਕਰ ਗਏ ਸਨ। ਉਹਨਾਂ ਨੇ ਇਸ ਨੂੰ ਜਵਾਨੀ ਯਾਦ ਕਰ ਲਿਆ ਸੀ ਤੇ ਉਹਨਾਂ 'ਚ ਛੋਟੀ ਉਮਰੇ ਹੀ ਕਾਫੀ ਧਾਰਮਿਕ ਪ੍ਰਪੱਕਤਾ ਆ ਗਈ ਸੀ। ਉਨ੍ਹਾਂ ਦੇ ਪਿਤਾ ਉਸ ਜ਼ਮਾਨੇ ਦੇ ਇਕ ਮਸ਼ਹੂਰ ਸੂਫ਼ੀ ਫਕੀਰ ਸਨ।

ਜਦੋਂ ਅਜੇ ਬਾਬਾ ਫ਼ਰੀਦ ਜੀ ਛੋਟੀ ਉਮਰ ਦੇ ਹੀ ਸਨ ਤਾਂ ਉਹਨਾਂ ਦੀ ਮਾਤਾ ਜੀ ਨੇ ਉਹਨਾਂ ਨੂੰ ਦੁਆ (ਪ੍ਰਾਰਥਨਾ) ਕਰਨੀ ਸਿਖਾਈ। ਬਾਲਕ ਫ਼ਰੀਦ ਨੇ ਆਪਣੀ ਮਾਤਾ ਜੀ ਨੂੰ ਪੁੱਛਿਆ ਕਿ ਇਸ ਦੁਆ ਦਾ ਕੀ ਮਹੱਤਵ ਹੈ? ਉਨ੍ਹਾਂ ਦੀ ਮਾਤਾ ਨੇ ਕਿਹਾ ਕਿ, "ਮਿਠਾਸ"। ਇਸ ਤਰ੍ਹਾਂ ਜਦੋਂ ਫ਼ਰੀਦ ਜੀ ਦੀ ਦੁਆ ਦਾ ਸਮਾਂ ਹੁੰਦਾ ਤਾਂ ਉਨ੍ਹਾਂ ਦੀ ਮਾਤਾ ਦੁਆ ਕਰਨ ਤੋਂ ਪਹਿਲਾਂ, ਚਟਾਈ ਦੇ ਹੇਠਾਂ ਜਿਸ ਤੇ ਬੈਠ ਕੇ ਉਹ ਦੁਆ ਕਰਦੇ ਸਨ, ਖੰਡ ਛੁਪਾਅ ਕੇ ਰੱਖ ਦਿੰਦੀ ਤੇ ਜਦ ਉਨ੍ਹਾਂ ਦੀ ਦੁਆ ਖਤਮ ਹੁੰਦੀ ਤਾਂ ਉਨ੍ਹਾਂ ਦੀ ਮਾਤਾ ਚਟਾਈ ਹੇਠੋਂ ਖੰਡ ਕੱਢਦੀ ਤੇ ਫ਼ਰੀਦ ਜੀ ਨੂੰ ਇਸ ਤਰ੍ਹਾਂ ਅੱਲਾਹ 'ਚ ਸ਼ਰਧਾ ਰੱਖਣ ਕਰਕੇ ਇਨਾਮ ਵਜੋਂ ਦੇ ਦਿੰਦੀ ਸੀ। ਇਕ ਦਿਨ ਉਨ੍ਹਾਂ ਦੇ ਮਾਤਾ ਜੀ ਚਟਾਈ ਹੇਠਾਂ ਖੰਡ ਰੱਖਣੀ ਭੁੱਲ ਗਏ ਤੇ ਜਦੋਂ ਦੁਆ ਖਤਮ ਹੋਈ ਤਾਂ ਚਟਾਈ ਦੇ ਹੇਠਾਂ ਖੰਡ ਮੌਜੂਦ ਸੀ। ਉਸ ਦਿਨ ਤੋਂ ਬੀਬੀ ਮਰੀਅਮ ਨੇ ਆਪਣੇ ਪੁੱਤਰ ਫ਼ਰੀਦ ਜੀ ਨੂੰ 'ਸ਼ਕਰਗੰਜ' ਕਹਿਣਾ ਸ਼ੁਰੂ ਕਰ ਦਿੱਤਾ।

ਜਦੋਂ ਬਾਬਾ ਫ਼ਰੀਦ ਜੀ 16 ਸਾਲ ਦੇ ਹੋਏ ਤਾਂ ਉਹ ਮੱਕੇ ਨੂੰ ਹੱਜ ਲਈ ਗਏ ਤੇ ਉਥੇ ਅਬਦੁਲ ਰਹੀਮ ਅਨਸਾਰੀ ਦੇ ਘਰ ਰੁਕੇ। ਇੱਥੇ ਉਨ੍ਹਾਂ ਨੇ ਆਪਣੀ ਸਾਰੀ ਗੱਲਬਾਤ ਪੰਜਾਬੀ 'ਚ ਕੀਤੀ ਤੇ ਇਕ ਜਟਾਧਾਰੀ ਫਕੀਰ ਨੇ ਇਨ੍ਹਾਂ ਦੀ ਪੰਜਾਬੀ ਭਾਸ਼ਾ 'ਚ ਗੱਲਬਾਤ ਸੁਣ ਕੇ ਕਿਹਾ ਕਿ, "ਭਵਿੱਖ 'ਚ ਇਹ ਬਾਲਕ ਬਹੁਤ ਮਹਾਨ ਵਿਅਕਤੀ ਹੋਵੇਗਾ।" ਉਸ ਤੋਂ ਬਾਅਦ ਬਾਬਾ ਫ਼ਰੀਦ ਜੀ ਪੰਜਾਬ ਆ ਗਏ। ਫਿਰ ਉਹਨਾਂ ਨੂੰ ਦਿੱਲੀ ਖ਼ਵਾਜ਼ਾ ਕੁਤਬ-ਉੱਲ-ਦੀਨ ਬਖ਼ਤਿਆਰ ਕਾਕੀ ਪਾਸ ਧਰਮ-ਸ਼ਾਸਤਰਾਂ ਦਾ ਗਿਆਨ ਪ੍ਰਾਪਤ ਕਰਨ ਲਈ ਭੇਜਿਆ ਗਿਆ। ਉਨ੍ਹਾਂ ਨੇ ਉਸ ਨੂੰ ਧਰਮ-ਸ਼ਾਸਤਰਾਂ ਦਾ ਗਿਆਨ ਦੇਣ ਤੋਂ ਬਾਅਦ ਮਹਿਸੂਸ ਕੀਤਾ ਕਿ ਇਹਨਾਂ ਨੂੰ ਅਜੇ ਧਰਮ-ਸ਼ਾਸਤਰਾਂ ਦਾ ਗਿਆਨ ਦੇਣ ਦੀ ਹੋਰ ਜ਼ਰੂਰਤ ਹੈ ਤਾਂ ਉਨ੍ਹਾਂ ਨੇ ਬਾਬਾ ਫ਼ਰੀਦ ਜੀ ਨੂੰ ਸਿਰਸਾ, ਜੋ ਕਿ ਦਿੱਲੀ ਦੇ ਨਜ਼ਦੀਕ ਹੈ, ਵਿਖੇ ਅਬਦੂਲ ਸ਼ਕੂਰ ਦੇ ਧਾਰਮਿਕ ਸਥਾਨ 'ਤੇ ਭੇਜਿਆ ਕਿ ਉਹ ਆਪਣੀ ਧਾਰਮਿਕ ਵਿੱਦਿਆ ਪੂਰੀ ਕਰ ਲੈਣ। ਇੱਥੇ ਰਹਿੰਦਿਆਂ ਉਨ੍ਹਾਂ ਨੇ ਧਾਰਮਿਕ ਤੇ ਸੰਸਾਰਕ ਗਿਆਨ ਇੰਨਾ ਵਿਸਥਾਰ 'ਚ ਗ੍ਰਹਿਣ ਕੀਤਾ ਕਿ ਸਭ ਉਨ੍ਹਾਂ ਦੀ ਵਿਦਵਤਾ 'ਤੇ ਹੈਰਾਨ ਰਹਿ ਗਏ।

ਦਿੱਲੀ ਵਿਖੇ ਰਹਿੰਦਿਆਂ ਬਾਬਾ ਫ਼ਰੀਦ ਜੀ ਨੇ ਬੜੀ ਪ੍ਰਸਿੱਧਤਾ ਹਾਸਲ ਕੀਤੀ ਤੇ ਹੁਣ ਇਹਨਾਂ ਲਈ ਇਹ ਜਗ੍ਹਾ ਅਕਾਊ ਬਣ ਗਈ ਸੀ। ਫਿਰ ਉਥੋਂ ਉਹਨਾਂ ਨੇ ਹਾਂਸੀ ਨੂੰ ਚਾਲੇ ਪਾ ਲਏ, ਉਥੇ ਵੀ ਉਹ ਬਹੁਤ ਦੇਰ ਤੱਕ ਨਹੀਂ ਰਹੇ। ਇਸ ਸਮੇਂ ਦੌਰਾਨ ਦਿੱਲੀ ਵਿਖੇ ਖ਼ਵਾਜ਼ਾ ਕੁਤਬ-ਉੱਲ-ਦੀਨ ਬਖ਼ਤਿਆਰ ਕਾਕੀ ਦੀ ਮੌਤ ਹੋ ਗਈ ਤੇ ਬਾਬਾ ਫ਼ਰੀਦ ਜੀ ਫਿਰ ਦੁਬਾਰਾ ਦਿੱਲੀ ਚਲੇ ਗਏ ਤੇ ਧਾਰਮਿਕ ਚੋਗਾ ਪਹਿਨ ਕੇ ਰੂਹਾਨੀਅਤ ਦੇ ਰਹਿਬਰ ਬਣ ਗਏ। ਇੱਥੇ ਉਨ੍ਹਾਂ ਨੇ ਰੂਹਾਨੀਅਤ ਦੀ ਸਿੱਖਿਆ ਦੇਣੀ ਉਨਾ ਚਿਰ ਜਾਰੀ ਰੱਖੀ, ਜਿੰਨੀ ਦੇਰ ਤੱਕ ਹਾਂਸੀ ਤੋਂ ਜਮਾਲ-ਉੱਲ-ਦੀਨ ਨਹੀਂ ਆ ਗਏ। ਇਸ ਤੋਂ ਬਾਅਦ ਬਾਬਾ ਫ਼ਰੀਦ ਜੀ ਅਜੋਧਾਨ (ਮੌਜੂਦਾ ਨਾਮ ਪਾਕਪਟਨ) ਵਿਖੇ ਆ ਗਏ। ਅਜੋਧਾਨ ਦਾ ਨਾਮ ਬਦਲ ਕੇ ਪਾਕਪਟਨ ਕਿਵੇਂ ਪਿਆ, ਇਸ ਦੀ ਇਕ ਖਾਸ ਵਜ੍ਹਾ ਸੀ ਕਿ ਇਕ ਨਹਿਰ ਜਿਹੜੀ ਕਿ ਸਤਲੁਜ 'ਚੋਂ ਨਿਕਲਦੀ ਸੀ ਤੇ ਇਸ ਕਸਬੇ ਦੇ ਕੋਲ ਦੀ ਜਾਂਦੀ ਸੀ ਤੇ ਬਾਬਾ ਫ਼ਰੀਦ ਜੀ ਰੋਜ਼ ਉਸ 'ਚ ਆਪਣਾ ਇਸ਼ਨਾਨ ਕਰਨ ਤੇ ਮੂੰਹ-ਹੱਥ ਧੋਣ ਜਾਂਦੇ ਸਨ ਤੇ ਇਸ ਸਥਾਨ ਨੂੰ ਲੋਕਾਂ ਨੇ ਬਾਬਾ ਫ਼ਰੀਦ ਜੀ ਦਾ 'ਪਾਕਪਟਨ' ਭਾਵ, ਫ਼ਰੀਦ ਜੀ ਦਾ ਪਵਿੱਤਰ ਘਾਟ ਕਹਿਣਾ ਸ਼ੁਰੂ ਕਰ ਦਿੱਤਾ ਸੀ।

ਕੁਝ ਸਮੇਂ ਬਾਅਦ ਫ਼ਰੀਦ ਜੀ ਆਪਣੇ ਮਾਤਾ ਜੀ ਦੇ ਕਹਿਣ 'ਤੇ ਜੰਗਲ 'ਚ ਚਲੇ ਗਏ ਤੇ ਉਥੇ ਉਹ ਇਕ ਸਨਿਆਸੀ ਦੇ ਤੌਰ 'ਤੇ 12 ਸਾਲ ਰਹੇ ਤੇ ਦਰਖਤਾਂ ਦੇ ਪੱਤੇ ਖਾ ਕੇ ਗੁਜ਼ਾਰਾ ਕਰਦੇ ਰਹੇ ਪਰ ਮਨ ਨੂੰ ਤਸੱਲੀ ਨਾ ਹੋਈ ਤੇ ਉਨ੍ਹਾਂ ਨੇ ਆਪਣੇ ਦਿਲ ਨੂੰ ਤਸੱਲੀ ਦੇਣ ਲਈ ਨਿਮਨ-ਲਿਖਤ ਸ਼ਬਦ ਦੀ ਰਚਨਾ ਕੀਤੀ :

ਫ਼ਰੀਦਾ ਜੰਗਲ ਜੰਗਲ ਕਿਆ ਭਵੈਹਿ, ਬਣ ਕਢਾਹਿ ਮੋੜ ॥
ਵਸੀ ਰੱਬ ਹਿਆਲੀਐ, ਜੰਗਲ ਕਿਆ ਢੂਡਹਿ ॥

ਜਦੋਂ ਫ਼ਰੀਦ ਜੀ ਇੰਨੇ ਸਾਲ ਜੰਗਲ 'ਚ ਲਾ ਕੇ ਆਏ ਤਾਂ ਉਨ੍ਹਾਂ ਦੇ ਮਾਤਾ ਜੀ ਉਹਨਾਂ ਦੇ ਕੰਘੀ ਨਾਲ ਵਾਲ ਵਾਹੁੰਣ ਲੱਗੇ ਤਾਂ ਬਾਬਾ ਫ਼ਰੀਦ ਜੀ ਨੂੰ ਵਾਲ ਪੁੱਟ ਹੋਣ ਨਾਲ ਬੜੀ ਤਕਲੀਫ਼ ਹੁੰਦੀ ਸੀ, ਕਿਉਂਕਿ ਉਨ੍ਹਾਂ ਦੇ ਵਾਲ ਨਾ ਧੋਣ ਕਰਕੇ ਜਟਾਵਾਂ ਬਣ ਚੁੱਕੇ ਸਨ। ਬਾਬਾ ਫ਼ਰੀਦ ਜੀ ਨੇ ਆਪਣੇ ਮਾਤਾ ਜੀ ਨੂੰ ਕਿਹਾ ਕਿ ਮੈਨੂੰ ਵਾ.ਲ ਪੁੱਟ ਹੋਣ ਨਾਲ ਬੜੀ ਦਰਦ ਹੁੰਦੀ ਹੈ, ਮਾਤਾ ਜੀ ਨੇ ਉੱਤਰ ਦਿੱਤਾ ਕਿ ਹੇ ਪੁੱਤਰ! "ਇਸੇ ਤਰ੍ਹਾਂ ਹੀ ਜਦੋਂ ਤੂੰ ਆਪਣੀ ਖੁਰਾਕ ਵਜੋਂ ਦਰਖਤਾਂ ਦੇ ਪੱਤੇ ਤੇ ਫਲ ਤੋੜ ਕੇ ਜੰਗਲ 'ਚ ਖਾਂਦਾ ਸੀ, ਉਨ੍ਹਾਂ ਦੇ ਵੀ ਦਰਦ ਹੁੰਦੀ ਹੋਵੇਗੀ।" ਫਿਰ ਬਾਬਾ ਫ਼ਰੀਦ ਜੀ ਨੇ ਇਕ ਹੋਰ ਤੀਰਥ ਯਾਤਰਾ, ਆਪਣੇ ਸ਼ੰਕੇ ਨਵਿਰਤ ਕਰਨ ਲਈ ਕੀਤੀ। ਫਿਰ ਉਨ੍ਹਾਂ ਨੇ ਕਿਸੇ ਵੀ ਜਾਨਦਾਰ ਚੀਜ਼ ਨੂੰ ਦੁੱਖ ਨਾ ਦੇਣ ਦਾ ਆਪਣਾ ਨਿਸ਼ਚਾ ਕਰ ਲਿਆ ਤੇ ਹਰ ਚੀਜ਼ ਫਲ ਵਗੈਰਾ ਜ਼ਮੀਨ ਤੇ ਡਿੱਗੀ ਹੋਈ ਹੀ ਖਾਂਦੇ ਤੇ ਦਰਖ਼ਤ ਤੋਂ ਨਾ ਤੋੜਦੇ। ਉਨ੍ਹਾਂ ਨੇ ਆਪਣੇ ਪੇਟ ਨਾਲ ਗੋਲ ਇਕ ਲੱਕੜ ਦੀ ਫੱਟੀ ਬੰਨ੍ਹ ਕੇ, ਉਸ ਨੂੰ ਰੋਟੀ ਦੇ ਪ੍ਰਤੀਕ ਵਜੋਂ ਮੰਨ ਲਿਆ ਤਾਂ ਕਿ ਉਹ ਜਿੰਦਾ ਰਹਿ ਸਕਣ ਤੇ ਆਪਣੀ ਭੁੱਖ ਮਿਟਾ ਸਕਣ। ਇਸ ਤਰ੍ਹਾਂ ਉਹਨਾਂ ਨੇ ਆਪਣੀ ਮਾਤਾ ਜੀ ਨਾਲ ਕੀਤਾ ਵਾਅਦਾ ਕਿ ਉਹ ਜਾਨਦਾਰ ਚੀਜ਼ਾਂ ਨੂੰ ਦੁੱਖ ਨਹੀਂ ਪਹੁੰਚਾਉਣਗੇ, ਪੂਰਾ ਕੀਤਾ। ਆਪਣੇ ਇਸ ਤਰ੍ਹਾਂ ਦੇ ਹਾਲਾਤ 'ਚ ਉਨ੍ਹਾਂ ਨੇ ਨਿਮਨ-ਲਿਖਤ ਸ਼ਲੋਕ ਰਚਿਆ :

ਫ਼ਰੀਦਾ ਰੋਟੀ ਮੇਰੀ ਕਾਠ ਕੀ, ਲਾਵਣ ਮੇਰੀ ਭੁੱਖ॥
ਜਿੰਨ੍ਹਾਂ ਖਾਧੀ ਚੋਪੜੀ ਘਣੇ ਸਹਿਣਗੇ ਦੁੱਖ॥

ਇਸ ਤੋਂ ਬਾਅਦ ਬਾਬਾ ਫ਼ਰੀਦ ਜੀ ਫਿਰ ਆਪਣੀ ਮਾਤਾ ਜੀ ਪਾਸ ਆ ਗਏ। ਮਾਤਾ ਜੀ ਨੇ ਕਿਹਾ ਕਿ ਪੁੱਤਰ ਤੇਰੇ 'ਚ ਅਜੇ ਘੁਮੰਡ ਤੇ ਕੁਝ ਜੀਵਨ ਜਾਂਚ ਦੀਆਂ ਊਣਤਾਈਆਂ ਅਜੇ ਬਾਕੀ ਹਨ, ਜਿਹਨਾਂ ਨੂੰ ਕੁਝ ਸਾਲ ਹੋਰ ਤਪੱਸਿਆ ਕਰਨ ਨਾਲ ਅਜੇ ਦੂਰ ਕਰਨ ਦੀ ਜ਼ਰੂਰਤ ਹੈ। ਬਾਬਾ ਫ਼ਰੀਦ ਜੀ ਫਿਰ ਤਪੱਸਿਆ ਲਈ ਘਰੋਂ ਚੱਲ ਪਏ ਤੇ ਉਹ ਆਪਣੇ ਪੈਰ ਪਾਣੀ 'ਚ ਰੱਖ ਕੇ ਕਿੰਨੀ-ਕਿੰਨੀ ਦੇਰ ਤੱਕ ਬੈਠੇ ਰਹਿੰਦੇ ਤੇ ਤਪੱਸਿਆ ਕਰਦੇ ਰਹਿੰਦੇ।

ਉਹਨਾਂ ਨੇ ਆਪਣੇ ਸਰੀਰ ਦਾ ਮਾਸ ਕਾਂਵਾਂ ਕੋਲੋਂ ਵੀ ਤੁੜਵਾ ਕੇ ਤਪੱਸਿਆ ਕੀਤੀ ਤੇ ਕਿਹਾ, ਹੇ, ਕਾਂਵਾਂ! ਤੂੰ ਮੇਰੇ ਸਰੀਰ ਦਾ ਸਾਰਾ ਮਾਸ ਖਾ ਲੈ ਪਰ ਮੇਰੀਆਂ ਇਹਨਾਂ ਦੋ ਅੱਖਾਂ ਨੂੰ ਨਾ ਖਾਵੀਂ ਕਿਉਂਕਿ ਮੈਨੂੰ ਮਰਨ ਤੋਂ ਪਹਿਲਾਂ ਇਹਨਾਂ ਅੱਖਾਂ ਨਾਲ ਆਪਣੇ ਉਸ ਅੱਲਾਹ ਦੇ ਦਰਸ਼ਨ ਕਰਨ ਦੀ ਤਾਂਘ ਹੈ। ਇਸ ਤਰ੍ਹਾਂ ਦੀ ਆਪਣੀ ਅਵਸਥਾ 'ਤੇ ਨਿਮਨ-ਲਿਖਤ ਸ਼ਲੋਕ ਦੀ ਰਚਨਾ ਕੀਤੀ :

ਕਾਗਾ ਕਰੰਗ ਢੰਡੋਲਿਆ, ਸਗਲਾ ਖਾਇਆ ਮਾਸ ॥
ਇਹ ਦੋਏ ਨੈਨਾ ਮਤ ਛੂਹੈ, ਪਿਰ ਦੇਖਨ ਕੀ ਆਸ ॥

ਸ਼ੇਖ ਫ਼ਰੀਦ ਜੀ ਦੇ ਜੀਵਨ ਨਾਲ ਕਈ ਤਰ੍ਹਾਂ ਦੀਆਂ ਮਿਥਿਹਾਸਕ ਘਟਨਾਵਾਂ ਵੀ ਜੁੜੀਆਂ ਹੋਈਆਂ ਹਨ ਪਰ ਇਹ ਵਿਗਿਆਨਕ ਨਾ ਹੋਣ ਕਾਰਨ ਇਹਨਾਂ ਨੂੰ ਜ਼ਿੰਦਗੀ ਦਾ ਯਥਾਰਥ ਨਹੀਂ ਮੰਨਿਆ ਜਾ ਸਕਦਾ।

ਬਾਬਾ ਫ਼ਰੀਦ ਜੀ ਨੇ ਪ੍ਰਭੂ ਭਗਤੀ ਇੰਨੀ ਕੀਤੀ, ਆਪਣੇ ਸਰੀਰ ਨੂੰ ਅਨੇਕ ਪ੍ਰਕਾਰ ਦੇ ਤਪੱਸਿਆ ਦੇ ਮਾਧਿਅਮ ਦੁਆਰਾ ਕਸ਼ਟ ਵੀ ਦਿੱਤੇ, ਸਰੀਰ ਬੜਾ ਕਮਜ਼ੋਰ ਹੋ ਗਿਆ। ਇਕ ਦੋ ਵਾਰ ਉਨ੍ਹਾਂ ਨੇ ਪਰਮਾਤਮਾ ਦਾ ਅਹਿਸਾਸ ਵੀ ਕੀਤਾ ਪਰ ਮਨ ਨੂੰ ਸੰਤੁਸ਼ਟੀ ਨਾ ਹੋਈ। ਉਨ੍ਹਾਂ ਨੂੰ ਇਹ ਤਾਂ ਗਿਆਨ ਹੋ ਗਿਆ ਕਿ ਬਿਨਾਂ ਮੁਰਸ਼ਦ ਧਾਰਿਆ, ਮਨ ਨੂੰ ਸੰਤੁਸ਼ਟੀ ਨਹੀਂ ਹੋ ਸਕਦੀ। ਇਸ ਲਈ ਗੁਰੂ ਧਾਰਨਾ ਬਹੁਤ ਜ਼ਰੂਰੀ ਹੈ।

ਗੁਰੂ ਦੀ ਖੋਜ 'ਚ ਬਾਬਾ ਫ਼ਰੀਦ ਜੀ ਅਜਮੇਰ ਵਿਖੇ ਚਿਸ਼ਤੀ ਸਾਹਿਬ ਪਾਸ ਪਹੁੰਚ ਗਏ। ਉਨ੍ਹਾਂ ਨੂੰ ਆਪਣਾ ਗੁਰੂ ਸਮਝ ਕੇ ਉਹਨਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਭਗਤੀ ਕਰਨ ਲਈ ਸੇਵਾ ਭਾਵਨਾ ਤੇ ਸ਼ਰਧਾ ਵਰਗੇ ਦੋ-ਗੁਣ ਹੋਣੇ ਬੜੇ ਜ਼ਰੂਰੀ ਹਨ। ਫ਼ਰੀਦ ਜੀ ਚਿਸ਼ਤੀ ਸਾਹਿਬ ਦੀ ਡੱਟ ਕੇ ਸੇਵਾ ਕਰਦੇ ਰਹੇ। ਉਹਨਾਂ ਦੀ ਸੇਵਾ ਆਪਣੇ ਗੁਰੂ ਜੀ ਨੂੰ ਇਸ਼ਨਾਨ ਕਰਾਉਣ ਦੀ ਸੀ। ਆਪ ਹੀ ਅੱਗ ਬਾਲਣੀ ਤੇ ਪਾਣੀ ਗਰਮ ਕਰਨਾ, ਉਹਨਾਂ ਦਾ ਰੋਜ਼ ਦਾ ਆਹਰ ਸੀ। ਇਕ ਦਿਨ ਬੜੀ ਜ਼ੋਰ ਦੀ ਮੀਂਹ ਪਿਆ।

ਉਨ੍ਹਾਂ ਦਿਨਾਂ 'ਚ ਮਾਚਿਸ ਨਾ ਹੋਣ ਕਾਰਨ ਅੱਗ ਨੂੰ ਬੜਾ ਸੰਭਾਲ ਕੇ ਰੱਖਿਆ ਜਾਂਦਾ ਸੀ। ਫ਼ਰੀਦ ਜੀ ਨੂੰ ਫਿਕਰ ਹੋ ਗਿਆ। ਉਸ ਦਿਨ ਉਹ ਬੜੇ ਭਿਅੰਕਰ ਤੂਫਾਨ 'ਚ ਬਾਹਰ ਚਲੇ ਗਏ ਤੇ ਉਹਨਾਂ ਨੇ ਦੇਖਿਆ ਕਿ ਇਕ ਵੇਸ਼ਿਆ ਔਰਤ ਦੀ ਬੈਠਕ 'ਚ ਅੱਗ ਬਲ ਰਹੀ ਸੀ ਤੇ ਫ਼ਰੀਦ ਜੀ ਬੜੇ ਹੌਸਲੇ ਨਾਲ ਅੰਦਰ ਚਲ ਗਏ। ਉਹ ਫ਼ਰੀਦ ਜੀ ਨੂੰ ਦੇਖ ਕੇ ਮਨ 'ਚ ਕੁਝ ਹੋਰ ਹੀ ਸੋਚਦੀ ਰਹੀ ਪਰ ਉਸ ਦਾ ਸਾਰਾ ਕਿਆਫ਼ਾ ਗਲਤ ਸੀ। ਫ਼ਰੀਦ ਜੀ ਨੇ ਕਿਹਾ ਮਾਤਾ ਜੀ! ਅੱਗ ਚਾਹੀਦੀ ਹੈ। ਅਗਰ ਅੱਗ ਨਾ ਮਿਲੀ ਤਾਂ ਇਸ਼ਨਾਨ ਕਿਸ ਤਰ੍ਹਾਂ ਹੋਵੇਗਾ ਤੇ ਚਿਸ਼ਤੀ ਜੀ ਖ਼ੁਦਾ ਦੀ ਬੰਦਗੀ ਕਿਸ ਤਰ੍ਹਾਂ ਕਰਨਗੇ।

ਇਹ ਸੁਣ ਕੇ ਕੁਕਰਮੀ ਵੇਸ਼ਿਆ ਹੱਸ ਪਈ ਤੇ ਕਹਿਣ ਲੱਗੀ ਕਿ, "ਮੈਨੂੰ ਵੀ ਕਿਸੇ ਚੀਜ਼ ਦੀ ਲੋੜ ਹੈ।"

ਫ਼ਰੀਦ ਜੀ ਨੇ ਪੁੱਛਿਆ, "ਤੁਹਾਨੂੰ ਕਿਸ ਚੀਜ਼ ਦੀ ਲੋੜ ਹੈ?"

ਵੇਸ਼ਿਆ ਬੋਲੀ, "ਆਪ ਦੀਆਂ ਮੈਨੂੰ ਅੱਖਾਂ ਬਹੁਤ ਪਿਆਰੀਆਂ ਲੱਗਦੀਆਂ ਹਨ। ਅਗਰ ਤੁਸੀਂ ਮੈਨੂੰ, ਆਪਣੀ ਅੱਖ ਦੀ ਪੁਤਲੀ ਦਿਓਗੇ ਤਾਂ ਤੁਹਾਨੂੰ ਅੱਗ ਜ਼ਰੂਰ ਮਿਲ ਜਾਏਗੀ।"

ਇਤਿਹਾਸ 'ਚ ਲਿਖਿਆ ਮਿਲਦਾ ਹੈ ਕਿ ਜਿਉਂ ਹੀ ਵੇਸ਼ਿਆ ਨੇ ਤੇਜ਼ ਚਾਕੂ ਚੁੱਕਿਆ ਤੇ ਫ਼ਰੀਦ ਜੀ ਦੀ ਅੱਖ 'ਤੇ ਲਾਇਆ ਹੀ ਸੀ ਤਾਂ ਵੇਸ਼ਿਆ ਨੂੰ ਅਚਾਨਕ ਬੜੀ ਜੋਰ ਦੀ ਧੱਕਾ ਲੱਗਾ ਤੇ ਉਹ ਪਿੱਛੇ ਡਿੱਗ ਪਈ, ਪਰ ਫ਼ਰੀਦ ਜੀ ਦੀ ਅੱਖ 'ਤੇ ਜ਼ਖਮ ਹੋ ਗਿਆ। ਵੇਸ਼ਵਾ ਨੇ ਫ਼ਰੀਦ ਜੀ ਦੀ ਅੱਖ 'ਤੇ ਪੱਟੀ ਬੰਨ੍ਹ ਦਿੱਤੀ ਤੇ ਫ਼ਰੀਦ ਜੀ ਨੂੰ ਅੱਗ ਦੇ ਦਿੱਤੀ ਤੇ ਉਹਨਾਂ ਤੋ. ਮੁਆਫੀ ਮੰਗਣ ਲੱਗ ਪਈ।

ਆਪਣੇ ਰੋਜ਼ ਦੇ ਨਿਯਮ ਅਨੁਸਾਰ ਫ਼ਰੀਦ ਜੀ ਨੇ ਅੱਗ ਜਲਾਈ, ਪਾਣੀ ਗਰਮ ਕੀਤਾ ਤੇ ਗੁਰੂ ਜੀ ਨੂੰ ਇਸ਼ਨਾਨ ਕਰਵਾਇਆ। ਗੁਰੂ ਜੀ ਨੇ ਪੁੱਛਿਆ ਕਿ, "ਅੱਖ ਤੇ ਪੱਟੀ ਕਿਉਂ ਬੰਨ੍ਹ ਰੱਖੀ ਹੈ?" ਫ਼ਰੀਦ ਜੀ ਹੱਥ ਜੋੜ ਕੇ ਗੁਰੂ ਜੀ ਅੱਗੇ ਖੜ੍ਹੇ ਰਹੇ। ਗੁਰੂ ਜੀ ਨੇ ਕਿਹਾ, "ਪੱਟੀ ਖੋਲ੍ਹ ਦਿਓ।" ਜਿਉਂ ਹੀ

**(ਬਾਕੀ ਅਗਲੇ ਸਫੇ 'ਤੇ)**

# ਪਹਿਲਾਂ ਤੋਲੋ, ਫੇਰ ਬੋਲੋ-ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਰੋਧੀ ਧਿਰਾਂ ਦੇ ਨੇਤਾਵਾਂ ਨੂੰ ਨਸੀਹਤ

**ਚੰਡੀਗੜ੍ਹ** – ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਵਿਰੋਧੀ ਪਾਰਟੀਆਂ ਦੇ ਆਗੂਆਂ 'ਤੇ ਵਰ੍ਹਦਿਆਂ ਉਨ੍ਹਾਂ ਨੂੰ 'ਆਪ' ਸਰਕਾਰ ਵੱਲੋਂ ਹਾਲ ਹੀ ਵਿਚ ਲਏ ਇਤਿਹਾਸਕ ਫੈਸਲਿਆਂ ਦੀ ਆਲੋਚਨਾ ਕਰਨ ਲਈ ਬੇਬੁਨਿਆਦ, ਤਰਕਹੀਣ, ਫਜ਼ੂਲ ਅਤੇ ਸਿਆਸਤ ਤੋਂ ਪ੍ਰੇਰਿਤ ਬਿਆਨਬਾਜ਼ੀ ਤੋਂ ਗੁਰੇਜ਼ ਕਰਨ ਲਈ ਕਿਹਾ। ਇੱਕ ਵੀਡੀਓ ਸੰਦੇਸ਼ ਵਿੱਚ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਿਹਤ ਅਤੇ ਸਿੱਖਿਆ ਦੇ ਖੇਤਰਾਂ ਨੂੰ ਦਿੱਲੀ ਮਾਡਲ 'ਤੇ ਮੁੜ ਸੁਰਜੀਤ ਕਰਨ ਲਈ ਉਨ੍ਹਾਂ ਦੀ ਸਰਕਾਰ ਦੀਆਂ ਹਾਲੀਆ ਪਹਿਲਕਦਮੀਆਂ ਵਿਰੁੱਧ ਭੰਡੀ ਪ੍ਰਚਾਰ ਕਰਨ ਲਈ ਫਟਕਾਰ ਲਾਈ। ਸੁਖਬੀਰ ਬਾਦਲ ਨੂੰ ਨਸੀਹਤ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ, "ਉਸਾਰੂ ਆਲੋਚਨਾ ਦਾ ਹਮੇਸ਼ਾ ਸਵਾਗਤ ਕੀਤਾ ਜਾਂਦਾ ਹੈ ਪਰ ਸਿਰਫ਼ ਆਲੋਚਨਾ ਅਤੇ ਸਿਆਸੀ ਹੋਂਦ ਬਚਾਉਣ ਲਈ ਆਲੋਚਨਾ ਕਰਨਾ ਬਹੁਤ ਹੀ ਨਿੰਦਣਯੋਗ ਹੈ।" ਅਕਾਲੀ ਦਲ ਦੀ ਦਿਨੋ-ਦਿਨ ਵਧ ਰਹੀ ਬੁਖਲਾਹਟ ਦਾ ਜ਼ਿਕਰ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਅਕਾਲੀ ਲੀਡਰਸ਼ਿਪ ਉਸਾਰੂ ਸਿਆਸੀ ਏਜੰਡੇ ਤੋਂ ਪੂਰੀ ਤਰ੍ਹਾਂ ਸੱਖਣੀ ਹੈ ਅਤੇ 'ਆਪ' ਦੇ ਅਕਸ ਨੂੰ ਢਾਹ ਲਾਉਣ 'ਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੇ ਆਮ ਆਦਮੀ ਪਾਰਟੀ ਨੂੰ ਵੱਡੇ ਬਹੁਮਤ ਨਾਲ ਸੱਤਾ 'ਚ ਲਿਆਂਦਾ ਗਿਆ ਸੀ ਜਦਕਿ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਦਾ ਹੀ ਸਫਾਇਆ ਹੋਇਆ ਸੀ।

ਭਗਵੰਤ ਮਾਨ ਨੇ ਅਫਸੋਸ ਜ਼ਾਹਰ ਕੀਤਾ ਕਿ ਅਕਾਲੀ ਦਲ, ਦਿੱਲੀ ਸਰਕਾਰ ਨਾਲ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ 'ਨਾਲੇਜ ਸ਼ੇਅਰਿੰਗ ਐਗਰੀਮੈਂਟ' (ਕੇਐਸਏ) ਨੂੰ ਲੈ ਕੇ ਬੇਲੋੜਾ ਰੌਲਾ-ਰੱਪਾ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ 44 ਸਾਲਾਂ ਤੱਕ ਪੰਜਾਬ 'ਤੇ ਰਾਜ ਕਰਨ ਵਾਲੀਆਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਲੋਕਾਂ ਦੀ ਭਲਾਈ ਅਤੇ ਸੂਬੇ ਦੀ ਖੁਸ਼ਹਾਲੀ ਲਈ ਕੋਈ ਠੋਸ ਕੰਮ ਕੀਤਾ ਹੁੰਦਾ ਤਾਂ ਉਨ੍ਹਾਂ ਨੂੰ ਇੰਨੀ ਵੱਡੀ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪੈਂਦਾ। ਭਗਵੰਤ ਮਾਨ ਨੇ ਕਿਹਾ ਕਿ ਸੁਖਬੀਰ ਬਾਦਲ ਨੂੰ ਘੱਟੋ ਘੱਟ ਕੁਝ ਸਮਾਂ ਸਬਰ ਕਰਨਾ ਚਾਹੀਦਾ ਹੈ ਕਿਉਂਕਿ 'ਆਪ' ਸਰਕਾਰ ਨੇ ਆਪਣੇ 44 ਦਿਨ ਵੀ ਪੂਰੇ ਨਹੀਂ ਕੀਤੇ ਹਨ ਜਦੋਂ ਕਿ ਕਾਂਗਰਸ 25 ਸਾਲ ਤੋਂ ਵੱਧ ਸਮਾਂ ਸੱਤਾ ਵਿੱਚ ਰਹੀ ਅਤੇ ਅਕਾਲੀ ਦਲ ਨੇ 19 ਸਾਲ ਰਾਜ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਬਾਦਲ ਨੂੰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਿੱਲੀ ਤੋਂ ਚਲਾਉਣ ਦੇ ਝੂਠੇ ਪ੍ਰਚਾਰ ਰਾਹੀਂ ਲੋਕਾਂ ਨੂੰ ਮੂਰਖ ਬਣਾਉਣ ਤੋਂ ਇਲਾਵਾ ਕੇ।ਐਸ।ਏ। ਬਾਰੇ ਝੂਠੇ ਦਸਤਾਵੇਜ਼ਾਂ ਦਾ ਹਵਾਲਾ ਦੇ ਕੇ ਲੋਕਾਂ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ।ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਬਾਦਲ ਝੋਨੇ ਦੀ ਪਰਾਲੀ ਤੋਂ ਬਿਜਲੀ ਦਾ ਉਤਪਾਦਨ ਕਰਨ ਲਈ ਸਹਿਯੋਗ ਵਾਸਤੇ ਚੀਨ ਗਏ ਸਨ ਅਤੇ ਉਨ੍ਹਾਂ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੇ ਕੈਨੇਡਾ ਦੇ ਓਨਟਾਰੀਓ ਸੂਬੇ ਨਾਲ ਵੱਖ-ਵੱਖ ਖੇਤਰਾਂ ਵਿੱਚ ਕਈ ਸਮਝੌਤੇ ਕੀਤੇ ਸਨ। ਉਨ੍ਹਾਂ ਨੇ ਸੁਖਬੀਰ ਨੂੰ ਸਵਾਲ ਕੀਤਾ ਕਿ ਕੀ ਉਨ੍ਹਾਂ ਦੀ ਸਰਕਾਰ ਚੀਨ ਸਰਕਾਰ ਦੁਆਰਾ ਚਲਾਈ ਜਾਂਦੀ ਹੈ ਜਾਂ ਓਨਟਾਰੀਓ ਸੂਬੇ ਦੀ ਸਰਕਾਰ ਵੱਲੋਂ। ਵਿਧਾਇਕ ਪ੍ਰਤਾਪ ਸਿੰਘ ਬਾਜਵਾ ਨੂੰ ਆੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਸਿਆਸੀ ਸ਼ਹਿ ਲਈ ਬੇਬੁਨਿਆਦ ਦੋਸ਼ ਲਾਉਣ ਤੋਂ ਗੁਰੇਜ਼ ਕਰਨ ਲਈ ਕਿਹਾ ਅਤੇ ਉਨ੍ਹਾਂ ਨੂੰ ਉਹ ਵੇਲਾ ਯਾਦ ਦਿਵਾਇਆ ਜਦੋਂ ਉਨ੍ਹਾਂ ਦੀ ਪਾਰਟੀ ਦੇ ਸਾਬਕਾ ਮੁੱਖ ਮੰਤਰੀ ਆਪਣੇ ਵਿਦੇਸ਼ੀ ਮਹਿਮਾਨ ਦੇ ਕਹਿਣ 'ਤੇ ਮੁੱਖ ਸਕੱਤਰ, ਡੀਜੀਪੀ ਵਰਗੇ ਸਿਖਰਲੇ ਅਧਿਕਾਰੀਆਂ ਅਤੇ ਉੱਚ ਅਧਿਕਾਰੀਆਂ ਦੀਆਂ ਤਾਇਨਾਤੀਆਂ ਅਤੇ ਤਬਾਦਲਿਆਂ ਦੇ ਹੁਕਮ ਦੇ ਰਹੇ ਸਨ। ਮੁੱਖ ਮੰਤਰੀ ਨੇ ਬਾਜਵਾ ਨੂੰ ਯਾਦ ਦਿਵਾਇਆ, "ਤੁਸੀਂ ਉਸ ਸਮੇਂ ਮੁੱਖ ਮੰਤਰੀ ਨੂੰ ਉਨ੍ਹਾਂ ਦੀ ਤਾਨਾਸ਼ਾਹੀ ਕਾਰਜਸ਼ੈਲੀ ਪ੍ਰਤੀ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਉਨ੍ਹਾਂ ਨੂੰ ਪੱਤਰ ਲਿਖ ਰਹੇ ਸੀ ਪਰ ਬਾਅਦ ਵਿਚ ਤਹਾਨੂੰ ਵੀ ਉਨ੍ਹਾਂ ਨਾਲ ਦੁਪਹਿਰ ਅਤੇ ਰਾਤ ਦਾ ਖਾਣਾ ਖਾਂਦੇ ਦੇਖਿਆ ਗਿਆ ਸੀ।" ਨਵਜੋਤ ਸਿੱਧੂ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਭ ਤੋਂ ਪਹਿਲਾਂ ਸਿੱਧੂ ਨੂੰ ਕਾਂਗਰਸ ਪਾਰਟੀ ਤੋਂ ਆਪਣੇ ਧੜੇ ਨੂੰ ਮਾਨਤਾ ਦਿਵਾਉਣੀ ਚਾਹੀਦੀ ਹੈ, ਜੋ ਕਿ ਰਾਜਪੁਰਾ ਵਿਖੇ ਬਿਜਲੀ ਸਮਝੌਤਿਆਂ ਦਾ ਵਿਰੋਧ ਕਰ ਰਹੀ ਸੀ ਅਤੇ ਇਸ ਲਈ 'ਆਪ' ਨੂੰ ਜ਼ਿੰਮੇਵਾਰ ਠਹਿਰਾ ਰਹੀ ਸੀ। ਸਿੱਧੂ ਦੇ ਆਪਮੁਹਾਰੇ ਕੰਮਕਾਜ 'ਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਵੀ ਉਨ੍ਹਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਕਾਂਗਰਸ ਪਾਰਟੀ ਦਾ ਧਰਨਾ ਹੀ ਨਹੀਂ ਸੀ।



ਮੁੱਖ ਮੰਤਰੀ ਨੇ ਸਿੱਧੂ ਨੂੰ ਕਿਹਾ, "ਤੁਸੀਂ ਬਿਜਲੀ ਮੰਤਰੀ ਵਜੋਂ ਅਹੁਦਾ ਕਿਉਂ ਨਹੀਂ ਸੰਭਾਲਿਆ ਜਦੋਂ ਕਿ ਤੁਸੀਂ ਇਹਨਾਂ ਬਿਜਲੀ ਸਮਝੌਤਿਆਂ ਨੂੰ ਆਸਾਨੀ ਨਾਲ ਰੱਦ ਕਰ ਸਕਦੇ ਸੀ।" ਹਾਲਾਂਕਿ, ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਛੇਤੀ ਹੀ ਪੰਜਾਬ ਵਿਧਾਨ ਸਭਾ ਵਿੱਚ ਇਨ੍ਹਾਂ ਸਮਝੌਤਿਆਂ ਨੂੰ ਰੱਦ ਕਰ ਦੇਵੇਗੀ ਪਰ ਬਦਕਿਸਮਤੀ ਨਾਲ ਤੁਸੀਂ ਇਸ ਇਤਿਹਾਸਕ ਫੈਸਲੇ ਦਾ ਗਵਾਹ ਬਣਨ ਲਈ ਸਦਨ ਵਿੱਚ ਮੌਜੂਦ ਨਹੀਂ ਹੋਵੋਗੇ। ਪੰਜਾਬ ਦੀ ਗੁਆਚੀ ਸ਼ਾਨ ਨੂੰ ਮੁੜ ਸੁਰਜੀਤ ਕਰਨ ਲਈ ਆਪਣੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦਿਆਂ ਭਗਵੰਤ ਮਾਨ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਪੰਜਾਬੀ ਹੋਣ ਦੇ ਨਾਤੇ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣਾ ਚਾਹੀਦਾ ਹੈ। ਭਗਵੰਤ ਮਾਨ ਨੇ ਕਿਹਾ, "ਆਪ ਸਰਕਾਰ ਪੰਜਾਬ ਦੇ ਸਰਬਪੱਖੀ ਵਿਕਾਸ ਅਤੇ ਇਸ ਦੇ ਵਸਨੀਕਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਦੇਸ਼ ਦੇ ਅੰ-ਦਰੋਂ ਹੀ ਨਹੀਂ ਸਗੋਂ ਵਿਸ਼ਵ ਭਰ ਦੇ ਕਿਸੇ ਵੀ ਸਾਰਥਕ ਵਿਕਾਸ ਮਾਡਲ ਨੂੰ ਲਾਗੂ ਕਰਨ ਦੀ ਪੂਰੀ ਕੋਸ਼ਿਸ਼ ਕਰੇਗੀ।"

# ਖੇਡਾਂ ਨੂੰ ਮੌਲਿਕ ਅਧਿਕਾਰ ਬਣਾਉਣ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਕੇਂਦਰ ਅਤੇ ਰਾਜਾਂ ਤੋਂ ਰਾਏ ਮੰਗੀ

**ਨਵੀਂ ਦਿੱਲੀ**– ਸੁਪਰੀਮ ਕੋਰਟ ਨੇ ਸਰੀਰਕ ਸਾਖਰਤਾ ਜਾਂ ਖੇਡਾਂ ਨੂੰ ਮੌਲਿਕ ਅਧਿਕਾਰ ਵਜੋਂ ਮਾਨਤਾ ਦੇਣ ਅਤੇ ਸਾਰੇ ਸਿੱਖਿਆ ਬੋਰਡਾਂ ਨੂੰ ਰੋਜ਼ਾਨਾ ਸਕੂਲ ਵਿੱਚ ਘੱਟੋ-ਘੱਟ 90 ਮਿੰਟ 'ਮੁਫ਼ਤ ਖੇਡਣ ਅਤੇ ਖੇਡਾਂ' ਨੂੰ ਸਮਰਪਿਤ ਕਰਨਾ ਯਕੀਨ ਬਣਾਉਣ ਲਈ ਕਹੇ ਜਾਣ ਦੇ ਸੁਝਾਅ 'ਤੇ ਕੇਂਦਰ ਅਤੇ ਰਾਜ ਸਰਕਾਰਾਂ ਤੋਂ ਰਾਏ ਮੰਗੀ ਹੈ। ਜਸਟਿਸ ਐਲ ਨਾਗੇਸ਼ਵਰ ਰਾਓ ਅਤੇ ਬੀਆਰ ਗਵਈ ਦੀ ਬੈਂਚ ਨੇ ਕਿਹਾ ਕਿ ਰਾਜਾਂ ਦੀ ਰਾਇ ਜ਼ਰੂਰੀ ਹੈ ਕਿਉਂਕਿ ਸਿਰਫ਼ ਫੈਸਲਾ ਸੁਣਾਉਣ ਨਾਲ ਉਦੇਸ਼ ਪੂਰਾ ਨਹੀਂ ਹੋਵੇਗਾ।

ਸਰੀਰਕ ਗਤੀਵਿਧੀਆਂ ਦੇ ਮਹੱਤਵ 'ਤੇ ਜ਼ੋਰ ਦਿੰਦਿਆਂ ਬੈਂਚ ਨੇ ਕਿਹਾ ਕਿ ਬੱਚਿਆਂ ਨੂੰ ਖੇਡਾਂ ਵਿਚ ਸ਼ਾਮਲ ਕਰਨਾ ਲਾਭਦਾਇਕ ਹੋਵੇਗਾ, ਨਹੀਂ ਤਾਂ ਉਹ ਸਕ੍ਰੀਨ 'ਤੇ ਜ਼ਿਆਦਾ ਸਮਾਂ ਬਿਤਾਉਣਗੇ। ਬੈਂਚ ਨੇ ਕਿਹਾ ਕਿ ਵਿਦਿਆਰਥੀਆਂ ਦੁਆਰਾ ਖੇਡਾਂ ਨੂੰ ਕਰੀਅਰ ਦੇ ਵਿਕਲਪ ਵਜੋਂ ਨਹੀਂ ਦੇਖਿਆ ਜਾਂਦਾ। ਜਸਟਿਸ ਰਾਓ ਨੇ ਕਿਹਾ, "ਬਹੁਤ ਸਾਰੇ ਵਿਦਿਆਰਥੀ 12ਵੀਂ ਜਮਾਤ ਤੱਕ ਵਧੀਆ ਪ੍ਰਦਰਸ਼ਨ ਕਰਦੇ ਹਨ ਅਤੇ ਉਸ ਤੋਂ ਬਾਅਦ ਉਹ ਇਸ ਨੂੰ ਭੁੱਲ ਜਾਂਦੇ ਹਨ। ਵੀਵੀਐਸ ਲਕਸ਼ਮਣ, ਜਿਸ ਦੇ ਮਾਪੇ ਡਾਕਟਰ ਸਨ ਨੇ ਕ੍ਰਿਕਟ ਨੂੰ ਆਪਣੇ ਕਰੀਅਰ ਵਜੋਂ ਚੁਣਿਆ ਅਤੇ ਅਜਿਹਾ ਘੱਟ ਹੀ ਹੁੰਦਾ ਹੈ।" ਬੈਂਚ ਨੇ ਕਿਹਾ, "ਬਹੁਤ ਘੱਟ ਲੋਕ ਅਜਿਹੀ ਚੋਣ ਕਰਦੇ ਹਨ ਸਾਨੂੰ ਅਜਿਹੇ ਲੋਕਾਂ ਨੂੰ ਉਭਾਰਨ ਦੀ ਲੋੜ ਹੈ।" ਇਸ ਤੋਂ ਪਹਿਲਾਂ ਮਾਰਚ ਵਿੱਚ, ਸੀਨੀਅਰ ਐਡਵੋਕੇਟ ਗੋਪਾਲ ਸ਼ੰਕਰਨਾ ਰਾਇਣਨ, ਜਿਸ ਨੂੰ ਖੇਡ ਖੋਜਕਰਤਾ ਕਨਿਸ਼ਕ ਪਾਂਡੇ ਦੁਆਰਾ ਦਾਇਰ ਇੱਕ ਜਨਹਿਤ ਪਟੀਸ਼ਨ ਵਿੱਚ ਅਦਾਲਤੀ ਮਿੱਤਰ(ਐਮੀਕਸ ਕਿਊਰੀ) ਵਜੋਂ ਨਿਯੁਕਤ ਕੀਤਾ ਗਿਆ ਸੀ, ਨੇ ਇੱਕ ਵਿਸਥਾਰਤ ਰਿਪੋਰਟ ਪੇਸ਼ ਕੀਤੀ ਸੀ ਜਿਸ ਵਿੱਚ ਸੁਝਾਅ ਦਿੱਤਾ ਗਿਆ ਸੀ ਕਿ ਸਰੀਰਕ ਸਾਖਰਤਾ ਨੂੰ ਬੁਨਿਆਦੀ ਅਧਿਕਾਰ ਵਜੋਂ ਮਾਨਤਾ ਦਿੱਤੀ ਜਾਵੇ। ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਸੀਬੀਐਸਈ ਅਤੇ ਆਈਸੀਐਸਈ ਸਮੇਤ ਸਾਰੇ ਸਿੱਖਿਆ ਬੋਰਡਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਜਾਣਾ ਚਾਹੀਦਾ ਹੈ ਕਿ ਉਹ ਹਰ ਸਕੂਲੀ ਦਿਨ ਦੇ ਘੱਟੋ-ਘੱਟ 90 ਮਿੰਟ "ਮੁਫ਼ਤ ਖੇਡਣ ਅਤੇ ਖੇਡਾਂ" ਨੂੰ ਸਮਰਪਿਤ ਕਰਨ।

# 'ਫ਼ਰੀਦ ਜੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪੱਥ-ਪ੍ਰਦਰਸ਼ਕ'

(ਸਫਾ 20 ਦੀ ਬਾਕੀ)

ਫ਼ਰੀਦ ਜੀ ਨੇ ਪੱਟੀ ਖੋਲ੍ਹੀ, ਅੱਖ 'ਤੇ ਜ਼ਖਮ ਨਹੀਂ ਸੀ। ਅੱਖ ਪਹਿਲਾਂ ਦੀ ਤਰ੍ਹਾਂ ਸਾਫ ਸੀ ਜਿਵੇਂ ਪਹਿਲਾਂ ਹੁੰਦੀ ਸੀ। ਗੁਰੂ ਜੀ ਨੇ ਕਿਹਾ, "ਤੇਰੀ ਸੇਵਾ ਪਰਵਾਨ ਹੋਈ ਤੇ ਤਪੱਸਿਆ ਵੀ ਪੂਰਨ ਹੋਈ। ਹੰਕਾਰ ਨਹੀਂ ਕਰਨਾ, ਨਿਮਰਤਾ ਅਪਣਾਉਣਾ ਤੇ ਖ਼ੁਦਾ ਨੂੰ ਹਮੇਸ਼ਾ ਯਾਦ ਰੱਖਣਾ। ਰਿਧੀਆਂ-ਸਿਧੀਆਂ ਸਦਾ ਆਪ ਦੇ ਅੰਗ-ਸੰਗ ਰਹਿਣਗੀਆਂ। ਆਪਣੇ ਘਰ ਜਾ ਕੇ ਖ਼ੁਦਾ ਦੀ ਮਹਿਮਾ ਗਾਓ।"

ਇਸ ਤਰ੍ਹਾਂ ਹਜ਼ਰਤ ਚਿਸ਼ਤੀ ਸਾਹਿਬ ਪ੍ਰਸੰਨ ਚਿੱਤ, ਫ਼ਰੀਦ ਜੀ ਨੂੰ ਵਰ ਦਿੰਦੇ ਹੋਏ ਤੇ ਫ਼ਰੀਦ ਜੀ ਨੇ ਆਪਣੇ ਗੁਰੂ ਜੀ ਦੇ ਚਰਨ ਪਕੜ ਲਏ ਤੇ ਗੁਰੂ ਜੀ ਦੀ ਮਹਿਮਾ ਸੁਣ ਕੇ ਨਿਹਾਲ ਹੋ ਗਏ।

ਇਸ ਉਪਰੰਤ ਫ਼ਰੀਦ ਜੀ ਪਾਕਪਟਨ ਆਪਣੇ ਘਰ ਪਰਤ ਆਏ ਤੇ ਇਸਲਾਮ ਧਰਮ ਦਾ ਪ੍ਰਚਾਰ ਕਰਨ ਲੱਗ ਪਏ। ਨੇਕੀ, ਸੱਚ ਤੇ ਪ੍ਰਾਰਥਨਾ ਦਾ ਪ੍ਰਕਾਸ਼ ਚਾਰ-ਚੁਫੇਰੇ ਫੈਲ ਗਿਆ ਤੇ ਉਨ੍ਹਾਂ ਦੀ ਗੱਦੀ ਦਾ ਜਸ ਦੂਰ-ਦੂਰ ਤੱਕ ਫੈਲਣ ਲੱਗ ਪਿਆ। ਸ਼ੇਖ ਫ਼ਰੀਦ ਜੀ ਨੇ ਪਾਕਪਟਨ ਨੂੰ ਸੂਫ਼ੀ ਮੱਤ ਦੇ ਵਿਚਾਰਾਂ ਦਾ ਇਕ ਮਹਾਨ ਤੀਰਥ ਸਥਾਨ ਬਣਾ ਦਿੱਤਾ। ਭਾਰਤ, ਮਿਡਲ ਈਸਟ ਤੇ ਸੰਸਾਰ ਦੇ ਕੋਨੇ-ਕੋਨੇ ਤੋਂ ਅੱਜ ਵੀ ਲੋਕ ਇਸ ਮੱਤ ਦੀ ਸਿੱਖਿਆ ਲੈਣ ਲਈ ਪਾਕਪਟਨ ਵਿਖੇ ਜਾਂਦੇ ਹਨ। ਇੱਥੋਂ ਦੇ ਰਹਿਬਰ, ਹਮੇਸ਼ਾ ਆਪਣੇ ਸੂਫ਼ੀ ਮੱਤ ਦੀ ਸਿੱਖਿਆ ਪੰਜਾਬੀ ਭਾਸ਼ਾ 'ਚ ਦਿੰਦੇ ਹਨ ਜਿਹੜੀ ਕਿ ਪੰਜਾਬ ਦੇ ਆਮ ਜਨਜੀਵਨ ਦੀ ਬੋਲੀ ਹੈ, ਭਾਵੇਂ ਕਿ ਇੱਥੇ ਦੂਸਰੇ ਦੇਸ਼ਾਂ ਤੋਂ ਆਉਣ ਵਾਲੇ ਲੋਕ ਅਰਬੀ ਤੇ ਫਾਰਸੀ ਭਾਸ਼ਾ ਦੇ ਗਿਆਤਾ ਵੀ ਕਿਉਂ ਨਾ ਹੋਣ। ਸੂਫ਼ੀ ਮੱਤ ਦੀਆਂ ਸਾਰੀਆਂ ਸਿੱਖਿਆਵਾਂ ਤੇ ਸ਼ਲੋਕ ਪੰਜਾਬੀ ਭਾਸ਼ਾ 'ਚ ਹੀ, ਫਾਰਸੀ ਲਿੱਪੀ 'ਚ ਲਿਖੇ ਹੁੰਦੇ ਹਨ। ਉਥੇ ਪੈਸੇ ਦੇ ਰੂਪ 'ਚ ਦਾਨ ਨਹੀਂ ਲਿਆ ਜਾਂਦਾ ਸਗੋਂ ਇਹ ਦਾਨ ਰਾਸ਼ਨ-ਪਾਣੀ ਦੇ ਰੂਪ 'ਚ ਹੀ ਲਿਆ ਜਾਂਦਾ ਹੈ। ਇਸ ਰਾਸ਼ਨ-ਪਾਣੀ ਨਾਲ ਲੰਗਰ ਤਿਆਰ ਕਰਕੇ ਆਈਆਂ-ਗਈਆਂ ਸੰਗਤਾਂ ਨੂੰ ਖੁਆਇਆ ਜਾਂਦਾ ਹੈ।

ਬਾਬਾ ਫ਼ਰੀਦ ਜੀ ਫਿਰ ਦਿੱਲੀ ਗਏ ਤੇ ਉਹਨਾਂ ਦਾ ਬਹੁਤ ਸਵਾਗਤ ਕੀਤਾ ਗਿਆ। ਬਾਦਸ਼ਾਹ ਨਾਸੀਰ-ਉੱਲ-ਦੀਨ ਬਲਬਨ ਨੇ ਬਾਬਾ ਫ਼ਰੀਦ ਜੀ ਦੀ ਆਪਣੇ ਪਰਿਵਾਰ ਨਾਲ ਜਾਣ-ਪਛਾਣ ਕਰਵਾਈ। ਬਾਬਾ ਫ਼ਰੀਦ ਜੀ ਦੀ, ਬਲਬਨ ਬਾਦਸ਼ਾਹ ਦੀ ਪੁੱਤਰੀ ਹਜ਼ਾਬਾਰਾ ਤੇ ਨਜ਼ਰ ਪਈ ਤਾਂ ਉਹਨਾਂ ਨੇ ਬਾਦਸ਼ਾਹ ਤੋਂ ਆਪਣੇ ਲਈ, ਉਨ੍ਹਾਂ ਦੀ ਲੜਕੀ ਦਾ ਰਿਸ਼ਤਾ ਮੰਗ ਲਿਆ। ਬਾਦਸ਼ਾਹ ਨੇ ਆਪਣੀ ਲੜਕੀ ਦੀ ਸ਼ਾਦੀ, ਬਾਬਾ ਫ਼ਰੀਦ ਜੀ ਨਾਲ ਕਰ ਦਿੱਤੀ। ਬਾਬਾ ਫ਼ਰੀਦ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਤੋਹਫਿਆਂ ਦੇ ਰੂਪ 'ਚ ਕੋਈ ਵੀ ਹੀਰੇ ਜਵਾਹਰਾਤ ਨਹੀਂ ਲੈਣਗੇ ਤੇ ਬਾਦਸ਼ਾਹ ਨੇ ਜੋ ਹੀਰੇ ਜਵਾਹਰਾਤ ਬਾਬਾ ਫ਼ਰੀਦ ਜੀ ਨੂੰ ਦਿੱਤੇ, ਉਹ ਸਾਰੇ ਉਹਨਾਂ ਨੇ ਗਰੀਬ ਲੋਕਾਂ ਤੇ ਫਕੀਰਾਂ 'ਚ ਵੰਡ ਦਿੱਤੇ।

ਇਕ ਵਾਰ ਸੱਤ ਸੌ ਦੇ ਕਰੀਬ ਪਵਿੱਤਰ ਧਾਰਮਿਕ ਸ਼ਖ਼ਸੀਅਤਾਂ ਇਕੱਠੀਆਂ ਬੈਠੀਆਂ ਸਨ ਤੇ ਇਕ ਪੜਚੋਲੀਏ ਨੇ ਬਾਬਾ ਫ਼ਰੀਦ ਜੀ ਨੂੰ ਚਾਰ ਪ੍ਰਸ਼ਨ ਕੀਤੇ ਤੇ ਉਨ੍ਹਾਂ ਦਾ ਉੱਤਰ ਵੀ ਮੰਗਿਆ। ਬਾਬਾ ਫ਼ਰੀਦ ਜੀ ਨੇ ਪ੍ਰਸ਼ਨਾਂ ਦਾ ਉੱਤਰ ਵਾਰੀ-ਵਾਰੀ ਕਰਕੇ ਇੰਝ ਦਿੱਤਾ :-

ਪ੍ਰਸ਼ਨ : ਮਨੁੱਖ ਦੀ ਸਿਆਣਪਤ ਕਿਸ ਗੱਲ 'ਚ ਹੈ?
ਉਤਰ : ਮਨੁੱਖ ਪਾਪਾਂ ਤੇ ਗੁਨਾਹਾਂ ਤੋਂ ਦੂਰ ਰਹੇ।
ਪ੍ਰਸ਼ਨ : ਸਭ ਤੋਂ ਲਿਆਕਤਵਾਨ ਕੌਣ ਹੁੰਦਾ ਹੈ?
ਉਤਰ: ਜਿਹੜਾ ਆਦਮੀ ਹਰ ਚੰਗਿਆਈ ਨੂੰ ਨਕਾਰਦਾ ਨਹੀਂ ਹੈ।
ਪ੍ਰਸ਼ਨ : ਸਭ ਤੋਂ ਵੱਧ ਸੁਤੰਤਰ ਵਿਅਕਤੀ ਕਿਹੜਾ ਹੁੰਦਾ ਹੈ?
ਉਤਰ : ਜਿਹੜਾ ਮਨੁੱਖ ਆਪਣੇ ਕੰਮ 'ਚ ਨਿਪੁੰਨ ਹੋਵੇ।
ਪ੍ਰਸ਼ਨ : ਸਭ ਤੋਂ ਵੱਧ ਜਰੂਰਤਮੰਦ ਕੌਣ ਹੁੰਦਾ ਹੈ?
ਉਤਰ : ਜਿਹੜਾ ਵਿਅਕਤੀ ਆਪਣੇ ਕੰਮ 'ਚ ਨਿਪੁੰਨ ਨਹੀਂ ਹੁੰਦਾ।

ਬਾਬਾ ਫ਼ਰੀਦ ਜੀ ਦੇ ਇਕ ਪੈਰੋਕਾਰ ਨੇ ਇਕ ਵਾਰ ਪੁੱਛਿਆ ਬਾਬਾ ਜੀ ਕੀ ਗਾਉਣਾ ਤੇ ਸੰਗੀਤ ਵਜਾਉਣਾ ਕਾਨੂੰਨੀ ਤੌਰ ਤੇ ਠੀਕ ਹੈ? ਬਾਬਾ ਫ਼ਰੀਦ ਜੀ ਨੇ ਉੱਤਰ ਦਿੱਤਾ ਕਿ ਇਸਲਾਮ ਧਰਮ ਦੇ ਮੁਤਾਬਕ ਇਹ ਯਕੀਨਨ ਗੈਰ ਕਾਨੂੰਨੀ ਹੈ ਪਰ ਇਸ ਦੀ ਉਚਿੱਤਤਾ ਅਜੇ ਇਕ ਬਹਿਸ ਦਾ ਵਿਸ਼ਾ ਹੈ। ਨਿਜ਼ਾਮ-ਉੱਲ-ਦਾਉਲੀਆ ਨੇ ਆਪਣੇ ਇਕ ਪੈਰੋਕਾਰ ਜਿਸ ਦਾ ਨਾਮ ਨਸੀਰ-ਉੱਲ-ਦੀਨ ਸੀ ਨੂੰ ਕਿਹਾ ਕਿ ਜਦ ਉਹ ਇਕ ਦਿਨ ਬਾਬਾ ਫ਼ਰੀਦ ਜੀ ਨੂੰ ਮਿਲਣ ਲਈ ਗਏ ਤਾਂ ਉਹ ਆਪਣੇ ਦਰਵਾਜੇ 'ਚ ਖੜ੍ਹੇ ਇਹ ਨਿਮਨ ਲਿਖਤ ਸ਼ਲੋਕ ਗਾ ਕੇ ਨੱਚ ਵੀ ਰਹੇ ਸਨ :

ਫ਼ਰੀਦਾ ਤਨ ਤਪੇ ਤਨੂੰਰ ਜਿਉ, ਬਾਲਣ ਹੱਡ ਬਲੰਨ ॥
ਪੈਰੀ ਥੱਕਾ ਸਿਰ ਜੁਲਾ, ਜੇਮੂੰ ਪਿਰੀ ਮਲੰਨ ॥

ਭਾਵ ਮੇਰਾ ਸਰੀਰ ਪਰਮਾਤਮਾ ਨੂੰ ਪਾਉਣ ਲਈ ਇਕ ਤੰਦੂਰ ਦੀ ਤਰ੍ਹਾਂ ਤਪ ਰਿਹਾ ਹੈ ਤੇ ਮੈਂ ਉਸ ਤੰਦੂਰ 'ਚ ਆਪਣੇ ਸਰੀਰ ਦੇ ਹੱਡਾਂ ਦਾ ਬਾਲਣ ਬਾਲ ਰਿਹਾ ਹਾਂ। ਜੇਕਰ ਉਹ ਪ੍ਰਮਾਤਮਾ ਮੈਨੂੰ ਇਸ ਤਰ੍ਹਾਂ ਕਰਨ ਨਾਲ ਨਹੀਂ ਮਿਲੇਗਾ ਤਾਂ ਉਸ ਦੇ ਦਰ 'ਤੇ ਪਹੁੰਚਣ ਲਈ, ਪੈਰਾਂ ਨਾਲ ਚੱਲਦਾ ਥੱਕ ਜਾਵਾਂ ਤਾਂ ਮੈਂ ਸਿਰ ਭਰਨੇ ਹੋ ਕੇ ਚੱਲਣ ਲਈ ਤਿਆਰ ਹਾਂ। ਮੈਨੂੰ ਪ੍ਰਮਾਤਮਾ ਨੂੰ ਪਾਉਣ ਲਈ ਹਰ ਵਿਧੀ ਮਨਜ਼ੂਰ ਹੈ।

ਬਾਬਾ ਫ਼ਰੀਦ ਜੀ ਨੇ ਮੋਹਕਲਪੁਰ ਸ਼ਹਿਰ ਦੀ ਯਾਤਰਾ ਵੀ ਕੀਤੀ। ਇਸ ਨੂੰ ਅੱਜਕੱਲ੍ਹ, ਫ਼ਰੀਦਕੋਟ ਕਹਿੰਦੇ ਹਨ। ਬਾਬਾ ਫ਼ਰੀਦ ਜੀ ਦੇ ਇਸ ਸ਼ਹਿਰ 'ਚ ਆਉਣ ਕਰਕੇ, ਬਾਅਦ 'ਚ ਉਨ੍ਹਾਂ ਦੀ ਯਾਦਗਾਰ ਵਜੋਂ, ਇਸ ਮੋਹਕਲਪੁਰ ਸ਼ਹਿਰ ਦਾ ਨਾਮ ਬਦਲ ਕੇ ਫ਼ਰੀਦਕੋਟ ਰੱਖ ਦਿੱਤਾ ਗਿਆ। ਇਹ ਸ਼ਹਿਰ ਭਾਰਤ ਦੇ ਪੰਜਾਬ ਪ੍ਰਾਂਤ 'ਚ ਸਥਿਤ ਹੈ। ਇੱਥੇ ਬਾਬਾ ਫ਼ਰੀਦ ਜੀ ਕੋਈ ਛੇ ਮਹੀਨੇ ਦੇ ਕਰੀਬ ਰੁਕੇ ਤੇ ਜਾਣ ਲੱਗੇ ਆਪਣੀ ਕੁਟੀਆ ਨੂੰ ਤਾਲੇ ਨਾਲ ਬੰਦ ਕਰ ਗਏ ਤੇ ਕਿਹਾ ਕਿ, "ਹੁਣ ਇਸ ਨੂੰ ਮੇਰਾ ਕੋਈ ਵੰਸ਼ਜ਼ ਹੀ ਆ ਕੇ ਖੋਲ੍ਹੇਗਾ।" ਇਸ ਤੋਂ ਬਾਅਦ ਉਹ ਪੰਜਾਬ ਦੇ ਪਹਾੜਾਂ 'ਚ ਦੀ ਹੁੰਦੇ ਹੋਏ ਪਾਕਪਟਨ ਪਹੁੰਚ ਗਏ। ਜਿਉਂ ਹੀ ਬਾਬਾ ਫ਼ਰੀਦ ਜੀ ਦਾ ਵੰਸ਼ਜ਼ ਦਿਵਾਨ ਤਾਜ਼-ਉੱਲ-ਦੀਨ ਆਪਣੀ ਮੱਕੇ-ਮਦੀਨੇ ਦੀ ਹੱਜ਼ ਯਾਤਰਾ ਪੂਰੀ ਕਰਕੇ ਵਾਪਿਸ ਆਇਆ ਤਾਂ ਉਸ ਤੋਂ ਬਾਅਦ ਉਹ ਪੰਜਾਬ ਦੇ ਇਸ ਫ਼ਰੀਦਕੋਟ ਸ਼ਹਿਰ 'ਚ ਆਇਆ ਤੇ ਉਸ ਨੇ ਲੋਕਾਂ ਤੋਂ ਬਾਬਾ ਫ਼ਰੀਦ ਜੀ ਦੇ ਵੰਸ਼ਜ਼ ਦਾ ਨਾਮ ਪੁੱਛਿਆ ਤੇ ਉਹਨਾਂ ਨੇ ਕਿਹਾ ਕਿ ਅਸੀਂ ਤਾਂ ਸਿਵਾਏ ਕੁਤਬ-ਉੱਲ-ਆਲਮ ਬਾਬਾ ਫ਼ਰੀਦ ਸ਼ਕਰਗੰਜ ਨੂੰ ਹੀ ਜਾਣਦੇ ਹਾਂ ਤੇ ਹੋਰ ਉਨ੍ਹਾਂ ਦੇ ਕਿਸੇ ਜਾਨਸ਼ੀਨ ਜਾਂ ਵੰਸ਼ਜ਼ ਨੂੰ ਨਹੀਂ ਜਾਣਦੇ। ਫਿਰ ਉਸ ਨੇ ਕਿਹਾ ਕਿ, "ਮੈਂ ਹੀ ਉਨ੍ਹਾਂ ਦਾ ਵੰਸ਼ਜ਼ ਹਾਂ", ਫਿਰ ਲੋਕਾਂ ਦੀ ਹਾਜ਼ਰੀ 'ਚ ਤਾਜ਼-ਉੱਲ-ਦੀਨ ਨੇ ਬਾਬਾ ਫ਼ਰੀਦ ਜੀ ਦੀ ਕੁਟੀਆ ਦਾ ਦਰਵਾਜ਼ਾ ਖੋਲ੍ਹਿਆ। ਇਹ ਹਕੀਕਤ ਬਾਬਾ ਫ਼ਰੀਦ ਜੀ ਦੇ ਜਾਣ ਤੋਂ ਕਈ ਸੌ ਸਾਲ ਬਾਅਦ ਦੀ ਹੈ। ਬਾਬਾ ਸ਼ੇਖ ਫ਼ਰੀਦ ਸ਼ਕਰਗੰਜ਼ ਜੀ ਦੀ ਯਾਦ 'ਚ ਇੱਥੇ ਹਰ ਸਾਲ ਤਿੰਨ ਦਿਨ ਲਈ 'ਬਾਬਾ ਫ਼ਰੀਦ ਜੀ ਦਾ ਮੇਲਾ' ਮਨਾਇਆ ਜਾਂਦਾ ਹੈ ਤੇ ਲੋਕ ਦੂਰੋਂ-ਦੂਰੋਂ ਇਸ 'ਚ ਸ਼ਾਮਲ ਹੋਣ ਲਈ ਆਉਂਦੇ ਹਨ।

ਬਾਬਾ ਫ਼ਰੀਦ ਜੀ ਦੀ ਮੌਤ 7 ਮਈ 1266 ਈਸਵੀ ਨੂੰ ਮੁਹੱਰਮ ਤੋਂ ਪੰਜਵੇਂ ਦਿਨ ਬਾਅਦ ਨਮੂਨੀਆ ਦੀ ਬਿਮਾਰੀ ਨਾਲ ਹੋਈ। ਬਾਬਾ ਜੀ ਦੀ ਪਾਕਪਟਨ ਵਿਖੇ ਯਾਦਗਾਰ ਉਨ੍ਹਾਂ ਦੇ ਜਾਨਸ਼ੀਨਾਂ ਨੇ ਕਾਫੀ ਸਮਾਂ ਲੰਘ ਜਾਣ ਬਾਅਦ ਬਣਾਈ। ਬਾਬਾ ਫ਼ਰੀਦ ਜੀ ਇਕ ਵਿਲੱਖਣ ਸ਼ਖ਼ਸੀਅਤ ਦੇ ਬੜੇ ਪਹੁੰਚੇ ਹੋਏ ਸੂਫ਼ੀ ਸੰਤ ਸਨ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ 'ਚਿਸ਼ਤੀ' ਕਿਹਾ ਜਾਂਦਾ ਹੈ।

ਬਾਬਾ ਫ਼ਰੀਦ ਜੀ ਦਾ ਦਾਹ ਸੰਸਕਾਰ ਪਾਕਪਟਨ ਦੇ ਬਾਹਰ-ਬਾਰ ਸ਼ਹਿਰ ਤੋਂ ਥੋੜ੍ਹੀ ਦੂਰ ਕੀਤਾ ਗਿਆ। ਇਸ ਜਗ੍ਹਾ ਨੂੰ "ਸ਼ਹੀਦ ਗਾਹ" ਕਹਿੰਦੇ ਹਨ। ਉਹਨਾਂ ਦੀਆਂ ਸੂਫ਼ੀ ਮੱਤ ਦੀਆਂ ਸਿੱਖਿਆਵਾਂ ਨੂੰ ਉਨ੍ਹਾਂ ਦੇ ਜਾਨਸ਼ੀਨਾਂ ਤੇ ਪੈਰੋਕਾਰਾਂ ਨੇ ਅੱਜ ਵੀ ਜੀਵੰਤ ਰੱਖਿਆ ਹੋਇਆ ਹੈ ਤੇ ਸੰਸਾਰ ਭਰ ਤੋਂ ਲੋਕ, ਇੱਥੇ ਸਜਦਾ ਕਰਨ ਲਈ ਤੇ ਸੂਫ਼ੀ ਮੱਤ ਦੀਆਂ ਸਿੱਖਿਆਵਾਂ ਲੈਣ ਲਈ ਆਉਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ, ਸਤਿਗੁਰੂ ਕਬੀਰ ਦਾਸ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਸੈਨ ਜੀ ਤੇ ਹੋਰ ਭਗਤੀ ਲਹਿਰ ਦੇ ਅਨੇਕਾਂ ਰਹਿਬਰਾਂ ਨੇ ਬਾਬਾ ਫ਼ਰੀਦ ਜੀ ਦੀਆਂ ਸਿੱਖਿਆਵਾਂ ਤੋਂ ਪ੍ਰਭਾਵ ਗ੍ਰਹਿਣ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਯਾਤਰਾਵਾਂ ਦੇ ਦੌਰਾਨ ਪਾਕਪਟਨ ਵਿਖੇ ਗਏ ਤੇ ਉਹ ਬਾਬਾ ਸ਼ੇਖ਼ ਫ਼ਰੀਦ ਸ਼ਕਰਗੰਜ ਜੀ ਦੀ ਗੱਦੀ ਦੇ ਛੇਵੇਂ ਜਾਨਸ਼ੀਨ ਸ਼ੇਖ਼ ਫ਼ਰੀਦ ਜੀ ਸਾਨੀ ਜਾਂ ਸ਼ੇਖ਼ ਫ਼ਰੀਦ ਜੀ ਦੂਜੇ, ਨੂੰ ਮਿਲੇ ਤੇ ਉਹਨਾਂ ਤੋਂ, ਆਪਣੇ ਨਾਲ ਬਾਬਾ ਸ਼ੇਖ਼ ਫ਼ਰੀਦ ਜੀ ਦੀ ਬਾਣੀ ਵੀ ਨਾਲ ਲਿਆਏ। ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਕੀਤਾ ਹੈ। ਗੁਰੂ ਗ੍ਰੰਥ ਸਾਹਿਬ 'ਚ ਸ਼ੇਖ਼ ਫ਼ਰੀਦ ਜੀ ਦੇ 112 ਸ਼ਲੋਕ ਦਰਜ ਹਨ ਤੇ ਇਸ ਦੇ ਨਾਲ 20 ਸ਼ਲੋਕ ਉਹ ਵੀ ਦਰਜ ਕੀਤੇ ਗਏ ਹਨ, ਜਿਹੜੇ ਗੁਰੂ ਸਾਹਿਬ ਨੇ ਸ਼ੇਖ਼ ਫ਼ਰੀਦ ਜੀ ਦੇ ਸਲੋਕਾਂ ਦੀ ਟਿੱਪਣੀ ਵਜੋਂ ਲਿਖੇ ਹਨ, ਜਿੱਥੇ ਉਹਨਾਂ ਦੇ ਵਿਚਾਰ, ਬਾਬਾ ਸ਼ੇਖ਼ ਫ਼ਰੀਦ ਜੀ ਨਾਲ ਨਹੀਂ ਮਿਲਦੇ ਸਨ।

ਉਥੇ ਉਹਨਾਂ ਨੇ ਨਾਲ ਇਹ ਸ਼ਲੋਕ ਵੀ ਲਿਖ ਦਿੱਤੇ ਤਾਂ ਜੋ ਫ਼ਰੀਦ ਜੀ ਤੇ ਗੁਰੂ ਸਾਹਿਬਾਨ ਦੇ ਸ਼ਲੋਕਾਂ ਦਾ ਵਿਚਾਰਧਾਰਕ ਫਰਕ ਪਤਾ ਲੱਗ ਸਕੇ। ਸ਼ੇਖ਼ ਫ਼ਰੀਦ ਜੀ ਦੀ ਬਾਣੀ 'ਚ ਨਿਰਾਸ਼ਾਵਾਦ ਜ਼ਿਆਦਾ ਭਾਰੂ ਹੈ ਪਰ ਵਿਚ-ਵਿਚ ਆਸ਼ਾਵਾਦ ਵੀ ਆਪਣੇ ਝਲਕਾਰੇ ਮਾਰਦਾ ਹੈ।

ਬਾਬਾ ਸ਼ੇਖ ਫ਼ਰੀਦ ਸ਼ਕਰਗੰਜ ਜੀ ਨੂੰ ਸਹੀ ਮਾਅਨਿਆਂ 'ਚ ਪੰਜਾਬੀ ਸਾਹਿਤ ਤੇ ਭਾਸ਼ਾ ਦੇ ਆਰੰਭਕ ਦੌਰ ਦੇ ਨਿਰਮਾਤਾ ਕਿਹਾ ਜਾ ਸਕਦਾ ਹੈ। ਉਹਨਾਂ ਦੀ ਸਾਹਿਤ ਰਚਨਾ ਨੇ ਹਿੰਦੀ ਤੇ ਉਰਦੂ ਭਾਸ਼ਾਵਾਂ 'ਤੇ ਵੀ ਆਪਣੇ ਸਮਿਆਂ 'ਚ ਗਹਿਰਾ ਪ੍ਰਭਾਵ ਛੱਡਿਆ। ਉਨ੍ਹਾਂ ਦੀ ਰਚਨਾ, ਭਾਵ ਬਾਣੀ ਬੜੀ ਸਰਲ, ਸਪਸ਼ਟ ਤੇ ਆਮ ਲੋਕਾਂ ਦੀ ਬੋਲੀ 'ਚ ਹੈ। ਉਹਨਾਂ ਤੋਂ ਕਾਫੀ ਸਮਾਂ ਬਾਅਦ ਦੇ ਪ੍ਰਸਿੱਧ ਕਵੀਆਂ ਨੇ ਜਿਨ੍ਹਾਂ 'ਚ ਸਤਿਗੁਰੂ ਕਬੀਰ ਦਾਸ ਜੀ, ਤੁਲਸੀ ਦਾਸ ਜੀ ਤੇ ਮੀਰਾਂ ਬਾਈ ਜੀ ਨੇ ਵੀ ਆਪਣੀਆਂ ਕਵਿਤਾਵਾਂ ਆਮ ਲੋਕਾਂ ਦੀ ਬੋਲੀ 'ਚ ਬੜੇ ਸਰਲ ਤੇ ਸਪਸ਼ਟ ਸ਼ਬਦਾਂ 'ਚ ਲਿਖਣ ਦੀ ਪਿਰਤ ਪਾਈ। ਇਹ ਗੱਲ ਕਹਿਣ 'ਚ ਕੋਈ ਅੱਤਕਥਨੀ ਨਹੀਂ ਹੋਵੇਗੀ ਕਿ ਬਾਬਾ ਸ਼ੇਖ਼ ਫ਼ਰੀਦ ਸ਼ਕਰਗੰਜ ਜੀ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਸਲੀ ਪੱਥ-ਪ੍ਰਦਰਸ਼ਕ ਹਨ।

# ਪੁਰਾਤਨ ਵਿਰਸੇ ਨੂੰ ਸੰਭਾਲੀ ਬੈਠਾ ਨੌਜਵਾਨ 'ਬਲਵਿੰਦਰ ਸਿੰਘ'

ਕੋਈ ਜ਼ਮਾਨਾਂ ਸੀ ਜਦੋਂ ਖੁਸ਼ੀ ਦਾ ਕੋਈ ਵੀ ਮੌਕਾ ਤਵਿਆਂ ਵਾਲੇ ਵਾਜੇ ਤੋਂ ਬਿਨਾਂ ਅਧੂਰਾ ਹੀ ਮੰਨਿਆ ਜਾਂਦਾ ਸੀ। ਉਨ੍ਹਾਂ ਵੇਲਿਆਂ ਵਿੱਚ ਬਹੁਤੀਆਂ ਸਹੂਲਤਾਂ ਤਾਂ ਨਹੀਂ ਸਨ ਪਰ ਚਾਅ ਬਹੁਤੇ ਸਨ, ਜਿਨ੍ਹਾਂ ਨੂੰ ਪੂਰੇ ਕਰਨ ਲਈ ਘਰ 'ਚ ਤਵਿਆ ਵਾਲਾ ਵਾਜਾ ਕਈ ਕਈ ਦਿਨ ਪਹਿਲਾਂ ਹੀ ਲੱਗ ਜਾਂਦਾ ਸੀ। ਗਰਾਮੋਫੋਨ 'ਤੇ ਰਿਕਾਰਡ ਕਈ ਕਈ ਦਿਨ ਘਰ ਦੇ ਵਿਹੜੇ ਵਿੱਚ ਅਤੇ ਸਪੀਕਰ ਵੀ ਕਈ ਕਈ ਦਿਨ ਘਰ ਦੀ ਛੱਤ 'ਤੇ ਵੱਜਦਾ ਰਹਿੰਦਾ ਸੀ। ਕੋਠੇ ਦੀ ਛੱਤ ਉੱਤੇ ਦੋ ਮੰਜੇ ਖੜੇ ਕਰਕੇ ਇੱਕ ਤਰ੍ਹਾਂ ਦੀ ਝੋਪੜੀ ਜਿਹੀ ਬਣਾ ਲਈ ਜਾਂਦੀ ਅਤੇ ਉਸ ਉੱਤੇ ਜੁੰਟ ਵਾਲਾ ਸਪੀਕਰ ਟੰਗ ਦਿੱਤਾ ਜਾਂਦਾ ਸੀ ਜੋ ਕਈ ਕਈ ਦਿਨ ਘਰ ਵਿਚਲੇ ਜਸ਼ਨਾਂ ਨੂੰ ਆਂਢ-ਗੁਆਂਢ ਦੇ ਲੋਕਾਂ ਨਾਲ ਸਾਂਝਾ ਕਰਦਾ ਰਹਿੰਦਾ। ਇਨ੍ਹਾਂ ਸਮਿਆਂ ਵਿਚ ਜੰਨਾਂ ਜਾਣ ਵੇਲੇ ਰਸਤੇ ਵਿਚ ਵੀ ਸਪੀਕਰ ਚਲਾਇਆ ਜਾਂਦਾ ਸੀ ਤੇ ਜਿਸ ਪਿੰਡ ਜੰਨ ਨੇ ਜਾਣਾ ਹੁੰਦਾ ਉੱਥੇ ਵੀ ਸਪੀਕਰ ਚਲਾਇਆ ਜਾਂਦਾ ਸੀ। ਜੰਨ ਉਤਾਰੇ ਵਾਲੀ ਧਰਮਸ਼ਾਲਾ 'ਤੇ ਸਪੀਕਰ ਫਿੱਟ ਕੀਤਾ ਜਾਂਦਾ ਸੀ ਤੇ ਸਪੀਕਰ ਦਾ ਮੂੰਹ ਵਿਆਹ ਵਾਲਿਆਂ ਦੇ ਘਰ ਵੱਲ ਰੱਖਿਆ ਜਾਂਦਾ ਸੀ। ਸਭ ਤੋਂ ਪਹਿਲਾਂ ਲਾਲ ਚੰਦ ਯਮਲਾ ਜੱਟ ਦਾ ਧਾਰਮਿਕ ਗੀਤ 'ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਐ, ਨੀਝਾਂ ਲਾ ਲਾ ਵੇਂਹਦੀ ਦੁਨੀਆਂ ਸਾਰੀ ਐ' ਲੱਗਦਾ। ਉਸਤੋਂ ਬਾਅਦ ਸਪੀਕਰ ਵਾਲਾ ਬਾਈ ਹੋਰ ਤਵੇ ਲਾਉਂਦਾ, ਜਿਨ੍ਹਾਂ 'ਚ ਪਾਲੀ ਪਾਣੀ ਖੂਹ ਤੋਂ ਭਰੇ, ਲੈ ਜਾ ਛੱਲੀਆਂ ਭੁੰਨਾਂ ਲਈ ਦਾਣੇ, ਟਾਂਗਾ ਚੱਲਿਆ ਏ ਸ਼ਹਿਰ ਕੁਰਾਲੀ, ਮੱਛਰਦਾਨੀ ਲੈ ਦੇ ਵੇ, ਮਿੱਤਰਾਂ ਦੀ ਲੂਣ ਦੀ ਡਲੀ, ਸੋਨੇ ਦੇ ਤਵੀਤ ਵਾਲਿਆ, ਮੇਰੀ ਡਿੱਗ ਪਈ ਚਰੀ ਦੇ ਵਿਚ ਗਾਨੀ, ਕੱਢਦੀ ਰੁਮਾਲ ਉੱਤੇ ਬਾਰਾਂ ਬੂਟੀਆਂ, ਕੁੜਤੀ ਮਲਮਲ ਦੀ ਆਦਿ ਅਜਿਹੇ ਗੀਤ ਸੁਣਾਏ ਜਾਂਦੇ। ਜਿਸ ਸਪੀਕਰ



ਵਾਲੇ ਬਾਈ ਨੂੰ ਵਿਆਹ ਦੀਆਂ ਰਸਮਾਂ ਮੁਤਾਬਿਕ ਗੀਤ ਲਗਾਉਣ ਦਾ ਗਿਆਨ ਸੀ, ਉਸ ਦਾ ਵਿਆਹ ਵਾਲੇ ਘਰ ਬਹੁਤ ਸਤਿਕਾਰ ਕੀਤਾ ਜਾਂਦਾ ਸੀ। ਇਸ ਅਲੋਪ ਹੋ ਰਹੇ ਵਿਰਸੇ ਨੂੰ ਅੱਜ ਵੀ ਸਭਾਲੀ ਬੈਠਾ ਹੈ, ਜਿਲ੍ਹਾ ਫਿਰੋਜਪੁਰ ਦੀ ਤਹਿਸੀਲ ਗੁਰੂ ਹਰ ਸਹਾਏ ਦੇ ਪਿੰਡ ਲਾਲਚੀਆਂ ਦਾ ਬਲਵਿੰਦਰ ਸਿੰਘ। ਸਰਦਾਰ ਬੱਘਾ ਸਿੰਘ ਦਾ ਲਾਡਲਾ ਤੇ 30 ਬਸੰਤਾਂ ਦੇਖ ਚੁੱਕਿਆ ਇਹ ਨੌਜਵਾਨ ਜਦੋਂ ਕਿਸੇ ਦੇ ਘਰ ਖੁਸ਼ੀ ਦੇ ਮੌਕੇ 'ਤੇ ਤਵਿਆਂ ਵਾਲੀ ਗ੍ਰਾਮੋਫੋਨ ਮਸ਼ੀਨ 'ਤੇ ਤਵਾ ਲਗਾਉਂਦਾ ਹੈ ਤਾਂ ਵਿਆਹ ਵਾਲੇ ਘਰ ਵਿਚ ਇਕ ਵੱਖਰਾ ਮਾਹੌਲ ਸਿਰਜ ਦਿੰਦਾ ਏ ਤੇ ਸਾਰੇ ਪਿੰਡ ਦਾ ਵੀ ਮੰਨੋਰੰਜਨ ਕਰਦਾ ਹੈ। ਬੀ ਐਡ ਪਾਸ ਇਹ ਨੌਜਵਾਨ ਇਸ ਅਨਮੋਲ ਖਜ਼ਾਨੇ ਨੂੰ ਜਿੱਥੇ ਲੋਕਾਂ ਦੇ ਮੰਨੋਰੰਜਨ ਲਈ ਲੈ ਕੇ ਜਾਂਦਾ ਹੈ ਉਥੇ ਸਾਲਾਂ ਪੁਰਾਣੇ ਗਾਣਿਆਂ ਨੂੰ ਗ੍ਰਾਮੋਫੋਨ ਮਸ਼ੀਨ 'ਤੇ ਚਲਾ ਕੇ ਪੁਰਾਣੇ ਜ਼ਮਾਨੇ ਦੀਆਂ ਯਾਦਾਂ ਨੂੰ ਤਰੋ-ਤਾਜਾ ਵੀ ਕਰਦਾ ਏ। ਬਲਵਿੰਦਰ ਸਿੰਘ ਵੱਲੋਂ ਸਾਂਭੇ ਅਨਮੋਲ ਵਿਰਾਸਤੀ ਖਜ਼ਾਨੇ ਵਿਚ ਸੁਰਿੰਦਰ ਛਿੰਦਾ, ਗੁਲਸ਼ਨ ਕੋਮਲ, ਅਮਰ ਸਿੰਘ ਚਮਕੀਲਾ, ਅਮਰਜੋਤ, ਕੇ ਦੀਪ, ਜਗਮੋਹਣ ਕੌਰ, ਕੁਲਦੀਪ ਮਾਣਕ, ਰਾਜਿੰਦਰ ਰਾਜਨ, ਕਰਮਜੀਤ ਧੂਰੀ, ਗੁਰਪਾਲ ਸਿੰਘ ਪਾਲ, ਹਜ਼ਾਰਾ ਸਿੰਘ ਰਮਤਾ, ਨਰਿੰਦਰ ਬੀਬਾ, ਲਤਾ ਮੰਗੇਸਕਰ, ਸ਼ੀਤਲ ਸਿੰਘ ਸ਼ੀਤਲ, ਫਕੀਰ ਸਿੰਘ ਫਕੀਰ, ਦੀਦਾਰ ਸੰਧੂ, ਸਨੇਹਲਤਾ, ਅਮਰ ਸਿੰਘ ਸ਼ੌਕੀ ਆਦਿ ਗਾਇਕ-ਗਾਇਕਾਵਾਂ ਦੇ ਪੱਥਰ ਅਤੇ ਲਾਖ ਤੋਂ ਬਣੇ ਸ਼ੈਕੜੇ ਰਿਕਾਰਡ ਸਾਂਭੇ ਪਏ ਹਨ।



ਤਸਵਿੰਦਰ ਸਿੰਘ ਬੜੈਚ
91-98763-22677

ਇਨ੍ਹਾਂ ਰਿਕਾਰਡਾਂ ਨੂੰ ਸੁਣਨ ਵਾਸਤੇ ਉਸ ਕੋਲ ਗਰਾਮੋਫੋਨਾਂ ਦੇ ਵੱਖ-ਵੱਖ ਮਾਡਲ ਵੀ ਸਾਂਭੇ ਹੋਏ ਹਨ, ਜੋ ਸਾਰੇ ਚਾਲੂ ਹਾਲਤ ਵਿਚ ਹਨ।

ਜਿਥੇ ਅੱਜਕਲ੍ਹ ਦੀ ਬਹੁਤੀ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਨਾਲੋਂ ਦੂਰ ਹੁੰਦੀ ਜਾ ਰਹੀ ਹੈ, ਉਥੇ ਇਹ ਨੌਜਵਾਨ ਪੁਰਾਤਨ ਸੰਗੀਤ ਇਸ ਵਿਰਾਸਤ ਨੂੰ ਅੱਜ ਵੀ ਸੰਭਾਲੀ ਬੈਠਾ ਹੈ। ਪ੍ਰਮਾਤਮਾ ਇਸ ਨੌਜਵਾਨ ਨੂੰ ਲੰਮੀਆਂ ਉਮਰਾਂ ਬਖਸ਼ੇ।

# ਨਿਊਜ਼ੀਲੈਂਡ ਦੇ ਗੋਲਡਨ ਬਾਬੇ ਆਸਟਰੇਲੀਆ 'ਚ, 5 ਸੋਨੇ ਦੇ 8 ਚਾਂਦੀ ਦੇ 3 ਕਾਂਸੀ ਦੇ ਤਮਗੇ ਜਿੱਤੇ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਆਸਟਰੇਲੀਆ ਦੇ ਸ਼ਹਿਰ ਪਰਥ ਵਿਖੇ 18ਵੀਂਆਂ ਮਾਸਟਰਜ਼ ਗੇਮਜ਼ ਦਾ ਆਯੋਜਨ 23 ਅਪ੍ਰੈਲ ਤੋਂ 30 ਅਪ੍ਰੈਲ ਤੱਕ ਕੀਤਾ ਜਾ ਰਿਹਾ ਹੈ। ਨਿਊਜ਼ੀਲੈਂਡ ਵਸਦੇ ਸਮੁੱਚੇ ਭਾਰਤੀ ਭਾਈਚਾਰੇ ਨੂੰ ਖੁਸ਼ੀ ਹੋਵੇਗੀ ਕਿ ਸ ਜਗਜੀਤ ਸਿੰਘ ਕਥੂਰੀਆਂ ਉਮਰ 84 ਸਾਲ, ਜਿਹੜੇ ਪਹਿਲਾਂ ਵੀ ਮਾਸਟਰ ਗੇਮਾਂ ਦੇ ਵਿਚ ਭਾਗ ਲੈ ਕੇ ਸੋਨੇ, ਚਾਂਦੀ ਅਤੇ ਕਾਂਸੀ ਦੇ ਤਮਗੇ ਜਿੱਤਦੇ ਰਹੇ ਹਨ, ਨੇ ਇਸ ਵਾਰ ਫਿਰ ਆਸਟਰੇਲੀਆ ਜਾ ਮਾਸਟਰ ਗੇਮਾਂ ਦੇ ਵਿਚ ਭਾਗ ਲੈ ਕੇ ਆਪਣੇ ਆਪ ਨੂੰ ਗੋਲਡਨ ਬਾਬਾ ਸਾਬਿਤ ਕਰ ਦਿੱਤਾ ਹੈ ਅਤੇ ਆਪਣੇ ਨਿੱਜੀ ਸ਼ੌਕ ਦੇ ਨਾਲ ਨਿਊਜ਼ੀਲੈਂਡ ਵਸਦੀ ਭਾਰਤੀ ਕਮਿਊਨਿਟੀ ਦਾ ਮਾਣ ਵਧਾਇਆ ਹੈ। ਮਾਸਟਰ ਖੇਡਾਂ ਦੇ ਵਿਚ ਭਾਗ ਲੈਣ ਦਾ ਸਫ਼ਰ ਉਨ੍ਹਾਂ 2019 ਦੇ ਵਿਚ ਸ਼ੁਰੂ ਕੀਤਾ ਸੀ ਅਤੇ ਇਸ ਵਾਰ ਉਹ ਦੂਜੀ ਵਾਰ ਅੰਤਰਰਾਸ਼ਟਰੀ ਪੱਧਰ ਉਤੇ ਆਸਟਰੇਲੀਆ ਗਏ ਹਨ। ਇਸ ਵਾਰ ਉਨ੍ਹਾਂ ਨੇ 13 ਐਥਲੈਟਿਕਸ ਖੇਡਾਂ ਦੇ ਵਿਚ ਭਾਗ ਲਿਆ ਅਤੇ 12 ਦੇ ਵਿਚ ਇਨਾਮ ਹਾਸਿਲ ਕਰ ਲਿਆ।

ਆਹ ਪੜ੍ਹੋ ਗੋਲਡਨ ਬਾਬਾ ਜੀ ਦਾ ਮੈਡਲ ਚਾਰਟ

1) 1500 ਪੈਦਲ ਦੌੜ (1500m Race Walk) (ਉਮਰ 80-84): ਇਸ ਦੌੜ ਦੇ ਵਿਚ ਉਨ੍ਹਾਂ ਸੋਨੇ ਦਾ ਤਮਗਾ ਹਾਸਿਲ ਕੀਤਾ।

2) ਜੈਵਲਿਨ ਥ੍ਰੋਅ (Javeiln "hrow) (ਉਮਰ 80-84): ਇਸ ਥ੍ਰੋਅ ਦੇ ਵਿਚ ਉਨ੍ਹਾਂ ਦੂਜਾ ਸੋਨੇ ਦਾ ਤਮਗਾ ਹਾਸਿਲ ਕੀਤਾ।

3) ਹੈਮਰ ਥ੍ਰੋਅ (Hammer "hrow) (ਉਮਰ 80-84): ਇਸ ਥ੍ਰੋਅ ਦੇ ਵਿਚ ਉਨ੍ਹਾਂ ਤੀਜਾ ਸੋਨੇ ਦਾ ਤਮਗਾ ਹਾਸਿਲ ਕੀਤਾ।



4) ਸ਼ਾਟ ਪੁੱਟ (Shot put) (ਉਮਰ 80-84): ਇਸ ਦੇ ਵਿਚ ਉਨ੍ਹਾਂ ਚੌਥਾ ਸੋਨੇ ਦਾ ਤਮਗਾ ਹਾਸਿਲ ਕੀਤਾ।

5) ਥ੍ਰੋਅ ਪੈਨਟਾਥਲੋਨ (Throws pentathlon) (ਉਮਰ 80-84): 1435 ਨੰਬਰ ਲੈ ਕੇ ਇਸ ਦੇ ਵਿਚ ਉਨ੍ਹਾਂ ਪੰਜਵਾਂ ਸੋਨੇ ਦਾ ਤਮਗਾ ਹਾਸਿਲ ਕੀਤਾ।

6) ਲੰਬੀ ਛਾਲ (Long jump) (ਉਮਰ 80-84): ਇਸ ਦੇ ਵਿਚ ਉਨ੍ਹਾਂ ਪਹਿਲਾ ਚਾਂਦੀ ਦਾ ਤਮਗਾ ਹਾਸਿਲ ਕੀਤਾ।

7) ਤੀਹਰੀ ਛਾਲ (Tirple jump) (ਉਮਰ 80-84): ਇਸ ਦੇ ਵਿਚ ਉਨ੍ਹਾਂ ਦੂਜਾ ਚਾਂਦੀ ਦਾ ਤਮਗਾ ਹਾਸਿਲ ਕੀਤਾ।

8) ਡਿਸਕਸ ਥ੍ਰੋਅ (Discus throw) (ਉਮਰ 80-84): ਇਸ ਦੇ ਵਿਚ ਉਨ੍ਹਾਂ ਤੀਜਾ ਚਾਂਦੀ ਦਾ ਤਮਗਾ ਹਾਸਿਲ ਕੀਤਾ।

9) ਵੇਟ ਥ੍ਰੋਅ (Wieght throw) (ਉਮਰ 80-84): ਇਸ ਦੇ ਵਿਚ ਉਨ੍ਹਾਂ ਚੌਥਾ ਚਾਂਦੀ ਦਾ ਤਮਗਾ ਹਾਸਿਲ ਕੀਤਾ।

10) 200 ਮੀਟਰ ਦੌੜ (200 m race) (ਉਮਰ 80-84): ਇਸ ਦੌੜ ਦੇ ਵਿਚ ਉਨ੍ਹਾਂ ਪੰਜਵਾਂ ਚਾਂਦੀ ਦਾ ਤਮਗਾ ਹਾਸਿਲ ਕੀਤਾ।

11) 60 ਮੀਟਰ ਦੌੜ (60 m race) (ਉਮਰ 80-84): ਇਸ ਦੌੜ ਦੇ ਵਿਚ ਉਨ੍ਹਾਂ ਪਹਿਲਾ ਕਾਂਸੀ ਦਾ ਤਮਗਾ ਹਾਸਿਲ ਕੀਤਾ।

12) 100 ਮੀਟਰ ਦੌੜ (100 m race) (ਉਮਰ 80-84): ਇਸ ਦੌੜ ਦੇ ਵਿਚ ਵੀ ਉਨ੍ਹਾਂ ਦੂਜਾ ਕਾਂਸੀ ਦਾ ਤਮਗਾ ਹਾਸਿਲ ਕੀਤਾ।

3000 ਮੀਟਰ ਪੈਦਲ ਦੌੜ (ਉਮਰ 80-84): ਇਸ ਦੌੜ ਦੇ ਵਿਚ ਉਹ ਸਿਰਫ 10 ਮਿੰਟ ਲੇਟ ਹੋਣ ਕਾਰਨ ਭਾਗ ਨਹੀਂ ਲੈਣ ਦਿੱਤਾ ਗਿਆ ਅਤੇ ਉਨ੍ਹਾਂ ਦੇ ਮੁਕਾਬਲੇ ਵਿਚ ਕੋਈ ਹੋਰ ਹੈ ਵੀ ਨਹੀਂ ਸੀ।

*****

# ਸੜਕਾਂ 'ਤੇ ਦੌੜਦੀ ਮੌਤ, ਪੰਜਾਬ ਸਰਕਾਰ ਬੇ-ਖ਼ਬਰ

**ਅੰਮ੍ਰਿਤਸਰ-** ਅੰਮ੍ਰਿਤਸਰ ਵਿਕਾਸ ਮੰਚ ਨੇ ਟਰੈਕਟਰ ਟਰਾਲੀਆਂ ਦੀ ਵਪਾਰਕ ਕੰਮਾਂ ਲਈ ਰੋਕ ਲਾਉਣ ਤੇ ਟਰੱਕਾਂ ਦੁਆਰਾ ਸੁਆਰੀਆਂ ਢੋਣ 'ਤੇ ਸਖ਼ਤੀ ਨਾਲ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ।ਮੰਚ ਦੇ ਸਰਪ੍ਰਸਤ ਡਾ। ਚਰਨਜੀਤ ਸਿੰਘ ਗੁਮਟਾਲਾ ਨੇ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਤੇ ਟਰਾਂਸਪੋਰਟ ਮੰਤਰੀ ਸ। ਲਾਲਜੀਤ ਸਿੰਘ ਭੁੱਲਰ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਨਵੰਬਰ 2000 ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਡਵੀਜ਼ਨ ਬੈਂਚ ਦੇ ਜਸਟਿਸ ਆਰ ਐਸ ਮੋਂਗੀਆ ਅਤੇ ਜਸਟਿਸ ਕੇ ਸੀ ਗੁਪਤਾ ਨੇ ਮਾਜਦਾ ਮਿੰਨੀ ਟਰੱਕ ਅਪਰੇਟਰਜ਼ ਸੁਸਾਇਟੀ ਦੀ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਕਿਹਾ ਸੀ ਕਿ ਉਹ ਆਸ ਕਰਦੇ ਹਨ ਕਿ ਕਾਨੂੰਨ ਦੀ ਉਲੰਘਣਾ ਕਰਕੇ ਵਪਾਰਕ ਕੰਮਾਂ ਲਈ ਟਰੈਕਟਰ ਟਰਾਲੀਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਸੰਬੰਧਿਤ ਅਧਿਕਾਰੀ ਬਣਦੀ ਕਾਰਵਾਈ ਕਰਨਗੇ। ਉਨ੍ਹਾਂ ਇਹ ਵੀ ਕਿਹਾ ਸੀ ਸੰਬੰਧਿਤ ਅਧਿਕਾਰੀ ਹਰ ਮਹੀਨੇ ਇਸ ਦੀ ਪੜਤਾਲ ਵੀ ਕਰਦੇ ਰਹਿਣਗੇ।

ਇਸ ਫ਼ੈਸਲੇ ਨੂੰ 21 ਸਾਲ ਤੋਂ ਵੱਧ ਹੋ ਗਏ ਪਰ ਅਜੇ ਤੀਕ ਕਿਸੇ ਵੀ ਸਰਕਾਰ ਨੇ ਇਸ ਨੂੰ ਲਾਗੂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।ਉਨ੍ਹਾਂ ਦੀ ਦੁਰਵਰਤੋਂ ਨਾਲ ਜਿੱਥੇ ਰੋਜ਼ਾਨਾ ਬੇਦੋਸ਼ਿਆਂ ਦੀਆਂ ਜਾਨਾਂ ਜਾ ਰਹੀਆਂ ਹਨ, ਉੱਥੇ ਟਰੱਕਾਂ ਵਾਲਿਆਂ ਦਾ ਕੰਮ ਵੀ ਪ੍ਰਭਾਵਿਤ ਹੋ ਰਿਹਾ ਹੈ। ਸਰਕਾਰੀ ਖਜ਼ਾਨੇ ਨੂੰ ਵੀ ਚੂਨਾ ਲੱਗ ਰਿਹਾ ਹੈ। ਟਰੱਕਾਂ ਵਾਲੇ ਸਰਕਾਰ ਨੂੰ ਟੈਕਸ ਦੇਂਦੇ ਹਨ ਪਰ ਟਰੈਕਟਰ ਟਰਾਲੀਆਂ ਵਾਲੇ ਕੋਈ ਟੈਕਸ ਨਹੀਂ ਦੇਂਦੇ। ਕੰਡਮ ਟਰੈਕਟਰ ਟਰਾਲੀਆਂ ਨੂੰ ਅਣਜਾਣ ਬੰਦੇ ਜਿਨ੍ਹਾਂ ਕੋਲ ਕੋਈ ਡਰਾਈਵਿੰਗ ਲਾਇਸੈਂਸ ਨਹੀਂ ਇੱਟਾਂ ਢੋਣ, ਰੇਤ ਬੱਜਰੀ, ਸੀਮੈਂਟ ਤੇ ਹੋਰ ਵਪਾਰਕ ਢੋਆ ਢੁਆਈ ਦਾ ਕੰਮ ਕਰ



ਰਹੇ ਹਨ ਜੋ ਟਰੱਕਾਂ ਨੂੰ ਕਰਨਾ ਚਾਹੀਦਾ। ਰੋਜ਼ਾਨਾ ਸਾਰੇ ਭਾਰਤ ਵਿੱਚ ਇਨ੍ਹਾਂ ਦੀਆਂ ਦੁਰਘਟਨਾਵਾਂ ਦੀਆਂ ਖ਼ਬਰਾਂ ਆ ਰਹੀਆਂ ਹਨ, ਜਿਨ੍ਹਾਂ ਦਾ ਪੰਜਾਬ ਸਰਕਾਰ ਸਮੇਤ ਕੋਈ ਵੀ ਪ੍ਰਾਂਤਕ ਸਰਕਾਰ ਨੋਟਿਸ ਨਹੀਂ ਲੈ ਰਹੀ।ਕਿਸੇ ਵੀ ਮੁਲਕ ਵਿਚ ਤੁਸੀਂ ਸੜਕ ਉਪਰ ਟਰੈਕਟਰ ਨਹੀਂ ਵੇਖੋਗੇ ਕਿਉਂਕਿ ਇਹ ਬਣੇ ਹੀ ਖੇਤਾਂ ਲਈ ਹਨ।ਇਸ ਲਈ ਇਨ੍ਹਾਂ ਨੂੰ ਸੜਕਾਂ 'ਤੇ ਲਿਆਉਣ ਦੀ ਮਨਾਹੀ ਹੋਣੀ ਚਾਹੀਦੀ। ਕਿਸਾਨਾਂ ਲਈ ਸਰਕਾਰ ਕੋਈ ਬਦਲਵਾਂ ਪ੍ਰਬੰਧ ਕਰੇ ਤਾਂ ਜੋ ਕਿਸਾਨ ਆਪਣੀਆਂ ਫਸਲਾਂ ਮੰਡੀਆਂ ਵਿਚ ਲਿਆ ਸਕਣ।

ਇਸ ਸੰਬੰਧੀ ਮੈਂ 22 ਮਈ 2015 ਨੂੰ ਉਸ ਸਮੇਂ ਦੇ ਉਪ-ਮੁੱਖ ਮੰਤਰੀ ਸ। ਸੁਖਬੀਰ ਸਿੰਘ ਬਾਦਲ ਨੂੰ ਇੱਕ ਈ-ਮੇਲ ਭੇਜਕੇ ਗ਼ੈਰ-ਕਾਨੂੰਨੀ ਚੱਲਦੇ ਟਰੈਕਟਰ-ਟਰਾਲੀਆਂ ਨੂੰ ਰੋਕਣ ਦੀ ਮੰਗ ਕੀਤੀ ਸੀ ਪਰ ਉਨ੍ਹਾਂ ਨੇ ਇਨ੍ਹਾਂ ਨੂੰ ਕੀ ਰੋਕਣਾ ਸੀ ਸਗੋਂ ਇਸ ਦਾ ਉਤਰ ਦੇਣ ਦੀ ਲੋੜ ਨਹੀਂ ਸਮਝੀ।

ਏਸੇ ਤਰ੍ਹਾਂ ਟਰੱਕਾਂ ਵਾਲੇ ਸੁਆਰੀਆਂ ਢੋਣ ਦਾ ਕੰਮ ਕਰ ਰਹੇ ਹਨ ਜੋ ਕਿ ਗ਼ੈਰ-ਕਾਨੂੰਨੀ ਹੈ। ਹੋਲਾ ਮਹੱਲਾ, ਵੈਸਾਖੀ, ਦੀਵਾਲੀ ਆਦਿ ਤਿਉਹਾਰਾਂ ਸਮੇਂ ਜਿੱਥੇ ਟਰੈਕਟਰ ਟਰਾਲੀਆਂ ਭਰ ਕੇ ਲੋਕ ਯਾਤਰਾ ਕਰਦੇ ਹਨ, ਉੱਥੇ ਟਰੱਕਾਂ ਵਾਲੇ ਟਰੱਕ ਅੰਦਰ ਛੱਤ ਪਾ ਕੇ ਇਸ ਨੂੰ ਡਬਲ ਡੈਕਰ ਬਣਾ ਕੇ 100-100 ਸਵਾਰੀਆਂ ਲੱਦ ਲੈਂਦੇ ਹਨ। ਇਹ ਵੀ ਵੇਖਣ ਆਇਆ ਹੈ ਕਿ ਪੁਲਿਸ ਵਾਲੇ ਇਨ੍ਹਾਂ ਨੂੰ ਰੋਕਣ ਦੀ ਥਾਂ 'ਤੇ ਖ਼ੁਦ ਇਨ੍ਹਾਂ ਟਰੱਕਾਂ ਅੰਦਰ ਸੁਆਰੀਆਂ ਚੜ੍ਹਾਉਂਦੇ ਹਨ।



ਡਾ ਚਰਨਜੀਤ ਸਿੰਘ ਗੁਮਟਾਲਾ
91 94175-33060

ਕਈ ਟਰੱਕ ਹਾਦਸਾ ਗ੍ਰਸਤ ਹੋ ਜਾਂਦੇ । ਜਿਸ ਨਾਲ ਕਈ ਮੌਤਾਂ ਹੋ ਜਾਂਦੀਆਂ ਹਨ।ਕਈ ਸਾਲ ਪਹਿਲਾਂ ਅੰਮ੍ਰਿਤਸਰ ਤੋਂ ਇਕ ਟਰੱਕ ਹੇਮਕੁੰਟ ਸਾਹਿਬ ਗਿਆ ਸੀ, ਜੋ ਮੋੜ ਕਟਣ ਸਮੇਂ ਹਾਦਸਾ ਗਰਸਤ ਹੋ ਗਿਆ ਜਿਸ ਵਿਚ 106 ਸਵਾਰੀਆ ਸਨ । ਇਸ ਹਾਦਸੇ ਵਿਚ 6 ਸਵਾਰੀਆਂ ਮਾਰੀਆਂ ਗਈਆਂ। ਦਰਿਆ ਕੰਢੇ ਦਰਖ਼ਤ ਸੀ ਜਿਸ ਨਾਲ ਟਰਕ ਅਟਕ ਗਿਆਂ ਜੇ ਇਹ ਦਰਖ਼ਤ ਨਾ ਹੁੰਦਾ ਤਾਂ ਟਰੱਕ ਨੇ ਦਰਿਆ ਵਿਚ ਡਿੱਗ ਜਾਣਾ ਸੀ ਤੇ ਸਾਰੀਆਂ ਸਵਾਰੀਆਂ ਮਾਰੀਆਂ ਜਾਣੀਆਂ ਸਨ।

ਇਸ ਲਈ ਲੋੜ ਹੈ ਕਿ ਸੜਕੀ ਦੁਰਘਟਨਾਵਾਂ ਦੀ ਘੋਖ ਪੜਤਾਲ ਕੀਤੀ ਜਾਵੇ ਤੇ ਇਨ੍ਹਾਂ ਨੂੰ ਰੋਕਣ ਲਈ ਸਾਰਥਕ ਕਦਮ ਚੁੱਕੇ ਜਾਣ। ਆਮ ਪਾਰਟੀ ਵਿਚ ਸ੍ਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਵਰਗੇ ਸੂਝਵਾਨ ਸਾਬਕਾ ਪੁਲੀਸ ਅਫ਼ਸਰ ਹਨ, ਜਿਨ੍ਹਾਂ ਦੀ ਅਗਵਾਈ ਵਿਚ ਕਮੇਟੀ ਬਣਾ ਕੇ ਦੁਰਘਟਨਾਵਾਂ ਨੂੰ ਰੋਕਣ ਲਈ ਲੋੜੀਂਦੇ ਕਦਮ ਚੁੱਕੇ ਜਾ ਸਕਦੇ ਹਨ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਗੁਰਪੁਰਬ ਤੇ ਪ੍ਰਧਾਨ ਮੰਤਰੀ ਦੁਆਰਾ ਡਾਕ ਟਿਕਟ ਜਾਰੀ ਕਰਨ ਦਾ ਭਾਜਪਾ ਨੇ ਕੀਤਾ ਸਵਾਗਤ













**ਅੰਮ੍ਰਿਤਸਰ–** ਆਗਾਮੀ ਨਗਰ ਨਿਗਮ ਚੋਣਾਂ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਰਾਜੇਸ਼ ਬਾਘਾ ਦੁਆਰਾ ਭਾਜਪਾ ਅੰਮ੍ਰਿਤਸਰ ਦਿਹਾਤੀ ਅਤੇ ਅੰਮ੍ਰਿਤਸਰ ਮਜੀਠਾ ਦੇ ਅਹੁਦੇਦਾਰਾਂ ਨਾਲ ਸੰਗਠਨਾਤਮਕ ਬੈਠਕਾਂ ਕੀਤੀਆਂ ਗਈਆਂ।

ਅੰਮ੍ਰਿਤਸਰ ਦਿਹਾਤੀ ਦੀ ਬੈਠਕ ਜ਼ਿਲਾ ਭਾਜਪਾ ਦਫਤਰ ਸ਼ਹੀਦ ਹਰਬੰਸ ਲਾਲ ਖੰਨਾ ਸਮਾਰਕ ਵਿਖੇ ਹੋਈ, ਜਿਸਦੀ ਪ੍ਰਧਾਨਗੀ ਦਿਹਾਤੀ ਪ੍ਰਧਾਨ ਹਰਦਿਆਲ ਸਿੰਘ ਔਲਖ ਨੇ ਕੀਤੀ ਅਤੇ ਦੂਜੀ ਬੈਠਕ ਭਾਜਪਾ ਮਜੀਠਾ ਦੇ ਪ੍ਰਧਾਨ ਸਤਿੰਦਰ ਸਿੰਘ ਮਾਕੋਵਾਲ ਦੀ ਪ੍ਰਧਾਨਗੀ ਵਿਚ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਦੇ ਨਿਵਾਸ ਸਥਾਨ ਬਾਬਾ ਬਕਾਲਾ ਵਿਖੇ ਹੋਈ। ਇਸ ਮੌਕੇ ’ਤੇ ਸੂਬਾ ਮੀਡੀਆ ਸਕੱਤਰ ਜਨਾਰਦਨ ਸ਼ਰਮਾ ਵੀ ਹਾਜ਼ਰ ਸਨ। ਰਾਜੇਸ਼ ਬਾਘਾ ਨੇ ਇਸ ਮੌਕੇ ਤੇ ਜਿੱਥੇ ਸਾਰੇ ਵਰਕਰਾਂ ਨੂੰ ਆਗਾਮੀ ਨਿਗਮ ਚੋਣਾਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਦੀ ਤਿਆਰੀ ਕਰਨ ਅਤੇ ਹੁਣੇ ਤੋਂ ਮੈਦਾਨ ਵਿਚ ਡਟਣ ਦਾ ਸੱਦਾ ਦਿੱਤਾ, ਉਥੇ ਕਿਹਾ ਕਿ ਇਯ ਵਾਰ ਭਾਜਪਾ ਦੁਆਰਾ ਉਮੀਦਵਾਰ ਚੋਣ ਮੈਦਾਨ ਵਿਚ ਉਤਾਰਨ ਦਾ ਟੀਚਾ ਰੱਖਿਆ ਗਿਆ ਹੈ। ਉਹਨਾਂ ਕਿਹਾ ਕਿ ਜੋ ਔਰਤ ਉਮੀਦਵਾਰ ਸਰਗਰਮ ਹਨ ਅਤੇ ਚੋਣ ਲੜਨ ਦੀਆਂ ਚਾਹਵਾਨ ਹੋਣਗੀਆਂ, ਉਹਨਾਂ ਨੂੰ ਭਾਰਤੀ ਜਨਤਾ ਪਾਰਟ. ਦੁਆਰਾ ਉਹਨਾਂ ਦੇ ਇਲਾਕੇ ਤੋਂ ਫੀਡਬੈਕ ਪ੍ਰਾਪਤ ਕਰਨ ਬਾਅਦ ਚੋਣ ਮੈਦਾਨ ਵਿਚ ਉਤਾਰਿਆ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਲੋਕਾਂ ਨੂੰ ਝੂਠੇ ਵਾਅਦੇ ਅਤੇ ਧੋਖਾ ਦੇ ਕੇ ਸੱਦਾ ਵਿਚ ਆਈ ਹੈ। ਸਰਕਾਰ ਲੋਕਾਂ ਨੂੰ ਮੂਰਖ ਬਣਾ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਜਨਤਾ ਇਹਨਾਂ ਨੂੰ ਸਬਕ ਸਿਖਾਵੇਗੀ।

ਰਾਜੇਸ਼ ਬਾਘਾ ਨੇ ਹਿੰਦ ਦੀ ਚਾਦਰ ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਗੁਰਪੁਰਬ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਸਰਕਾਰ ਦੁਆਰਾ ਕੌਮੀ ਪੱਧਰ ਤੇ ਪੂਰਨ ਸ਼ਰਧਾ ਨਾਲ ਮਨਾਏ ਜਾਣ ਦਾ ਸਵਾਗਤ ਕੀਤਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ਤੇ ਡਾਕ ਟਿਕਟ ਜਾਰੀ ਕਰਨ ਦਾ ਸਵਾਗਤ ਕੀਤਾ। ਇਸ ਮੌਕੇ ਜ਼ਿਲ੍ਹਾ ਉਪ ਪ੍ਰਧਾਨ ਬਲਕਾਰ ਸਿੰਘ, ਮੰਡਲ ਪ੍ਰਧਾਨ ਮੋਹਿੰਦਰ ਸਿੰਘ, ਗੁਰਪ੍ਰੀਤ ਸਿੰਘ, ਗੁਰਪਾਲ ਸਿੰਘ ਸੰਧੂ ਆਦਿ ਹਾਜ਼ਰ ਸਨ।

# ਮਿਆਂਮਾਰ ਦੀ ਅਦਾਲਤ ਨੇ ਭ੍ਰਿਸ਼ਟਾਚਾਰ ਮਾਮਲੇ ‘ਚ ਦੋਸ਼ੀ ਆਂਗ ਸਾਨ ਸੂ ਕੀ ਨੂੰ ਸੁਣਾਈ ਪੰਜ ਸਾਲ ਦੀ ਸਜ਼ਾ

**ਬਰਮਾ –** ਮਿਆਂਮਾਰ ਦੀ ਇੱਕ ਅਦਾਲਤ ਨੇ ਆਂਗ ਸਾਨ ਸੂ ਕੀ ਨੂੰ ਭ੍ਰਿਸ਼ਟਾਚਾਰ ਦੇ ਇੱਕ ਮਾਮਲੇ ‘ਚ ਸਜ਼ਾ ਸੁਣਾਈ ਹੈ। ਅਦਾਲਤ ਨੇ ਇਸ ਮਾਮਲੇ ‘ਚ ਆਂਗ ਸਾਨ ਸੂ ਕੀ ਨੂੰ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਨੇ ਉਸ ਨੂੰ ਪੰਜ ਸਾਲ ਦੀ ਸਜ਼ਾ ਸੁਣਾਈ ਹੈ। ਉਸ ਦੇ ਮੁਕੱਦਮੇ ਦੀ ਜਾਣਕਾਰੀ ਵਾਲੇ ਇੱਕ ਸੂਤਰ ਨੇ ਦੱਸਿਆ ਕਿ ਆਂਗ ਸਾਨ ਸੂ ਕੀ ਨੂੰ ਫਰਵਰੀ 2021 ‘ਚ ਫੌਜ ਨੇ ਗ੍ਰਿਫਤਾਰ ਕੀਤਾ ਸੀ। ਉਸ ‘ਤੇ ਦੋਸ਼ ਲੱਗੇ ਸਨ ਕਿ ਉਸ ਨੇ ਦੇਸ਼ ‘ਚ ਹੋਈਆਂ ਚੋਣਾਂ ‘ਚ ਭਾਰੀ ਗੜਬੜ ਕਰ ਕੇ ਜਿੱਤ ਹਾਸਲ ਕੀਤੀ ਸੀ।

ਦਰਅਸਲ, 76 ਸਾਲਾ ਆਂਗ ਸਾਨ ਸੂ ਕੀ ‘ਤੇ ਕਈ ਮਾਮਲੇ ਚੱਲ ਰਹੇ ਹਨ। ਨਜ਼ਰਬੰਦੀ ਦੌਰਾਨ ਆਂਗ ਸਾਨ ਸੂ ਕੀ ‘ਤੇ ਕਈ ਦੋਸ਼ ਲਾਏ ਗਏ ਸਨ। ਜਿਸ ‘ਚ ਉਨ੍ਹਾਂ ਦੀ ਪਾਰਟੀ ਵੱਲੋਂ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਭੇਜੇ ਗਏ ਪੱਤਰ ‘ਚ ਫੌਜੀ ਸਰਕਾਰ ਨੂੰ ਮਾਨਤਾ ਨਾ ਦੇਣ ਲਈ ਦਬਾਅ ਬਣਾਉਣ ਦਾ ਦੋਸ਼ ਲਾਇਆ ਗਿਆ ਸੀ।



ਆਂਗ ਸਾਨ ਸੂ ਕੀ ਨੂੰ ਜਨਵਰੀ 2022 ‘ਚ ਵਾਕੀ-ਟਾਕੀਜ਼ ਨੂੰ ਗੈਰ-ਕਾਨੂੰਨੀ ਤੌਰ ‘ਤੇ ਦਰਾਮਦ ਕਰਨ ਤੇ ਰੱਖਣ ਤੇ ਕੋਰੋਨਾ ਪਾਬੰਦੀਆਂ ਦੀ ਉਲੰਘਣਾ ਕਰਨ ਲਈ ਚਾਰ ਸਾਲ ਦੀ ਸਜ਼ਾ ਸੁਣਾਈ ਗਈ ਸੀ। ਇਸ ਤੋਂ ਇਲਾਵਾ, ਆਂਗ ਸਾਨ ਸੂ ਕੀ ‘ਤੇ ਯੰਗੋਨ ਦੇ ਸਾਬਕਾ ਮੁੱਖ ਮੰਤਰੀ ਫਿਓ ਮਿਨ ਥੀਨ ਤੋਂ 11।4 ਕਿਲੋ ਸੋਨਾ ਅਤੇ ਕੁੱਲ $600,000 ਨਕਦ ਭੁਗਤਾਨ ਸਵੀਕਾਰ ਕਰਨ ਦਾ ਦੋਸ਼ ਹੈ। ਜਿਸ ‘ਚ ਉਨ੍ਹਾਂ ਨੂੰ ਸਜ਼ਾ ਸੁਣਾਈ ਗਈ ਹੈ। ਫਿਲਹਾਲ ਆਂਗ ਸਾਨ ਸੂ ਕੀ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਘੱਟੋ-ਘੱਟ 10 ਹੋਰ ਮਾਮਲੇ ਪੈਂਡਿੰਗ ਹਨ, ਜਿਨ੍ਹਾਂ ‘ਚੋਂ ਹਰੇਕ ਨੂੰ ਵੱਧ ਤੋਂ ਵੱਧ 15 ਸਾਲ ਦੀ ਸਜ਼ਾ ਹੋ ਸਕਦੀ ਹੈ।

ਦੱਸ ਦਈਏ ਕਿ ਮਿਆਂਮਾਰ ‘ਚ ਬੇਦਖਲ ਨੇਤਾ ਆਂਗ ਸਾਨ ਸੂ ਕੀ ਦੇ ਖਿਲਾਫ਼ ਚੋਣ ਧੋਖਾਧੜੀ ਮਾਮਲੇ ‘ਚ ਸੁਣਵਾਈ 14 ਫਰਵਰੀ ਤੋਂ ਸ਼ੁਰੂ ਹੋਵੇਗੀ। ਇੱਕ ਫੌਜੀ ਤਖਤਾਪਲਟ ਤੋਂ ਬਾਅਦ, ਫਰਵਰੀ 2021 ਵਿੱਚ, ਫੌਜ ਨੇ ਆਂਗ ਸਾਨ ਸੂ ਕੀ ਨੂੰ ਦੇਸ਼ ਦੀਆਂ ਚੋਣਾਂ ‘ਚ ਧਾਂਦਲੀ ਦੇ ਦੋਸ਼ ‘ਚ ਗ੍ਰਿਫਤਾਰ ਕਰ ਲਿਆ। ਉਸ ਨੂੰ ਕਈ ਮਾਮਲਿਆਂ ‘ਚ ਸਜ਼ਾ ਹੋਈ ਹੈ। ਇਸ ਦੇ ਨਾਲ ਹੀ ਮਿਆਂਮਾਰ ‘ਚ ਤਾਨਾਸ਼ਾਹੀ ਦਾ ਵਿਰੋਧ ਕਰਨ ‘ਤੇ 1500 ਨਾਗਰਿਕ ਮਾਰੇ ਜਾ ਚੁੱਕੇ ਹਨ। ਆਂਗ ਸਾਨ ਸੂ ਕੀ ‘ਤੇ ਅਜੇ ਵੀ ਦਰਜਨਾਂ ਮਾਮਲੇ ਪੈਂਡਿੰਗ ਹਨ ਅਤੇ ਜੇਕਰ ਦੋਸ਼ ਸਿੱਧ ਹੋ ਜਾਂਦਾ ਹੈ ਤਾਂ ਉਨ੍ਹਾਂ ਨੂੰ ਸੌ ਸਾਲ ਤੋਂ ਵੱਧ ਦੀ ਕੈਦ ਕੱਟਣੀ ਪਵੇਗੀ।

# 03 ਮਈ 2022, ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼

**(ਸਫਾ 6 ਦੀ ਬਾਕੀ)**

ਸ਼ਿਕਾਇਤਾਂ ਰੱਦ ਹੋ ਗਈਆਂ ਹਨ, 249 ਭਾਰਤੀ ਪ੍ਰੈਸ ਪਰਿਸ਼ਦ ਅਦਾਰੇ ਤੋਂ ਬਾਹਰ ਨਾਲ ਸਬੰਧਿਤ ਹੋਣ ਅਤੇ ਅਦਾਲਤੀ ਕਾਰਵਾਈ ਚੱਲਦੀ ਹੋਣ ਕਾਰਨ ਕੋਈ ਸੁਣਵਾਈ ਨਹੀਂ ਕੀਤੀ ਗਈ ਹੈ ਅਤੇ 216 ਮਾਮਲਿਆਂ ਤੇ ਕਾਰਵਾਈ ਚੱਲ ਰਹੀ ਹੈ। ਇਸ ਰਿਪੋਰਟ ਅਨੁਸਾਰ ਮੀਡੀਆ ਅਦਾਰਿਆਂ ਅਤੇ ਮੀਡੀਆਕਰਮੀਆਂ ਵਿਰੁੱਧ 2520 ਸ਼ਿਕਾਇਤਾਂ ਪਹੁੰਚੀਆਂ ਹਨ ਜਿਨ੍ਹਾਂ ਵਿੱਚੋਂ ਜਾਂਚ ਦੌਰਾਨ 80 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਅਤੇ 2013 ਮਾਮਲਿਆਂ ਦਾ ਸ਼ਿਕਾਇਤਾਂ ਕਰਨ ਵਾਲੀਆਂ ਧਿਰਾਂ ਦੀ ਸੰਤੁਸ਼ਟੀ ਬਾਦ ਖਤਮ ਕੀਤਾ ਗਿਆ ਅਤੇ 427 ਮਾਮਲੇ ਅਜੇ ਵਿਚਾਰ ਅਧੀਨ ਹਨ ਅਤੇ ਕਾਰਵਾਈ ਚੱਲ ਰਹੀ ਹੈ। ਭਾਰਤ ਵਿੱਚ 2017 ਦਾ ਸਾਲ ਪੱਤਰਕਾਰਤਾ ਲਈ ਕਾਫੀ ਖਤਰਨਾਕ ਰਿਹਾ ਹੈ ਅਤੇ ਇਸ ਸਾਲ ਦੌਰਾਨ 11 ਪੱਤਰਕਾਰਾਂ ਦਾ ਕਤਲ ਹੋਇਆ 46 ਪੱਤਰਕਾਰਾਂ ਤੇ ਹਮਲੇ ਹੋਏ ਅਤੇ 27 ਪੱਤਰਕਾਰਾਂ ਖਿਲਾਫ ਪੁਲਿਸ ਵਲੋਂ ਕੇਸ ਦਰਜ਼ ਕੀਤੇ ਗਏ ਅਤੇ ਗ੍ਰਿਫਤਾਰ ਕੀਤੇ ਗਏ। ਸਤੰਬਰ 2017 ਵਿੱਚ ਹੋਏ ਗੋਰੀ ਲੰਕੇਸ਼ ਦੇ ਕਤਲ ਨੇ ਸੱਚ ਲਿਖਣ ਵਾਲੇ ਪੱਤਰਕਾਰਾਂ ਤੇ ਮੰਡਰਾ ਰਹੇ ਖਤਰੇ ਨੂੰ ਪੂਰੀ ਦੁਨੀਆਂ ਸਾਹਮਣੇ ਲਿਆਂਦਾ ਹੈ। ਇਸ ਮਾਮਲੇ ਵਿੱਚ ਪੁਲਿਸ ਵਲੋਂ ਨਵੰਬਰ 2018 ਵਿੱਚ 18 ਦੋਸੀਆਂ ਖਿਲਾਫ ਲੱਗਭੱਗ 9325 ਪੰਨਿਆਂ ਦੀ ਚਾਰਜਸੀਟ ਫਾਇਲ ਕੀਤੀ ਗਈ ਹੈ। ਇੱਕ ਰਿਪੋਰਟ ਅਨੁਸਾਰ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਪਿਛਲੇ 5 ਸਾਲਾਂ ਦੌਰਾਨ ਪੱਤਰਕਾਰਾਂ ਤੇ ਲੱਗਭੱਗ 198 ਹਮਲੇ ਹੋਣ ਦੇ ਮਾਮਲੇ ਸਾਹਮਣੇ ਆਏ ਹਨ। ਸਾਲ 2019 ਦੌਰਾਨ ਮੀਡੀਆਕਰਮੀਆਂ ਤੇ ਹਮਲੇ ਦੇ 36 ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿੱਚੋਂ 6 ਘਟਨਾਵਾਂ ਸਰਕਾਰ ਵਲੋਂ ਪਾਸ ਕੀਤੇ ਨਾਗਰਿਕਤਾ ਸੋਧ ਐਕਟ ਸਬੰਧੀ ਹੋਏ ਰੋਸ ਪ੍ਰਦਰਸਨ ਦੌਰਾਨ ਹੀ ਵਾਪਰੀਆਂ ਹਨ। ਇਸ ਸਮੇਂ ਦੌਰਾਨ ਲੱਗਭੱਗ 40 ਮੀਡੀਆਕਰਮੀ ਮਾਰੇ ਗਏ ਹਨ। ਦੁਨੀਆਂ ਵਿੱਚ ਫੈਲੇ ਕੋਰੋਨਾ ਵਾਇਰਸ ਦੀ ਕਵਰੇਜ ਕਰਨ ਵਾਲੇ ਕਈ ਪੱਤਰਕਾਰਾਂ ਤੇ ਵੀ ਹਮਲੇ ਕੀਤੇ ਗਏ। ਕਈ ਪੱਤਰਕਾਰ ਖ਼ੁਦ ਵੀ ਇਸ ਵਾਇਰਸ ਦੀ ਲਪੇਟ ਵਿੱਚ ਆ ਗਏ ਹਨ। ਅਧਿਕਾਰ ਸਮੂਹ ਦੀ ਰਿਪੋਰਟ ਅਨੁਸਾਰ ਸਾਲ 2021 ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਘੱਟੋ-ਘੱਟ 6 ਪੱਤਰਕਾਰ ਮਾਰੇ ਗਏ, 108 ਤੇ ਹਮਲੇ ਹੋਏ ਅਤੇ 13 ਮੀਡੀਆ ਹਾਊਸਾਂ ਨੂੰ ਨਿਸ਼ਾਨਾ ਬਣਾਇਆ ਗਿਆ। ਜੰਮੂ ਅਤੇ ਕਸ਼ਮੀਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਤ੍ਰਿਪੁਰਾ 2021 ਵਿੱਚ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਸੂਚੀ ਵਿੱਚ ਸਿਖਰ ਤੇ ਹਨ ਜਿੱਥੇ ਪੱਤਰਕਾਰਾਂ ਅਤੇ ਮੀਡੀਆ ਘਰਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਅੱਠ ਮਹਿਲਾ ਪੱਤਰਕਾਰਾਂ ਨੂੰ ਗ੍ਰਿਫਤਾਰੀ, ਸੰਮਨ ਅਤੇ ਪਹਿਲੀ ਸੂਚਨਾ ਰਿਪੋਰਟਾਂ ਦੇ ਰਜਿਸਟਰੇਸ਼ਨ ਦਾ ਸਾਹਮਣਾ ਕਰਨਾ ਪਿਆ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਦੇਸ਼ ਵਿੱਚ ਗ੍ਰਿਫਤਾਰ ਕੀਤੇ ਜਾਂ ਨਜ਼ਰਬੰਦ ਕੀਤੇ ਗਏ 17 ਪੱਤਰਕਾਰਾਂ ਵਿੱਚੋਂ ਪੰਜ ਜੰਮੂ-ਕਸ਼ਮੀਰ ਦੇ ਸਨ, ਇਸ ਤੋਂ ਬਾਅਦ ਦਿੱਲੀ 3, ਮਹਾਰਾਸ਼ਟਰ, ਮਨੀਪੁਰ ਅਤੇ ਤ੍ਰਿਪੁਰਾ 2-2, ਅਤੇ ਅਸਾਮ, ਛੱਤੀਸਗੜ੍ਹ ਅਤੇ ਹਰਿਆਣਾ 1-1 ਸਨ। 2021 ਵਿੱਚ, ਦੇਸ਼ ਭਰ ਵਿੱਚ ਪੁਲਿਸ ਸਮੇਤ ਜਨਤਕ ਅਧਿਕਾਰੀਆਂ ਦੁਆਰਾ ਘੱਟੋ-ਘੱਟ 24 ਪੱਤਰਕਾਰਾਂ ਤੇ ਸ਼ਰੀਰਕ ਤੌਰ ਤੇ ਹਮਲਾ ਕੀਤਾ ਗਿਆ, ਧਮਕਾਇਆ ਗਿਆ, ਪਰੇਸ਼ਾਨ ਕੀਤਾ ਗਿਆ ਅਤੇ ਕੰਮ ਕਰਨ ਤੋਂ ਰੋਕਿਆ ਗਿਆ। ਪੁਲਿਸ ਨੇ ਉਨ੍ਹਾਂ ਵਿੱਚੋਂ 17 ਤੇ ਹਮਲਾ ਕਰ ਦਿੱਤਾ, 44 ਪੱਤਰਕਾਰਾਂ ਵਿਰੁੱਧ ਐਫਆਈਆਰ ਦਰਜ ਹੋਈਆਂ ਜਿਨ੍ਹਾਂ ਵਿੱਚੋਂ 21 ਆਈਪੀਸੀ ਦੀ ਧਾਰਾ 153 ਦੇ ਤਹਿਤ ਦੁਸ਼ਮਣੀ ਨੂੰ ਵਧਾਵਾ ਦੇਣ ਨਾਲ ਸਬੰਧਤ ਸਨ। ਰਿਪੋਰਟ ਅਨੁਸਾਰ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਇਨਕਮ ਟੈਕਸ ਵਿਭਾਗ ਨੇ ਮੀਡੀਆ ਹਾਊਸਾਂ ਜਾਂ ਅਖਬਾਰਾਂ ਦੇ ਦਫਤਰਾਂ ਅਤੇ ਪੱਤਰਕਾਰਾਂ ਦੇ ਘਰਾਂ ਤੇ ਛਾਪੇ ਮਾਰੇ ਜੋ ਸਰਕਾਰ ਦੀਆਂ ਨੀਤੀਆਂ ਅਤੇ ਕੰਮਕਾਜ ਦੀ ਆਲੋਚਨਾ ਕਰਦੇ ਸਨ। ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਕੁੱਝ ਮੀਡੀਆ ਕਰਮੀਆਂ ਦੇ ਨਾਕਾਰਤਮਕ ਰਵਈਆ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵਿਸ਼ਵਾਸ਼ ਉਠਦਾ ਜਾ ਰਿਹਾ ਹੈ ਜੋ ਕਿ ਸਮਾਜ ਅਤੇ ਦੇਸ਼ ਲਈ ਇੱਕ ਖਤਰਨਾਕ ਸੰਕੇਤ ਹੈ। ਸਮਾਜ ਵਿੱਚ ਵੱਧ ਰਹੀਆਂ ਸਮਾਜਿਕ ਬੁਰਾਈਆਂ ਬਾਰੇ ਅਕਸਰ ਮੀਡੀਆ ਰਿਪੋਰਟਾਂ ਛੱਪਦੀਆਂ ਹਨ ਅਤੇ ਕਈ ਵਾਰ ਕੁਝ ਅਧਿਕਾਰੀਆਂ ਵੱਲੋਂ ਇਨ੍ਹਾਂ ਰਿਪੋਰਟਾਂ ਨੂੰ ਆਧਾਰ ਬਣਾਕੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਪ੍ਰੈਸ ਦੀ ਅਜ਼ਾਦੀ ਵਿੱਚ ਕਈ ਸਰਕਾਰਾਂ ਵੱਲੋਂ ਵੀ ਰੋੜੇ ਅਟਕਾਏ ਜਾ ਰਹੇ ਹਨ।

ਬਹੁਤੇ ਰਾਜਨੇਤਾ ਮੀਡੀਆ ਨੂੰ ਅਪਣੇ ਅਨੁਸਾਰ ਵਰਤਣ ਦੀ ਕੋਸਿਸ ਕਰਦੇ ਹਨ ਅਤੇ ਅਜਿਹੇ ਰਾਜਨੇਤਾਵਾਂ ਅਨੁਸਾਰ ਕੰਮ ਨਾਂ ਕਰਨ ਵਾਲੇ ਪੱਤਰਕਾਰਾਂ ਤੇ ਹਰ ਤਰਾਂ ਦਾ ਖਤਰਾ ਮੰਡਰਾਂਉਦਾ ਹੈ। ਭਾਰਤੀ ਪ੍ਰੈਸ ਪਰਿਸ਼ਦ ਨੇ ਵੀ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ 'ਭਾਰਤ ਵਿੱਚ ਪ੍ਰੈਸ ਨੇ ਜ਼ਿਆਦਾ ਗਲਤੀਆ ਕੀਤੀਆਂ ਹਨ ਅਤੇ ਅਧਿਕਾਰੀਆਂ ਦੀ ਤੁਲਨਾ ਵਿੱਚ ਪ੍ਰੈਸ ਦੇ ਖਿਲਾਫ ਜ਼ਿਆਦਾ ਸ਼ਕਾਇਤਾਂ ਦਰਜ ਹਨ’। ਮੀਡੀਆ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਪੱਤਰਕਾਰ ਵਜੋਂ ਕੰਮ ਕਰ ਰਹੇ ਹਨ ਅਤੇ ਅਜਿਹੇ ਪੱਤਰਕਾਰ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਆਰਟੀਕਲ ਨਹੀਂ ਲਿਖ ਸਕਦਾ ਅਤੇ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ ਅਤੇ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ ਹੈ।

ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਹੋਈਆਂ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ। ਜੇਕਰ ਮੀਡੀਆ ਸਰਕਾਰ ਅਤੇ ਪ੍ਰਭਾਵਸ਼ਾਲੀ ਲੋਕਾਂ ਦੇ ਪ੍ਰਭਾਵ ਅਧੀਨ ਕੰਮ ਕਰੇਗਾ ਤਾਂ 03 ਮਈ ਦਾ ਦਿਹਾੜਾ ਜੋ ਕਿ ਵਿਸ਼ਵ ਪ੍ਰੈਸ ਅਜਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਦੇ ਕੋਈ ਅਰਥ ਨਹੀਂ ਰਹਿ ਜਾਣਗੇ । ਸਰਕਾਰਾਂ, ਮੀਡੀਆ ਘਰਾਣਿਆਂ, ਪੱਤਰਕਾਰਾਂ, ਮੀਡੀਆ ਐਸੋਸਿਏਸ਼ਨਾਂ ਆਦਿ ਨੂੰ ਪੱਤਰਕਾਰਤਾ ਨੂੰ ਨਿਰਪੱਖ ਅਤੇ ਅਜਾਦ ਰੱਖਣ ਲਈ ਗੰਭੀਰਤਾ ਨਾਲ ਸੋਚਣਾ ਅਤੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਸ ਦਿਨ ਦੀ ਅਸਲੀ ਅਰਥਾਂ ਵਿੱਚ ਮਹੱਤਤਾ ਕਾਇਮ ਰਹਿ ਸਕੇ ਅਤੇ ਮੀਡੀਆ ਅਪਣੀ ਸਹੀ ਭੂਮਿਕਾ ਨਿਭਾ ਸਕੇ।

# ਲਾਲ ਕਿਲੇ ਤੋਂ ਗੁਰੂ ਤੇਗ ਬਹਾਦਰ ਜੀ ਦੇ ਸਮਰਪਣ, ਬਲੀਦਾਨ ਤੇ ਬਹਾਦਰੀ ਨੂੰ ਸਿਜਦਾ ਕੀਤਾ

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਂ 'ਤੇ ਵਿਸ਼ੇਸ ਸਿੱਕਾ ਤੇ ਡਾਕ ਟਿਕਟ ਜਾਰੀ



**ਨਵੀਂ ਦਿੱਲੀ**-'ਦੇਸ਼ 'ਤੇ ਸਿੱਖ ਗੁਰੂਆਂ ਦੇ ਬਹੁਤ ਉਪਕਾਰ ਹਨ ਤੇ ਅਸੀਂ ਸਿੱਖ ਗੁਰੂਆਂ ਦੇ ਹਮੇਸ਼ਾ ਕਰਜ਼ਦਾਰ ਰਹਾਂਗੇ'। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲਾਲ ਕਿਲ੍ਹੇ ਤੋਂ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਨਮਨ ਕਰਦਿਆਂ ਉਕਤ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਅਮਿਤ ਸ਼ਾਹ ਨੇ ਭਾਰਤ ਵਲੋਂ ਅਜ਼ਾਦੀ ਦੇ ਅੰਮ੍ਰਿਤ ਮਹੋਤਸਵ ਦੇ ਹਿੱਸੇ ਵਜੋਂ ਲਾਲ ਕਿਲ੍ਹੇ 'ਤੇ ਗੁਰੂ ਤੇਗ ਬਹਾਦਰ ਜੀ ਦੇ ਚੌਥੇ ਸ਼ਤਾਬਦੀ ਵਰ੍ਹੇ ਮੌਕੇ ਕਰਵਾਏ ਜਾ ਰਹੇ 2 ਰੋਜ਼ਾ ਸਮਾਗਮ ਦੀ ਸ਼ੁਰੂਆਤ ਕਰਦਿਆਂ ਗੁਰੂ ਤੇਗ ਬਹਾਦਰ ਜੀ ਦੇ ਸਮਰਪਣ, ਬਲੀਦਾਨ ਤੇ ਬਹਾਦਰੀ ਨੂੰ ਸਿਜਦਾ ਕੀਤਾ। ਅਮਿਤ ਸ਼ਾਹ ਨੇ ਮੁਗਲ ਸ਼ਾਸਕ ਔਰੰਗਜੇਬ ਵਲੋਂ ਕੀਤੇ ਜ਼ਬਰ ਦੇ ਹਵਾਲੇ ਨਾਲ ਕਿਹਾ ਕਿ ਅੱਜ ਉਸ ਦਾ ਕੋਈ ਨਾਂਅ ਨਿਸ਼ਾਨ ਨਹੀਂ ਹੈ, ਪਰ ਅੱਜ ਕਰੋੜਾਂ ਲੋਕ ਗੁਰੂ ਤੇਗ ਬਹਾਦਰ ਜੀ ਵਲੋਂ ਵਿਖਾਏ ਰਸਤੇ 'ਤੇ ਚੱਲ ਰਹੇ ਹਨ। ਉਨ੍ਹਾਂ ਗੁਰੂ ਤੇਗ ਬਹਾਦਰ ਜੀ ਦੇ ਨਾਲ-ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਨਮਨ ਕਰਦਿਆਂ ਕਿਹਾ ਕਿ 9ਵੀਂ ਤੇ 10ਵੀਂ ਪਾਤਸ਼ਾਹੀ ਕਾਰਨ ਹੀ ਅੱਜ ਦੇਸ਼ ਆਜ਼ਾਦੀ ਦਾ ਸਾਹ ਲੈ ਰਿਹਾ ਹੈ।

ਅਮਿਤ ਸ਼ਾਹ ਨੇ ਆਪਣੇ ਸੰਬੋਧਨ 'ਚ 2 ਵਾਰ ਕਸ਼ਮੀਰੀ ਪੰਡਿਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਸ਼ਮੀਰੀ ਪੰਡਿਤਾਂ ਨੂੰ ਜੁਲਮਾਂ ਤੋਂ ਬਚਾਉਣ ਲਈ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦਿੱਤੀ, ਜਿਸ ਕਾਰਨ ਅੱਜ ਵੀ ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ ਕੋਈ ਵਿਅਕਤੀ ਅਜਿਹਾ ਨਹੀਂ ਹੈ ਜੋ ਗੁਰੂ ਤੇਗ ਬਹਾਦਰ ਜੀ ਨੂੰ ਨਮਨ ਨਾ ਕਰਦਾ ਹੋਵੇ। ਅਮਿਤ ਸ਼ਾਹ ਨੇ ਇਹ ਵੀ ਕਿਹਾ ਕਿ ਹਿੰਦੂ ਤੇ ਸਿੱਖ ਦੋਵੇਂ ਹੀ ਗੁਰੂ ਜੀ ਨੂੰ ਨਮਨ ਕਰਦੇ ਹਨ। ਅਮਿਤ ਸ਼ਾਹ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਦਾ ਦਰਦ ਸੁਣ ਕੇ ਕਿਹਾ ਸੀ ਕਿ ਜੇਕਰ ਔਰੰਗਜ਼ੇਬ ਉਨ੍ਹਾਂ ਦਾ ਧਰਮ ਤਬਦੀਲ ਕਰਵਾ ਲਵੇਗਾ, ਤਾਂ ਬਾਕੀ ਸਾਰੇ ਵੀ ਕਰ ਲੈਣਗੇ। ਉਨ੍ਹਾਂ ਮੋਦੀ ਸਰਕਾਰ ਨੂੰ ਭਾਗਾਂ ਵਾਲੀ ਸਰਕਾਰ ਦੱਸਦਿਆਂ ਕਿਹਾ ਕਿ ਇਨ੍ਹਾਂ ਦੇ ਸ਼ਾਸਨ ਕਾਲ 'ਚ ਹੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ, ਗੁਰੂ ਤੇਗ ਬਹਾਦਰ ਜੀ ਦਾ 400ਵਾਂ ਤੇ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਸਮਾਗਮ ਮਨਾਉਣ ਦਾ ਮੌਕਾ ਮਿਲਿਆ।

### ਬੱਚਿਆਂ ਵਲੋਂ ਸਮੂਹਿਕ ਰੂਪ 'ਚ ਕੀਰਤਨ

ਕੇਂਦਰੀ ਮੰਤਰੀ ਅਮਿਤ ਸ਼ਾਹ ਜਦੋਂ ਸਮਾਗਮ ਵਾਲੀ ਥਾਂ 'ਤੇ ਦਾਖਲ ਹੋਏ ਤਾਂ ਉਸ ਸਮੇਂ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਬੱਚੇ ਸ਼ਬਦ ਗਾਇਨ ਕਰ ਰਹੇ ਸਨ। ਸ਼ਬਦ ਖਤਮ ਹੁੰਦਿਆਂ ਜਦੋਂ ਬੱਚੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਲਾ ਰਹੇ ਸਨ, ਉਸ ਵੇਲੇ ਹੀ ਅਮਿਤ ਸ਼ਾਹ ਦਾਖਲ ਹੋਏ।

ਸਮਾਗਮ ਦੀ ਸ਼ੁਰੂਆਤ ਰਹਿਰਾਸ ਦੇ ਪਾਠ ਨਾਲ ਹੋਈ, ਇਸ ਤੋਂ ਬਾਅਦ ਅਰਦਾਸ ਤੇ ਹੁਕਮਨਾਮੇ ਉਪਰੰਤ ਭਾਈ ਬਲਪ੍ਰੀਤ ਸਿੰਘ ਲੁਧਿਆਣਾ ਦੇ ਰਾਗੀ ਜਥੇ ਵੱਲੋਂ ਆਰਤੀ ਸ਼ਬਦ ਗਾਇਨ ਕੀਤਾ ਗਿਆ। ਇਸ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ 400 ਬੱਚਿਆਂ ਨੇ ਜੱਥੇ ਦੇ ਰੂਪ 'ਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸਮੂਹਿਕ ਰੂਪ 'ਚ ਗਾਇਨ ਕੀਤਾ। ਪ੍ਰੋਗਰਾਮ ਦੇ ਆਖਿਰ 'ਚ ਭਾਈ ਬੰਤਾ ਸਿੰਘ ਤੇ ਭਾਈ ਮਨਪ੍ਰੀਤ ਸਿੰਘ ਕਾਨਪੁਰੀ ਵਲੋਂ ਗੁਰਬਾਣੀ ਕੀਰਤਨ ਗਾਇਨ ਕੀਤਾ ਗਿਆ। ਅਮਿਤ ਸ਼ਾਹ ਨੇ ਵੀਰਵਾਰ ਨੂੰ ਹੋਣ ਵਾਲੇ ਸਮਾਗਮ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀਰਵਾਰ ਨੂੰ ਗੁਰੂ ਤੇਗ ਬਹਾਦਰ ਜੀ ਨੂੰ ਸਮ-ਰਪਿਤ ਇਕ ਯਾਦਗਾਰੀ ਸਿੱਕਾ ਤੇ ਡਾਕ ਟਿਕਟ ਜਾਰੀ ਕਰਨਗੇ। ਇਸ ਤੋਂ ਇਲਾਵਾ ਉਹ ਸਮਾਗਮ ਦੌਰਾਨ ਕਵਿਤਾਵਾਂ, ਕਹਾਣੀਆਂ ਤੇ ਕਾਮਿਕਸ ਬੁੱਕ ਦੀ ਘੁੰਡ ਚੁਕਾਈ ਵੀ ਕਰਨਗੇ। ਪ੍ਰਧਾਨ ਮੰਤਰੀ ਵਲੋਂ 2 ਐਨੀਮੇਸ਼ਨ ਫਿਲਮਾਂ ਤੇ 13 ਛੋਟੀਆਂ ਫਿਲਮਾਂ ਦਾ ਵੀ ਉਦਘਾਟਨ ਕੀਤਾ ਜਾਵੇਗਾ, ਜਿਨਾ ਦਾ ਬਾਅਦ 'ਚ ਹੋਰ ਭਾਸ਼ਾਵਾਂ 'ਚ ਵੀ ਅਨੁਵਾਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਿੱਖਿਆ ਮੰਤਰਾਲੇ ਵਲੋਂ ਗੁਰੂ ਤੇਗ ਬਹਾਦਰ ਜੀ 'ਤੇ ਆਧਾਰਿਤ ਇਕ ਲੇਖ ਮੁਕਾਬਲਾ ਵੀ ਕਰਵਾਇਆ ਗਿਆ ਸੀ, ਜਿਸ 'ਚ 85 ਹਜ਼ਾਰ ਸਕੂਲਾਂ ਦੇ 18 ਲੱਖ ਬੱਚਿਆਂ ਨੇ ਹਿੱਸਾ ਲਿਆ ਸੀ। ਅਮਿਤ ਸ਼ਾਹ ਨੇ ਕਿਹਾ ਕਿ ਇਸ ਕਵਾਇਦ ਰਾਹੀਂ 18 ਲੱਖ ਸਕੂਲੀ ਬੱਚਿਆਂ ਤੱਕ ਗੁਰੂ ਜੀ ਦਾ ਸੁਨੇਹਾ ਪਹੁੰਚਾਇਆ ਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ 400 ਸਾਲਾ ਪ੍ਰਕਾਸ਼ ਪੁਰਬ ਦੀ ਵਧਾਈ ਦੇਣ ਦੇ ਨਾਲ ਹੀ ਕਿਹਾ ਕਿ ਅਕਸਰ ਸਿੱਖਾਂ ਦੇ ਮਨਾਂ 'ਚ ਅਜਿਹੇ ਵਲਵਲੇ ਪੈਦਾ ਹੁੰਦੇ ਸਨ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਿੱਖਾਂ ਤੋਂ ਇਲਾਵਾ ਕੋਈ ਯਾਦ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਪੂਰੀ ਭਾਰਤ ਸਰਕਾਰ ਦਾ ਧੰਨਵਾਦ ਹੈ, ਜਿਨ੍ਹਾਂ ਸਿੱਖਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਰਕਾਰੀ ਪੱਧਰ 'ਤੇ ਮਨਾਉਣ ਦਾ ਫੈਸਲਾ ਕੀਤਾ। ਉਨ੍ਹਾਂ ਕਿਹਾ ਕਿ ਅਜਿਹੀ ਪਹਿਲਕਦਮੀ ਪਹਿਲੀ ਵਾਰ ਭਾਰਤ ਦੀ ਕਿਸੇ ਸਰਕਾਰ ਨੇ ਕੀਤੀ ਹੈ, ਇਸ ਲਈ ਉਹ ਸਰਕਾਰ ਦੇ ਧੰਨਵਾਦੀ ਹਨ। ਕਾਲਕਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇਸ ਸਰਕਾਰ ਨੇ ਸਿੱਖ ਭਾਈਚਾਰੇ ਕਈ ਲਮਕਦੇ ਮਸਲੇ ਹੱਲ ਕਰਨ 'ਚ ਪੂਰੀ ਗੰ-ਭੀਰਤਾ ਵਿਖਾਈ ਹੈ ਤੇ ਸਾਨੂੰ ਉਮੀਦ ਹੈ ਕਿ ਸਿੱਖਾਂ ਦੇ ਬਾਕੀ ਮਸਲੇ ਹਲ ਕਰਨ ਪ੍ਰਤੀ ਵੀ ਸਰਕਾਰ ਪੂਰੀ ਗੰਭੀਰਤਾ ਵਿਖ-ਾਏਗੀ। ਸਟੇਜ਼ ਸਕੱਤਰ ਦੀ ਜ਼ਿੰਮੇਵਾਰੀ ਸੰਭਾਲਦੇ ਹੋਏ ਦਿੱਲੀ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਇਸ ਸਮਾਗਮ ਲਈ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਬਹੁਤ ਅਹਿਮ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ 'ਚ ਸੰਗਤਾਂ ਸਮਾਗਮ ਦਾ ਸਿੱਧਾ ਪ੍ਰਸਾਰਨ ਵੇਖ ਰਹੀਆਂ ਹਨ। ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਸੰਗਤਾਂ ਨੂੰ 400 ਸਾਲਾ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਅੱਜ ਲਾਲ ਕਿਲ੍ਹੇ 'ਤੇ ਭਾਰਤ ਸਰਕਾਰ ਵਲੋਂ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ, ਉਹ ਦਿਨ ਦੂਰ ਨਹੀਂ ਜਦੋਂ ਸਾਰੇ ਸੰਸਾਰ 'ਚ ਗੁਰੂ ਤੇਗ ਬਹਾਦੁਰ ਜੀ ਦਾ ਪਾਵਨ ਦਿਹਾੜਾ ਮਨਾਇਆ ਜਾਇਆ ਕਰੇਗਾ ਤੇ ਸੰਸਾਰ ਉਨ੍ਹਾਂ ਦੇ ਉਪਦੇਸ਼ਾਂ ਤੋਂ ਪ੍ਰੇਰਣਾ ਲਵੇਗਾ।



ਨਵੀਂ ਦਿੱਲੀ – ਦੇਸ਼ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400ਵਾਂ ਪ੍ਰਕਾਸ਼ ਪੁਰਬ ਮਨਾ ਰਿਹਾ ਹੈ। ਇਸ ਮੌਕੇ ਗੁਰਦੁਆਰਾ ਸੀਸਗੰਜ ਸਾਹਿਬ ਸਮੇਤ ਦੇਸ਼ ਭਰ ਦੇ ਗੁਰਦੁਆਰਿਆਂ ਨੂੰ ਖੂਬਸੂਰਤੀ ਨਾਲ ਸਜਾਇਆ ਗਿਆ ਹੈ। ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਅਸਥਾਨ 'ਤੇ ਗੁਰਦੁਆਰਾ ਸੀਸਗੰਜ ਸਾਹਿਬ ਬਣਿਆ ਹੋਇਆ ਹੈ, ਜਿੱਥੋਂ ਥੋੜੀ ਦੂਰ ਸਥਿਤ ਲਾਲ ਕਿਲ੍ਹੇ 'ਚ ਵੀ ਵਿਸ਼ਾਲ ਪ੍ਰੋ-ਗਰਾਮ ਕਰਵਾਇਆ ਗਿਆ । ਇਹ ਪ੍ਰੋਗਰਾਮ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁੱਧਵਾਰ ਨੂੰ ਇਸ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਸੀ। ਦੇਰ ਸ਼ਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮਾਗਮ 'ਚ ਸ਼ਿਰਕਤ ਕੀਤੀ। ਉਹ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਜਾ ਕੇ ਨਤਮਸਤਕ ਹੋਏ। ਇਸ ਮੌਕੇ ਮੋਦੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਂ 'ਤੇ ਵਿਸ਼ੇਸ ਸਿੱਕਾ ਤੇ ਡਾਕ ਟਿਕਟ ਜਾਰੀ ਕੀਤੀ।

ਜ਼ਿਕਰਯੋਗ ਹੈ ਕਿ ਪੀਐਮ ਮੋਦੀ ਨੇ ਬੁੱਧਵਾਰ ਨੂੰ ਟਵਿੱਟਰ 'ਤੇ ਲਿਖਿਆ ਸੀ ਕਿ 21 ਅਪ੍ਰੈਲ ਨੂੰ ਰਾਤ 9:15 ਵਜੇ, ਮੈਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਹਿੱਸਾ ਲੈਣ ਦਾ ਸੁਭਾਗ ਪ੍ਰਾਪਤ ਹੋਵੇਗਾ। ਇਹ ਸਮਾਗਮ ਲਾਲ ਕਿਲੇ 'ਤੇ ਆਯੋਜਿਤ ਕੀਤਾ ਜਾਵੇਗਾ। ਇਸ ਮੌਕੇ ਯਾਦਗਾਰੀ ਸਿੱਕਾ ਅਤੇ ਡਾਕ ਟਿਕਟ ਵੀ ਜਾਰੀ ਕੀਤੀ ਜਾਵੇਗੀ।



# 'ਪਾਸ਼, ਪ੍ਰੀਤ ਤੇ ਸੁਪਨੇ' ਲੋਕ ਅਰਪਣ ਅਤੇ ਰੂ ਬ ਰੂ ਸਮਾਗਮ













**ਅਮਰਗੜ੍ਹ–** ਸਾਹਿਤ ਸਿਰਜਣਾ ਮੰਚ ਅਮਰਗੜ੍ਹ ਦੇ ਸਹਿਯੋਗ ਨਾਲ ਸਰਕਾਰੀ ਕਾਲਜ ਅਮਰਗੜ੍ਹ ਵੱਲੋਂ ਇਕ ਪੁਸਤਕ ਲੋਕ ਅਰਪਣ ਅਤੇ ਰੂ ਬ ਰੂ ਸਮਾਗਮ ਦਾ ਆਯੋਜਨ ਕੀਤਾ ਗਿਆ। ਸਭ ਤੋਂ ਪਹਿਲਾਂ ਕਾਲਜ ਦੇ ਪ੍ਰਿੰਸੀਪਲ ਪ੍ਰੋ ਮੀਨੂ ਵੱਲੋਂ ਆਏ ਵਿਦਵਾਨਾਂ ਦਾ ਸਵਾਗਤ ਕੀਤਾ ਗਿਆ।

ਇਸ ਤੋਂ ਬਾਅਦ ਸਮਾਗਮ ਦੇ ਪਹਿਲੇ ਭਾਗ ਵਿੱਚ ਅਮਰੀਕਾ ਵਸਦੀ ਸ਼ਾਇਰਾ ਹਰਪ੍ਰੀਤ ਕੌਰ ਧੂਤ ਦੀ ਤੀਜੀ ਕਾਵਿ ਪੁਸਤਕ ' ਪਾਸ਼, ਪ੍ਰੀਤ ਤੇ ਸੁਪਨੇ ' ਦਾ ਲੋਕ ਅਰਪਣ ਕੀਤਾ ਗਿਆ। ਪੁਸਤਕ ਵਿੱਚ ਦਰਜ ਸ਼ਾਇਰੀ ਬਾਰੇ ਸੰਵਾਦ ਦੀ ਸ਼ੁਰੂ-ਆਤ ਕਰਦਿਆਂ ਜਸਵੀਰ ਰਾਣਾ ਨੇ ਵਿਸਥਾਰ ਵਿੱਚ ਸ਼ਾਇਰਾ ਤੇ ਪੁਸਤਕ ਦੀ ਜਾਣ ਪਛਾਣ ਕਰਵਾਈ। ਡਾ ਗੁਰਮੀਤ ਕੌਰ ਨੇ ਇਕ ਵੱਖਰੀ ਦ੍ਰਿਸ਼ਟੀ ਤੋਂ ਹਰਪ੍ਰੀਤ-ਕਾਵਿ ਦੀ ਪ੍ਰਸ਼ਨ ਸਿਰਜਣ ਯੋਗਤਾ ਨੂੰ ਅੰਡਰ ਲਾਈਨ ਕੀਤਾ। ਡਾ ਗੁਰਪਾਲ ਸਿੰਘ ਸੰਧੂ ਨੇ ਸ਼ਾਇਰੀ ਦੀ ਭਾਸ਼ਾ ਦੇ ਪ੍ਰਤੀਕ ਵਿੱਚ ਬਦਲਨ ਦੀ ਪ੍ਰਕਿਰਿਆ ਬਾਬਤ ਗੱਲ ਕੀਤੀ ।

ਪ੍ਰੋ ਬਲਜੀਤ ਕੌਰ ਦੁਆਰਾ ਕਵਿਤਾ ਦੀ ਵਸਤੂ ਚੋਣ ਪੱਖ ਤੇ ਰੂਪਕ ਪੱਖ ਤੋਂ ਪਰਖ ਕੀਤੀ ਗਈ। ਸਮਾਗਮ ਦੇ ਦੂਜੇ ਭਾਗ ਵਿੱਚ ਅਮਰੀਕਾ ਤੋਂ ਆਏ ਸ਼ਾਇਰ ਕੁਲਵੰਤ ਸੇਖੋਂ ਲੇਖਕਾਂ ਵਿਦਿਆਰਥੀਆਂ ਦੇ ਰੂ ਬ ਰੂ ਹੋਏ। ਸੇਖੋਂ ਨੇ ਆਪਣੇ ਅਮਰੀਕਾ ਜਾਣ ਤੋਂ ਪਹਿਲਾਂ ਲੱਗੀ ਸਾਹਿਤਕ ਚੇਟਕ ਤੋਂ ਲੈ ਕੇ ਮੈਕਸੀਕੋ ਬਾਰਡਰ ਪਾਰ ਕਰਨ ਵਕਤ ਸੁੱਟਣੀ ਪਈ ਡਾਇਰੀ ਤੇ ਬੰਸਰੀ ਨੂੰ ਯਾਦ ਕੀਤਾ।

ਉਸ ਦੁਆਰਾ ਨੌਜਵਾਨ ਭਾਸ਼ਾ ਵਿੱਚ ਪੇਸ਼ ਕੀਤੀ ਸ਼ਾਇਰੀ ਨੂੰ ਨੌਜਵਾਨ ਵਿਦਿਆਰਥੀਆਂ ਨੇ ਬਹੁਤ ਪਸੰਦ ਕੀਤਾ। ਅਖੀਰ ਵਿੱਚ ਡਾ ਜਸਵਿੰਦਰ ਸਿੰਘ ਨੇ ਹਰਪ੍ਰੀਤ ਕੌਰ ਧੂਤ ਦੀ ਸ਼ਾਇਰੀ ਦੇ ਵਸਤੂਪਰਕ ਅਤੇ ਕਲਾਤਮਿਕ ਪੱਖਾਂ ਦੀ ਗੱਲ ਕਰਦਿਆਂ ਕੁਲਵੰਤ ਸੇਖੋਂ ਦੇ ਹਵਾਲੇ ਨਾਲ ਸਮੁੱਚੇ ਸਮਾਗਮ ਉੱਪਰ ਪ੍ਰਧਾਨਗੀ ਟਿੱਪਣੀ ਕਰਦਿਆਂ ਪਰਵਾਸੀ ਲੇਖਕਾਂ ਵਾਂਗ ਵਿਦਿਆਰਥੀ ਵਰਗ ਨੂੰ ਸਾਹਿਤ ਸਿਰਜਣਾ ਤੇ ਕਿਤਾਬਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਇਸ ਸਾਹਿਤਕ ਸਮਾਗਮ ਵਿੱਚ ਡਾ ਧਨਵੰਤ ਕੌਰ, ਡਾ ਮਨਜੀਤ ਕੌਰ, ਕਹਾਣੀਕਾਰ ਜਤਿੰਦਰ ਹਾਂਸ, ਡਾ ਅਮਨਦੀਪ ਵਾਤਿਸ਼, ਡਾ ਜਤਿੰਦਰ ਸੇਖੋਂ, ਗੁਰਦੀਪ ਸਿੰਘ ਦੀਪੀ ਤੇ ਨੱਕਾਸ਼ ਚਿਤਵੇਆਣੀ ਵਿਸ਼ੇਸ਼ ਤੌਰ 'ਤੇ ਹਾਜਰ ਸਨ। ਅਖੀਰ ਵਿੱਚ ਕਾਲਜ ਦੇ ਭਾਸ਼ਾ ਮੰਚ ਅਤੇ ਸਾਹਿਤ ਸਿਰਜਣਾ ਮੰਚ ਵੱਲੋਂ ਸਭ ਵਿਦਵਾਨ ਲੇਖਕਾਂ ਨੂੰ ਸਨਮਾਨ ਪੱਤਰ ਅਤੇ ਲੋਈਆਂ ਨਾਲ ਸਨਮਾਨਿਤ ਕੀਤਾ ਗਿਆ।

ਪ੍ਰੋ ਅਰਵਿੰਦ ਸੋਹੀ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਸਮੁੱਚੇ ਸਮਾਗਮ ਦੇ ਮੰਚ ਸੰਚਾਲਨ ਦੀ ਭੂਮਿਕਾ ਕਹਾਣੀਕਾਰ ਜਸਵੀਰ ਰਾਣਾ ਦੁਆਰਾ ਦਿਲਕਸ਼ ਅੰਦਾਜ਼ ਵਿੱਚ ਨਿਭਾਈ ਗਈ।

## ਭਾਰਤ ਨੂੰ ਮਿਜ਼ਾਈਲ ਤਕਨੀਕ ਦੇ ਖੇਤਰ 'ਚ ਆਤਮ ਨਿਰਭਰ ਬਣਾਉਣ 'ਚ ਟੈਸੀ ਥਾਮਸ ਦਾ ਜ਼ਿਕਰਯੋਗ ਯੋਗਦਾਨ

**ਨਵੀਂ ਦਿੱਲੀ –** ਮਿਜ਼ਾਈਲ ਵੂਮੈਨ ਦੇ ਨਾਂ ਨਾਲ ਮਸ਼ਹੂਰ ਡਾ: ਟੈਸੀ ਥਾਮਸ ਨੇ ਦੇਸ਼ ਦੇ ਮਿਜ਼ਾਈਲ ਪ੍ਰੋਗਰਾਮ 'ਚ ਅਹਿਮ ਭੂਮਿਕਾ ਨਿਭਾਈ ਹੈ। ਡਾ: ਟੈਸੀ ਥਾਮਸ ਦੇਸ਼ ਦੇ ਮਿਜ਼ਾਈਲ ਪ੍ਰੋਜੈਕਟ ਨੂੰ ਸੰਭਾਲਣ ਵਾਲੀ ਪਹਿਲੀ ਭਾਰਤੀ ਔਰਤ ਹੈ। ਉਸ ਨੇ ਨਾ ਸਿਰਫ਼ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਲਈ ਮਾਰਗਦਰਸ਼ਨ ਯੋਜਨਾ ਤਿਆਰ ਕੀਤੀ, ਸਗੋਂ ਇਹ ਸਾਰੀਆਂ ਅਗਨੀ ਮਿਜ਼ਾਈਲਾਂ ਵਿੱਚ ਵੀ ਵਰਤੀ ਗਈ। ਉਹ ਅਗਨੀ-4 ਅਤੇ ਅਗਨੀ-5 ਦੇ ਪ੍ਰੋਜੈਕਟ ਡਾਇਰੈਕਟਰ ਵਜੋਂ ਵੀ ਕੰਮ ਕਰ ਚੁੱਕੇ ਹਨ।






ਉਹ ਪਹਿਲੀ ਭਾਰਤੀ ਮਹਿਲਾ ਹੈ, ਜੋ ਦੇਸ਼ ਦੇ ਮਿਜ਼ਾਈਲ ਪ੍ਰੋਜੈਕਟ ਦੀ ਅਗਵਾਈ ਕਰ ਰਹੀ ਹੈ। ਉਹ ਅਗਨੀ ਮਿਜ਼ਾਈਲ ਪ੍ਰੋਗਰਾਮ ਨਾਲ ਜੁੜੀ ਹੋਈ ਸੀ, ਇਸ ਲਈ ਉਹ 'ਅਗਨੀ ਪੁਤਰੀ' ਜਾਂ 'ਮਿਜ਼ਾਈਲ ਵੂਮੈਨ' ਵਜੋਂ ਜਾਣੀ ਜਾਂਦੀ ਸੀ। ਵਰਤਮਾਨ ਵਿੱਚ, ਉਹ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਈਜ਼ੇਸ਼ਨ (ਡੀਆਰਡੀਓ) ਵਿੱਚ ਏਅਰੋਨਾਟਿਕਲ ਪ੍ਰਣਾਲੀਆਂ ਦੀ ਡਾਇਰੈਕਟਰ ਜਨਰਲ ਹੈ।

ਟੈਸੀ ਥਾਮਸ ਭਾਰਤੀ ਔਰਤਾਂ ਲਈ ਇੱਕ ਪ੍ਰੇਰਨਾ ਹੈ ਜੋ ਦੇਸ਼ ਦੇ ਮਿਜ਼ਾਈਲ ਪ੍ਰੋਜੈਕਟਾਂ ਵਿੱਚ ਕੰਮ ਕਰਨ ਦੀ ਇੱਛਾ ਰੱਖਦੀਆਂ ਹਨ। ਉਸ ਦਾ ਜਨਮ ਅਪ੍ਰੈਲ 1963 ਵਿੱਚ ਕੇਰਲ ਦੇ ਅਲਾਪੁਝਾ ਵਿੱਚ ਹੋਇਆ ਸੀ। ਉਸਨੇ ਕਾਲੀਕਟ ਯੂਨੀਵਰਸਿਟੀ ਤੋਂ ਬੀ।ਟੈਕ ਇਲੈਕਟ੍ਰੀਕਲ, ਡਿਫੈਂਸ ਇੰਸਟੀਚਿਊਟ ਆਫ ਐਡਵਾਂਸਡ ਟੈਕਨਾਲੋਜੀ ਪੁਣੇ ਤੋਂ ਗਾਈਡਡ ਮਿਜ਼ਾਈਲਾਂ ਵਿੱਚ ਐਮਈ ਅਤੇ ਇਗਨੂ ਤੋਂ ਓਪਰੇਸ਼ਨ ਮੈਨੇਜਮੈਂਟ ਵਿੱਚ ਐਮਬੀਏ ਕੀਤੀ ਹੈ। ਉਹ ਸਾਲ 1988 ਵਿੱਚ ਡੀਆਰਡੀਓ ਵਿੱਚ ਸ਼ਾਮਲ ਹੋਈ, ਜਿੱਥੇ ਉਸਨੂੰ ਸਾਬਕਾ ਰਾਸ਼ਟਰਪਤੀ ਡਾ ਏਪੀਜੇ ਅਬਦੁਲ ਕਲਾਮ ਦੇ ਅਧੀਨ ਕੰਮ ਕਰਨ ਦਾ ਮੌਕਾ ਮਿਲਿਆ।

ਡਾ ਟੈਸੀ ਨੂੰ ਬੈਲਿਸਟਿਕ ਮਿਜ਼ਾਈਲਾਂ ਦੇ ਪ੍ਰਮੁੱਖ ਮਾਹਿਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਉਹ ਧ੍ਰਧੌਂ ਵਿੱਚ ਮਿਜ਼ਾਈਲ ਮਾਰਗਦਰਸ਼ਨ, ਸਿਮੂਲੇਸ਼ਨ ਅਤੇ ਮਿਸ਼ਨ ਡਿਜ਼ਾਈਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਉਸਨੇ ਡੀਆਰਡੀਓ ਦੀ ਐਡਵਾਂਸਡ ਸਿਸਟਮ ਲੈਬਾਰਟਰੀ ਦੇ ਡਾਇਰੈਕਟਰ ਵਜੋਂ ਰਣਨੀਤਕ ਮਿਜ਼ਾਈਲ ਪ੍ਰਣਾਲੀਆਂ ਦੇ ਵਿਕਾਸ ਦੀ ਅਗਵਾਈ ਕੀਤੀ ਹੈ। ਉਨ੍ਹਾਂ ਨੂੰ ਉਨ੍ਹਾਂ ਦੇ ਯੋਗਦਾਨ ਲਈ ਕਈ ਮਹੱਤਵਪੂਰਨ ਪੁਰਸਕਾਰਾਂ ਨਾਲ ਸਨ-ਮਾਨਿਤ ਕੀਤਾ ਗਿਆ ਹੈ। ਸਾਲ 2001 ਵਿੱਚ ਅਗਨੀ ਸਵੈ-ਨਿਰਭਰਤਾ ਪੁਰਸਕਾਰ ਪ੍ਰਾਪਤ ਕੀਤਾ। ਉਨ੍ਹਾਂ ਨੂੰ ਲਾਲ ਬਹਾਦੁਰ ਸ਼ਾਸਤਰੀ ਰਾਸ਼ਟਰੀ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਹ ਪੁਰਸਕਾਰ ਉਨ੍ਹਾਂ ਨੂੰ ਮਿਜ਼ਾਈਲ ਤਕਨੀਕ ਦੇ ਖੇਤਰ ਵਿੱਚ ਆਤਮ ਨਿਰਭਰ ਬਣਾਉਣ ਲਈ ਦਿੱਤਾ ਜਾਂਦਾ ਹੈ।

## ਪੰਜਾਬ ਦੇ ਮੰਦਰਾਂ, ਰੇਲਵੇ ਸਟੇਸ਼ਨਾਂ ਤੇ ਭਗਵੰਤ ਮਾਨ ਸਮੇਤ ਅਕਾਲੀ ਦਲ ਦੇ ਵੱਡੇ ਨੇਤਾ ਨੂੰ ਬੰਬ ਨਾਲ ਉਡਾਉਣ ਦੀ ਧਮਕੀ

**ਸੁਲਤਾਨਪੁਰ ਲੋਧੀ –** ਪੰਜਾਬ ਦੇ ਮੰਦਿਰਾਂ, ਰੇਲਵੇ ਸਟੇਸ਼ਨਾਂ, ਮੁੱਖ ਮੰਤਰੀ ਪੰਜਾਬ ਭਗਵੰਤ ਮਾਨ, ਰੇਲ ਮਹਾਂ ਪ੍ਰਬੰਧਕ ਤੇ ਅਕਾਲੀ ਆਗੂ ਨੂੰ ਬੰਬ ਨਾਲ ਉਡਾਉਂਣ ਦੀ ਧਮਕੀ ਮਿਲੀ ਹੈ। ਇਹ ਚਿੱਠੀ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਵੱਲੋਂ ਪੰਜਾਬ ਨੂੰ ਦਹਿਲਾਉਣ ਦੀ ਸਾਜਿਸ਼ ਤਹਿਤ ਭੇਜੀ ਗਈ ਹੈ। ਜਿਸ ਵਿਚ ਮੁੱਖ ਮੰਤਰੀ, ਰਾਜਪਾਲ ਤੇ ਹੋਰ ਉੱਚ ਅਧਿਕਾਰੀਆਂ ਅਤੇ ਰੇਲਵੇ ਸਟੇਸ਼ਨਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ। ਇਸ ਦੇ ਤਹਿਤ ਸੁਲਤਾਨਪੁਰ ਲੋਧੀ ਦੇ ਰੇਲਵੇ ਸਟੇਸ਼ਨ ਤੇ ਕੋਈ ਅਣਪਛਾਤਾ ਵਿਅਕਤੀ ਇਕ ਚਿੱਠੀ ਫੜਾ ਕੇ ਗਿਆ।

ਰੇਲਵੇ ਸਟੇਸ਼ਨ ਮਾਸਟਰ ਰਾਜਬੀਰ ਸਿੰਘ ਟਾਇਗਰ ਨੇ ਦੱਸਿਆ ਕਿ 19224 ਜੰਮੂ ਤਵੀ ਟਰੇਨ ਜਦੋਂ ਆਈ ਉਸ ਵਕਤ ਕੋਈ ਵਿਅਕਤੀ ਇਹ ਚਿੱਠੀ ਦੇ ਕੇ ਗਿਆ ਹੈ। ਜਦੋਂ ਟਰੇਨ ਜਾਣ ਤੋਂ ਬਾਅਦ ਇਹ ਚਿੱਠੀ ਦੇਖੀ ਤਾਂ ਮੈਂ ਹੈਰਾਨ ਹੋ ਗਿਆ ਤੇ ਤੁਰੰਤ ਹੀ ਆਪਣੇ ਹਾਇਰ ਆਫਿਸਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ। ਇਹ ਚਿੱਠੀ ਹਿੰਦੀ ਅਤੇ ਉਰਦੂ ਦੇ ਵਿੱਚ ਲਿਖੀ ਹੋਈ ਹੈ ਜਿਸ ਵਿਚ ਅੱਤਵਾਦੀ ਸੰਗਠਨ ਵੱਲੋਂ ਸੁਲਤਾਨਪੁਰ ਲੋਧੀ ਸਟੇਸ਼ਨ ਨੂੰ ਉਡਾਉਂਣ ਦੇ ਨਾਲ-ਨਾਲ ਹੋਰਾਂ ਨੂੰ ਬੰਬ ਨਾਲ ਉਡਾਉਂਣ ਬਾਰੇ ਲਿਖਿਆ ਸੀ।

ਉਨ੍ਹਾਂ ਦੱਸਿਆ ਕਿ ਚਿੱਠੀ ਵਿਚ ਲਿਖਿਆ ਸੀ ਕਿ ਹਮ ਆਤਿਕਵਾਦੀ ਜਿਹਾਦੀਓ ਕੀ ਮੌਤ ਦਾ ਬਦਲਾ ਲੈਂਗੇ, ਹਮ 21 ਮਈ ਤੱਕ ਸੁਲਤਾਨਪੁਰ ਲੋਧੀ, ਲੋਹੀਆਂ ਖਾਸ, ਫਿਰੋਜ਼ਪੁਰ, ਤਰਨਤਾਰਨ, ਜਲੰਧਰ ਜੈਸੇ ਬੜੇ-ਬੜੇ ਸਟੇਸ਼ਨੋ ਕੋ ਉਡਾ ਦੇਂਗੇ। ਉਸ ਤੋਂ ਬਾਅਦ ਇੰਨਾਂ ਹੀ ਨਹੀਂ ਚਿੱਠੀ ਦੇ ਹੇਠਾਂ ਇਹ ਵੀ ਲਿਖਿਆ ਸੀ ਕਿ ਹਮ ਪੰਜਾਬ ਕੇ ਪਟਿਆਲਾ ਕੇ ਕਾਲੀ ਮਾਤਾ ਮੰਦਿਰ, ਦੇਵੀ ਤਲਾਬ ਮੰਦਿਰ ਧਾਰਮਿਕ ਸਥਾਨਾਂ ਨੂੰ ਉਡਾਵਾਂਗੇ ਤੇ ਫਿਰ ਹੋਰ ਲਿਖਿਆ ਕਿ ਪੰਜਾਬ ਦੇ ਸੀਐਮ ਭਗਵੰਤ ਮਾਨ, ਰਾਜਪਾਲ, ਰੇਲ ਦੇ ਮਹਾਂ ਪ੍ਰਬੰਧਕ ਮੈਡਮ ਸੀਮਾ ਸ਼ਰਮਾ ਉਨਕੋ ਵੀ ਹਮ ਮੌਤ ਕੇ ਗਾਟ ਉਤਾਰ ਦੇਂਗੇ। ਇਹ ਚਿੱਠੀ ਸਾਨੂੰ ਬਕਾਇਦਾ ਕਾਉਂਟਰ 'ਤੇ ਮਿਲੀ ਤੇ ਇਹ 2:10 ਵਜੇ ਦੇ ਕਰੀਬ ਦੀ ਇਹ ਘਟਨਾ ਹੈ। ਜਿਸ ਤੋਂ ਬਾਅਦ ਮੇਰੇ ਵੱਲੋਂ ਤੁਰੰਤ ਹੀ ਇਸ ਚਿੱਠੀ ਬਾਰੇ ਜੀਆਰਪੀ, ਆਰਪੀਐਫ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੂੰ ਇਸ ਦੀ ਜਾਣਕਾਰੀ ਦੇ ਦਿੱਤੀ ਗਈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮਈ ਦਿਵਸ ਦਾ ਵਿਰਸਾ ਯਾਦ ਕਰਨ ਦੀ ਲੋੜ

ਮਨਮੋਹਨ ਪੂਨੀ
1-347-753-5940

ਮਈ ਦਾ ਮਹੀਨਾ ਦੁਨੀਆਂ ਭਰ ਵਿੱਚ ਕਿਰਤੀ ਅਤੇ ਮਿਹਨਤੀ ਲੋਕਾਂ ਦੇ ਹੱਕੀ ਸੰਘਰਸ਼ਾਂ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ । ਮਈ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਦੁਨੀਆਂ ਭਰ ਵਿੱਚ ਮਜ਼ਦੂਰ ਜਮਾਤ ਅਤੇ ਹੋਰ ਮਿਹਨਤੀ ਲੋਕ ਸ਼ਿਕਾਗੋ ਦੇ ਅਮਰ ਸ਼ਹੀਦਾਂ ਨੂੰ ਯਾਦ ਕਰਦੇ ਹਨ ਅਤੇ ਕੀਤੇ ਸੰਘਰਸ਼ਾਂ ਦੀ ਪੜਚੋਲ ਕਰਦੇ ਹੋਏ ਲੁੱਟ ਰਹਿਤ ਸਮਾਜ ਦੀ ਸਿਰਜਣਾ ਦੇ ਪ੍ਰਣ ਨੂੰ ਦ੍ਰਿੜਾਉਂਦੇ ਹਨ । ਇਹ ਕੌਮਾਂਤਰੀ ਦਿਵਸ ਸਮੁੱਚੇ ਸੰਸਾਰ ਅਤੇ ਕਿਰਤੀਆਂ ਵਿਚਕਾਰ ਸਮਾਜੀ ਸਾਂਝ ਦੀ ਭਾਵਨਾ ਦਾ ਸੰਚਾਰ ਕਰਦਾ ਹੈ , ਏਕਤਾ ਦੀ ਮਹੱਤਤਾ ਦੱਸਦਾ ਹੈ ।

ਮਈ ਦਿਵਸ ਦਾ ਇਤਿਹਾਸ 19 ਵੀਂ ਸਦੀ ਦੇ ਇੰਡਸਟ੍ਰੀਅਲ ਰੈਵੋਲਿਊਸ਼ਨ (Industiral Revoluiton) ਤੋਂ ਬਾਅਦ ਯੂਰਪ ਅਤੇ ਅਮਰੀਕਾ ਵਿੱਚ ਸ਼ੁਰੂ ਹੋਇਆ, ਜਦੋਂ ਕਾਰਖਾਨੇਦਾਰ ਆਪਣੇ ਕਾਮਿਆਂ ਕੋਲੋਂ ਚਾਨਣ ਸ਼ੁਰੂ ਹੋਣ ਤੋਂ ਚਾਨਣ ਖ਼ਤਮ (Dawn to Dusk) ਹੋਣ ਤੱਕ ਕੰਮ ਕਰਵਾਉਂਦੇ ਸਨ । ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਯੂਰਪ ਵਿੱਚ ਚਾਨਣ ਸਵੇਰੇ ਪੰਜ ਵਜੇ ਤੋਂ ਸ਼ਾਮ ਨੌਂ ਵਜੇ ਤੱਕ ਰਹਿੰਦਾ ਹੈ ਭਾਵ ਮਜ਼ਦੂਰ ਨੂੰ 17-18 ਘੰਟੇ ਕੰਮ ਕਰਨਾ ਪੈਂਦਾ ਸੀ ।

ਇਹ ਸਰਾਸਰ ਧੱਕਾ ਹੁੰਦਾ ਵੇਖ 1816 ਵਿੱਚ ਅਗਾਂਹ-ਵਧੂ ਸਖਸ਼ੀਅਤਾਂ ਨੇ ਵੀ ਇਸਦੇ ਵਿਰੋਧ ਵਿੱਚ ਅਵਾਜ਼ ਉਠਾਈ ਜਿੰਨ੍ਹਾਂ ਵਿੱਚ ਦੁਨੀਆਂ ਦੇ ਮਸ਼ਹੂਰ ਕਵੀ ਰਈਸਜ਼ਾਦਾ ਲਾਰਡ ਵਾਇਰਨ ਦਾ ਨਾਮ ਜ਼ਿਕਰਯੋਗ ਹੈ । ਲਾਰਡ ਵਾਇਰਨ ਇੰਗਲੈਂਡ ਦੇ ਲਾਰਡ/ਰਈਸ ਘਰਾਣੇ ਦਾ ਪੁੱਤਰ ਸੀ । ਉਸ ਦਾ ਕਪੜਾ ਮਿੱਲਾਂ ਦੇ ਲੁਡੀਜ਼ ਕਾਮਿਆਂ ਨਾਲ ਖੜ੍ਹਨਾ ਰਈਸ ਘਰਾਣੇ ਨੂੰ ਚੰਗਾ ਨਹੀਂ ਲੱਗਿਆ , ਜਿਸ ਦੀ ਸਜ਼ਾ ਵਜ਼ੋਂ ਮਿਸਟਰ ਵਾਇਰਨ ਨੂੰ ਇੰਗਲੈਂਡ ਛੱਡਕੇ ਇੱਟਲੀ ਜਾਣਾ ਪਿਆ ਪਰ ਕਿਰਤੀਆਂ ਦੇ ਹੱਕ 'ਚ ਖਲੋਣ ਨਾਲ ਕੰਮ ਦਾ ਸਮਾਂ ਅੱਠ ਘੰਟੇ ਹੋਵੇ ( ਇੱਕ ਦਿਹਾੜੀ ) ਦੇ ਸੰਘਰਸ਼ ਵਿੱਚ ਗਰਮਜੋਸ਼ੀ ਦਾ ਦੌਰ ਸ਼ੁਰੂ ਹੋ ਗਿਆ ।

19 ਵੀਂ ਸਦੀ ਦੇ ਅੱਠਵੇਂ ਦਹਾਕੇ 'ਚ 8 ਘੰਟੇ ਦਿਹਾੜੀ , 8 ਘੰਟੇ ਅਰਾਮ ਅਤੇ 8 ਘੰਟੇ ਮੰਨੋਰੰਜਨ ਦੇ ਸੰਘਰਸ਼ ਦਾ ਲੋਹਾ ਗਰਮ ਹੋਇਆ । ਧਿਆਨ ਦੇਣ ਯੋਗ ਜਾਣਕਾਰੀ ਇਹ ਹੈ ਕਿ ਅੱਠ ਘੰਟੇ ਦਿਹਾੜੀ ਦੀ ਮੰਗ 19 ਵੀਂ ਸਦੀ ਦੀ ਸ਼ੁਰੂਆਤ ਵਿੱਚ ਹੀ ਸ਼ੁਰੂ ਹੋ ਗਈ ਸੀ । 1836 ਤੋਂ ਬਾਅਦ ਅਮਰੀਕਾ ਦੇ ਸ਼ਹਿਰ ਫਿਲਾਡਲਫੀਆ ਵਿੱਚ 10 ਘੰਟੇ ਦੀ ਜਿੱਤ ਪ੍ਰਾਪਤੀ ਤੋਂ ਬਾਅਦ " ਨੈਸ਼ਨਲ ਲੇਬਰ ਯੂਨੀਅਨ ਨੇ ਕੰਮ ਦਾ ਸਮਾਂ 8 ਘੰਟੇ ਦਿਹਾੜੀ ਹੋਵੇ ਲਈ ਸੰਘਰਸ਼ ਵਿੱਢਿਆ । ਉਸ ਸਮੇਂ ਦੇ ਕਿਰਤੀ ਸੰਘਰਸ਼ ਜਿੱਤ ਸਦਕਾ ਲੱਗਭਗ 1846-47 'ਚ ਬੱਚਿਆਂ ਅਤੇ ਇਸਤਰੀਆਂ ਦੀ ਕੰਮ ਦੀ ਦਿਹਾੜੀ ਦਾ ਸਮਾਂ 10 ਘੰਟੇ ਕੀਤਾ ਗਿਆ ਸੀ । 1948 ਵਿੱਚ ਫਰਾਂਸ ਦੇ ਕਿਰਤੀ ਸੰਘਰਸ਼ ਨੇ ਦਿਹਾੜੀ ਦਾ ਸਮਾਂ 12 ਘੰਟੇ ਦੀ ਜਿੱਤ ਪ੍ਰਾਪਤ ਕੀਤੀ ਸੀ । ਇਤਿਹਾਸ ਦੱਸਦਾ ਹੈ ਕਿ 1830 ਤੋਂ 1860 ਦਿਹਾੜੀ ਦਾ ਸਮਾਂ 11 ਤੋਂ 12 ਘੰਟੇ ਸੀ ।1864 ਵਿੱਚ ਇੰਟਰਨੈਸ਼ਨਲ ਵਰਕਿੰਗ ਐਸੋਸੀਏਸ਼ਨ ਦੀ ਕਨਵੈਨਸ਼ਨ ਯੂਰਪ 'ਚ ਹੋਈ , ਜਿੱਥੇ ਕਿਰਤੀਆਂ ਦੇ ਕੰਮ ਦੀ ਦਿਹਾੜੀ ਅੱਠ ਘੰਟੇ ਹੋਵੇ ਅਤੇ ਬਿਨ੍ਹਾਂ ਓਵਰ ਟਾਈਮ ਤੋਂ ਕੰਮ ਦੀ ਮੁਕਤੀ ਦੀ ਸ਼ੁਰੂਆਤ ਲਈ ਫੈਸਲੇ ਲਏ ਸਨ ।ਉਸ ਤੋਂ ਬਾਅਦ ਅਮੈਰੀਕਨ ਏਟ ਆਵਰ ਆਰਗੇਨਾਈਜੇਸ਼ਨ (Ameircan ieght-hour orgainzaiton) ਹੋਂਦ 'ਚ ਆਈ । ਜਿਸ ਦੇ ਸੰਘਰਸ਼ ਸਦਕਾ 22 ਫਰਵਰੀ 1868 ਵਿੱਚ ਅਮਰੀਕਾ ਦੇ ਕੈਲੇਫੋਰਨੀਆਂ ਸੂਬੇ ਦੀ ਸਰਕਾਰ ਨੇ ਖੇਤੀ ਕਾਮਿਆਂ ਲਈ ਅੱਠ ਘੰਟੇ ਸਮਾਂ ਦੀ ਦਿਹਾੜੀ ਦੀ ਸ਼ੁਰੂਆਤ ਕੀਤੀ । ਪੈਨਸਿਲਵੇਨੀਆਂ , ਫਿਲਾਡਲਫੀਆ, ਸ਼ਿਕਾਗੋ, ਜਰਸੀ ਸਿਟੀ, ਬਫਲੋ ਅਤੇ ਐਲਬਾਨੀ ਨੇ 1872 ਵਿੱਚ ਸੰਘਰਸ਼ 'ਚ ਹਿੱਸਾ ਪਾਇਆ ।

ਪਹਿਲੀ ਮਈ 1886 ਵਿੱਚ ਯੂਰਪ ਦੇ ਕਿਰਤੀਆਂ ਦੇ ਸੰਘਰਸ਼ ਨੂੰ ਸਹੀ ਪਾਉਣ ਦਾ ਪ੍ਰਗਟਾਵਾ ਸਾਰੇ ਸੰਸਾਰ ਦੇ ਫੈਕਟਰੀ ਮਜ਼ਦੂਰਾਂ ਨੇ ਇੱਕ ਦਿਨ ਦੀ ਹੜਤਾਲ ਕਰਕੇ ਕੀਤਾ। ਅਮਰੀਕਾ ਦੇ ਵੱਡੇ ਸਨਅਤੀ ਸ਼ਹਿਰਾਂ ਵਿੱਚ ਜਿਵੇਂ ਸਿਆਟਲ, ਨਿਊਜਰਸੀ, ਨਿਊਯਾਰਕ , ਲੌਸਏਂਜਲਸ ਅਤੇ ਸ਼ਿਕਾਗੋ ਵਿੱਚ ਮਜ਼ਦੂਰਾਂ ਨੇ ਵੱਡੇ 2 ਇਕੱਠ ਕੀਤੇ । ਸਭ ਤੋਂ ਵੱਡਾ ਇਕੱਠ ਸ਼ਿਕਾਗੋ ਵਿੱਚ ਹੋਇਆ। ਇਸ ਵੱਡੇ ਇਕੱਠ ਨੂੰ ਵੇਖਕੇ ਸ਼ਿਕਾਗੋ ਦੀ ਅਫ਼ਸਰਸ਼ਾਹੀ ਬੁਖ਼ਲਾ ਗਈ ਤੇ ਆਪਣੇ ਖ਼ਾਸੇ ਅਨੁਸਾਰ ਤਿੰਨ ਮਈ ਨੂੰ ਹੱਕ ਮੰਗਦੇ ਮਜ਼ਦੂਰਾਂ ਦੀ ਅਮਨ ਪੂਰਬਕ ਹੋ ਰਹੀ ਮੀਟਿੰਗ ਉੱਪਰ ਵਹਿਸ਼ੀ ਜ਼ੁਲਮ/ਤਸ਼ੱਦਦ ਕੀਤਾ । ਗੋਲੀ ਚੱਲੀ , ਜਿਸ ਵਿੱਚ 6 ਮਜ਼ਦੂਰ ਸ਼ਹੀਦ ਹੋ ਗਏ।

ਦਿਹਾੜੀ ਨੂੰ 8 ਘੰਟੇ ਸਮਾਂ ਬੱਧ ਕਰਨ ਲਈ ਪੁਰਅਮਨ ਮੁਜ਼ਾਹਰਾ ਕਾਰੀ 4 ਮਈ ਨੂੰ ਪੁਲਿਸ ਵਲੋਂ ਕੀਤੇ ਬਰਬਰਤਾ ਭਰਭੂਰ ਤਸ਼ੱਸ਼ਦ ਵਿਰੁੱਧ ਘਾਹ ਮੰਡੀ (Hay Market) ਸ਼ਿਕਾਗੋ ਵਿੱਚ ਇਕੱਤਰ ਹੋਏ । ਇਸ ਵਿਸ਼ਾਲ ਇਕੱਠ ਨੂੰ ਤੋੜਨ ਜਾਂ ਖਿੰਡਾਉਣ ਲਈ ਹਾਕਮਾਂ ਨੇ ਸਾਜ਼ਿਸ਼ੀ ਢੰਗ ਨਾਲ ਇੱਕ ਬੰਬ ਸੁੱਟਿਆ ਜਿਸ ਨਾਲ ਇੱਕ ਪੁਲਿਸ ਸਾਰਜੰਟ ਮਾਰਿਆ ਗਿਆ । ਇਹ ਘਟਨਾ ਨੂੰ ਬਹਾਨਾਂ ਬਣਾਕੇ ਲਾਗੇ ਬੈਠੀ ਫੌਜ ਦੀ ਟੁੱਕੜੀ ਨੇ ਗੋਲੀਆਂ ਦੀ ਬੌਛਾੜ ਕਰ ਦਿੱਤੀ ਅਤੇ 4 ਹੋਰ ਮਜ਼ਦੂਰ ਸ਼ਹੀਦ ਹੋ ਗਏ । ਜਿਸ ਦਾ ਕਾਮਿਆਂ ਵਲੋਂ ਸੰਸਾਰ ਪੱਧਰ ਉੱਤੇ ਵਿਰੋਧ ਕਰਦੇ ਹੋਏ ਫੈਕਟਰੀ ਮਾਲਕਾਂ ਦੀ ਰਖ਼ੇਲ ਪੁਲੀਸ ਦਾ ਅਸਲੀ ਚਿਹਰਾ ਦਿਖਾਇਆ ।

ਸ਼ਿਕਾਗੋ ਦੇ ਸਰਕਾਰੀ ਤੰਤਰ ਨੇ ਜਵਾਬੀ ਕਾਰਵਾਈ ਵਿੱਚ 8 ਮੁਜ਼ਾਹਰਾ ਕਾਰੀ ਮਜ਼ਦੂਰਾਂ ਦੇ ਆਗੂਆਂ ਵਿਰੁੱਧ ਕੋਰਟ ਵਿੱਚ ਮੁਕੱਦਮਾ ਕਰ ਦਿੱਤਾ। ਮਜ਼ਦੂਰ ਵਿਰੋਧੀ ਸਰਕਾਰਾਂ ਹਮੇਸ਼ਾਂ ਕਸੂਰਵਾਰ ਹੁੰਦੀਆਂ ਹਨ ਪਰ ਵਿਕਾਊ ਮੀਡਿਏ ਨੂੰ ਅਤੇ ਕਾਨੂੰਨ ਦੇ ਰਾਖਿਆਂ ਨੂੰ ਖ਼ਰੀਦਕੇ ਆਪਣੇ ਆਪ ਨੂੰ ਬੇਕਸੂਰ ਦਰਸਾਉਂਦੀਆਂ ਹਨ । ਸਾਮਰਾਜ ਪੱਖੀ ਸਰਕਾਰਾਂ, ਕਿਰਤੀ ਕਾਮਿਆਂ ਨਾਲ ਸਦਾ ਧੱਕਾ ਕਰਦੀਆਂ ਹਨ। ਮਿੱਲ ਮਾਲਿਕ ਜਾਂ ਧੰਨ ਦੇ ਮਾਲਿਕਾਂ ਦੇ ਇਸ਼ਾਰੇ ਉੱਤੇ ਕੰਮ ਕਰਦੀਆਂ ਹਨ । ਬੇਸ਼ੱਕ ਬੰਬ ਧਮਾਕੇ ਨਾਲ ਸਬੰਧਤ ਕਿਸੇ ਵੀ ਆਗੂ ਦਾ ਕਸੂਰ ਸਿੱਧ ਨਹੀਂ ਹੋ ਸਕਿਆ ਸੀ ਫਿਰ ਵੀ 7 ਮਜ਼ਦੂਰ ਆਗੂਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ । ਆਗੂਆਂ ਦੇ ਨਾਮ :-ਅਲਬਰਟ ਪਾਰਸਨਜ਼ , ਆਗਸਤ ਸਪਾਈਜ਼ , ਮਾਈਕਲ ਸਾਅਬ , ਲੂਈਸ ਲਿੰਗ , ਅਡੌਲਫ ਫਿਸ਼ਰ , ਸੈਮੂਅਲ ਫੀਲਡਨ ਅਤੇ ਜਾਰਜ ਐਨਗਲ ਅੱਠਵੇਂ ਆਗੂ ਆਸਕਰ ਨੀਵ ਨੂੰ 15 ਸਾਲ ਦੀ ਕੈਦ ਸੁਣਾਈ ਗਈ । (ਹੈਰਾਨ ਕਰਨ ਵਾਲੀ ਗੱਲ ਹੈ ਕਿ ਮੁਕੱਦਮੇ ਦੌਰਾਨ ਇਹ ਸਾਬਤ ਵੀ ਹੋ ਗਿਆ ਸੀ ਕਿ ਫਾਂਸੀ ਦੀ ਸਜ਼ਾ ਵਾਲਿਆਂ ਵਿੱਚੋਂ ਦੋ ਆਗੂ ਹੀ ਮੁਜ਼ਾਹਰੇ ਵਿੱਚ ਸ਼ਾਮਿਲ ਸਨ।)

ਸ਼ਹਿਰ ਸ਼ਿਕਾਗੋ ਦੀ ਸਾਮਰਾਜ ਪੱਖੀ ਅਫ਼ਸਰ ਸ਼ਾਹੀ ਅਤੇ ਧੰਨਕੁਬੇਰਾਂ ਦੀ ਰੱਖਵਾਲੀ ਕਰ ਰਹੀ ਪੁਲਿਸ- ਫੌਜ ਦੀ ਪੁਰਜੋਰ ਨਿੰਦਿਆ ਹੋਈ ਕਿਉਂਕਿ ਦਿਹਾੜੀ ਦਾ ਸਮਾਂ ਅੱਠ ਘੰਟੇ ਹੋਵੇ ਲਈ ਮੰਗ ਕਰ ਰਹੇ ਸ਼ਾਂਤਮਈ ਮਜ਼ਦੂਰਾਂ ਉੱਪਰ ਤਸ਼ੱਦਦ ਕੀਤਾ । ਅਗਾਂਹ ਵਧੂ ਅਮਰੀਕਨਾਂ ਅਤੇ ਯੂਰਪੀਅਨਾਂ ਨੇ ਕੋਰਟ ਵਲੋਂ ਦਿੱਤੇ ਫ਼ੈਸਲਿਆਂ ਵਿਰੁੱਧ ਚੈਲੰਜ਼ ਕੀਤੇ । ਬਹੁਤੀਆਂ ਦਲੀਲਾਂ ਅਣਸੁਣੀਆਂ ਕਰ ਦਿੱਤੀਆਂ ਗਈਆਂ, ਕੇਵਲ ਫੀਲਡਜ਼ ਅਤੇ ਸ਼ਾਅਬ ਦੀਆਂ ਸਜ਼ਾਵਾਂ ਨੂੰ ਉਮਰ ਕੈਦ ਵਿੱਚ ਬਦਲਿਆ ।ਲੂਈ ਕਿੰਗ ਦਾ ਜੇਲ੍ਹ ਵਿੱਚ ਦਿਹਾਂਤ ਹੋ ਗਿਆ (ਕਤਲ ਕੀਤਾ ਕਿਹਾ ਜਾ ਸਕਦਾ ਹੈ ) ਅਤੇ ਬਾਕੀ ਚਾਰ ਨੂੰ 11 ਨਵੰਬਰ 1887 ਨੂੰ ਫ਼ਾਂਸੀ ਦੇ ਤਖ਼ਤੇ ਤੇ ਚੜ੍ਹਾਕੇ ਸ਼ਹੀਦ ਕਰ ਦਿੱਤਾ । ਫ਼ਾਸੀ ਦੇ ਤੱਖ਼ਤੇ ਵੱਲ ਵੱਧਦਿਆਂ ' ਸਪਾਈਜ਼ ' ਦੇ ਆਖ਼ਰੀ ਸ਼ਬਦ ਸਨ ਕਿ " ਇੱਕ ਸਮਾਂ ਆਵੇਗਾ ਜਦੋਂ ਸਾਡੀ ਚੁੱਪ ਸਾਡੇ ਸ਼ਬਦਾਂ ਨਾਲੋਂ ਵੱਧ ਬੋਲੇਗੀ "। ਇਹ ਮਜ਼ਦੂਰਾਂ ਦੇ ਸਾਂਝੇ ਕਾਰਜ ਲਈ ਬਲੀਦਾਨ ਦੇਣ ਦੀ ਰਵਾਇਤ ਦੀ ਸ਼ੁਰੂਆਤ ਸੀ ।

ਜਿੰਨ੍ਹਾਂ ਤਿੰਨ ਆਗੂਆਂ ਨੂੰ ਉਮਰ ਕੈਦ ਹੋਈ ਸੀ 1893 ਵਿੱਚ ਰਿਹਾ ਕਰ ਦਿੱਤਾ ਗਿਆ। ਇਲੀਨੋਇਸ ਦੇ ਗਵਰਨਰ ਜੌਹਨ ਪੀਟਰ ਅਲਟਗੈਲਡ ਨੂੰ ਇਹ ਮੰਨਣਾ ਪਿਆ ਸੀ ਕਿ ਮਜ਼ਦੂਰ ਆਗੂਆਂ ਦੇ ਜ਼ੁਰਮ ਸਾਬਤ ਨਹੀਂ ਹੋਏ ਕੋਰਟ ਵਲੋਂ ਕੀਤੇ ਫੈਸਲੇ ਤੇ ਸਜ਼ਾਵਾਂ ਪੱਖਪਾਤੀ ਸਨ।

ਆਲਮੀ ਕਿਰਤੀ ਲਹਿਰ ਵਲੋਂ ਸ਼ਿਕਾਗੋ ਕੇਸ ਨੂੰ ' ਹੇਅ ਮਾਰਕਿਟ ਕੇਸ ' ਦਾ ਨਾਮ ਦਿੱਤਾ ।1889 ਵਿੱਚ ਪੈਰਿਸ ਵਿਖੇ 'ਅੰਤਰ ਰਾਸ਼ਟਰੀ ਵਰਕਿੰਗ ਮੈਨਜ਼ ਐਸੋਸੀਏਸ਼ਨ (Workng Men's Assoicaitons ) ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 1890 ਤੋਂ ਹਰ ਸਾਲ ਪਹਿਲੀ ਮਈ ਦਾ ਦਿਨ ਮਜ਼ਦੂਰ ਜਮਾਤ ਦੇ "ਅੰਤਰ ਰਾਸ਼ਟਰੀ ਇੱਕਮੁੱਠਤਾ ਦਿਵਸ " ਵਜ਼ੋਂ ਮਨਾਇਆ ਜਾਵੇਗਾ । ਉਨ੍ਹਾਂ ਸ਼ਹੀਦਾਂ ਅਤੇ ਸੰਗਰਾਮੀਆਂ ਨੂੰ ਸ਼ਰਧਾਂਜਲੀ ਪੇਸ਼ ਕੀਤੀ ਜਾਵੇਗੀ , ਜਿੰਨ੍ਹਾਂ ਨੇ ਸਾਰੇ ਸੰਸਾਰ ਦੀ ਕਿਰਤੀ ਜਮਾਤ ਵਾਸਤੇ 8 ਘੰਟੇ ਦੀ ਦਿਹਾੜੀ ਦਾ ਸਮਾਂ ਹੋਣ ਲਈ ਬਲੀਦਾਨ ਦਿੱਤਾ ਅਤੇ ਜਿੱਤ ਪ੍ਰਾਪਤ ਕਰਕੇ ਦਿੱਤੀ । ਅਸੀਂ ਮਈ ਦਿਵਸ ਦੀਆਂ ਸਾਰੇ ਸੰਸਾਰ ਦੇ ਕਿਰਤੀ ਵਰਗ ਨੂੰ ਵਧਾਈਆਂ ਦੇਂਦੇ ਹੋਏ ਇਹ ਦੱਸਣਾ ਚਾਹੁੰਦੇ ਹਾਂ ਕਿ ਹੁਣ ਫਿਰ ਦੁਨੀਆਂ ਭਰ ਦੀ ਸਰਮਾਏਦਾਰੀ ਆਪਣਾ 'ਫ਼ਨੀਅਰ ਨਾਗ ' ਵਾਲਾ ਚਿਹਰਾ ਦਿਖਾਉਂਦੀ ਹੋਈ ਇਸ ਹੱਕੀ ਜਿੱਤ ਨੂੰ ਅੱਖੋਂ ਪਰੋਖ਼ੇ ਕਰ ਰਹੀ ਹੈ । ਮਜ਼ਦੂਰ ਜਮਾਤ ਨਾਲ ਬੇਇੰਸਾਫ਼ੀਆਂ ਕਰਦੀ ਹੋਈ ਮੌਕੇ ਦੀਆਂ ਸਰਕਾਰਾਂ ਨੂੰ ਕੰਮ ਕਰਨ ਦਾ ਸਮਾਂ 12 ਘੰਟੇ ਕਰਨ ਲਈ ਮਜ਼ਬੂਰ ਕਰ ਰਹੀ ਹੈ ਅਤੇ ਕਿਰਤ ਕਾਨੂੰਨਾਂ 'ਚ ਸੋਧਾਂ ਕਰਵਾਕੇ ਮਜ਼ਦੂਰ ਜਮਾਤ ਦਾ ਸੰਘ ਘੁੱਟ ਰਹੀ ਹੈ । ਮਜ਼ਦੂਰ ਮੁਲਾਜ਼ਮ ਨੂੰ ਮਿਲੀਆਂ ਸਿਹਤ ਸਹੂਲਤਾਂ ਉੱਤੇ ਕੱਟ ਲਾਏ ਜਾ ਰਹੇ ਹਨ ।

ਅੱਜ ਸਮਾਂ ਮੰਗ ਕਰਦਾ ਹੈ ਕਿ ਕਿਰਤੀ ਸੰਗਰਾਮੀਆਂ ਨੇ ਸਮੇਂ ਸਮੇਂ ਸੰਘਰਸ਼ ਕਰਕੇ ਕਿਸਾਨ , ਮਜ਼ਦੂਰ , ਮੁਲਾਜ਼ਮਾਂ ਦੇ ਹੱਕਾਂ ਲਈ ਜੋ ਮੱਲਾਂ ਮਾਰੀਆਂ ਅਤੇ ਜਿੱਤਾਂ ਪ੍ਰਾਪਤ ਕੀਤੀਆਂ ਹਨ ਉਨ੍ਹਾਂ ਨੂੰ ਬਰਕਰਾਰ ਰੱਖਣ ਲਈ ਚੇਤੰਨ ਰਹਿਣਾ ਜ਼ਰੂਰੀ ਹੈ । ਕਿਰਤੀ, ਕਿਸਾਨ , ਮਜ਼ਦੂਰ ਅਤੇ ਮੁਲਾਜ਼ਮ ਦੋਸਤੋ ਅਵੇਸਲੇ ਨਾ ਹੋ ਜਾਇਓ 'ਏਕੇ ' ਦਾ ਸਬੂਤ ਦੇਂਦੇ ਹੋਏ ਵਿਸ਼ਾਲ ਪਲੇਟ ਫ਼ਾਰਮ ਬਣਾਕੇ ਆਪਣੇ ਬਣਦੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰੋ ਅਤੇ ਮਿਲੇ ਹੋਏ ਹੱਕਾਂ ਦੀ ਰਾਖ਼ੀ ਕਰਨ ਲਈ ਇੱਕ-ਜੁੱਟ ਹੋਵੇ । ਦੁਨੀਆਂ ਭਰ ਤੇ ਕਿਰਤੀਓ ਸਦਾ ਯਾਦ ਰੱਖੋ ਕਿ ਕਿਸਾਨ , ਮਜ਼ਦੂਰ ਅਤੇ ਮੁਲਾਜ਼ਮ ਦੀ " ਏਕਤਾ " ਹੀ ਤਾਕਤ ਹੈ ਜੋ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਕਰ ਸਕਦੀ ਹੈ ।

ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਪੇਸ਼ ਕਰਦੇ ਹਾਂ ।

ਵਲੋਂ :-
ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਨਿਊਯਾਰਕ।

# ਪੈਰਾ ਓਲੰਪਿਕ ਕਮੇਟੀ ਆਫ਼ ਇੰਡੀਆ ਵੱਲੋਂ ਅਧਿਆਪਕ ਪ੍ਰਮੋਦ ਕੁਮਾਰ ਧੀਰ ਦਾ ਕੀਤਾ ਵਿਸ਼ੇਸ ਸਨਮਾਨ

## ਸਮਾਜ ਸੇਵਾ ਵਜੋਂ ਪੈਰਾ ਖ਼ਿਡਾਰੀਆਂ ਲਈ ਆਨਰੇਰੀ ਤੌਰ ਤੇ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਵਧੀਆ ਸੇਵਾਵਾਂ ਦੇਣ ਲਈ ਪ੍ਰਮੋਦ ਧੀਰ ਨੂੰ ਕੀਤਾ ਸਨਮਾਨਿਤ

**ਜੈਤੋ -** 19 ਅਪ੍ਰੈਲ 2022 ਨੂੰ ਟੋਕੀਓ ਪੈਰਾਓਲੰਪਿਕਸ 2021, ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਤੇ ਪੰਜਾਬ ਦੇ ਜੇਤੂ ਪੈਰਾ ਖਿਡਾਰੀਆਂ ਦੇ ਪੰਜਾਬ ਪੱਧਰ ਦੇ ਸਨਮਾਨ ਸਮਾਰੋਹ ਮੌਕੇ ਰਿਆਤ-ਬਾਹਰਾ ਗਰੁੱਪ ਆਫ ਇੰਸਟੀਚਿਊਸ਼ਨਜ਼ ਹੁਸ਼ਿਆਰਪੁਰ ਵਿਖੇ ਜੈਤੋ ਦੇ ਸਮਾਜ ਸੇਵੀ ਅਧਿਆਪਕ ਪ੍ਰਮੋਦ ਕੁਮਾਰ ਧੀਰ ਨੂੰ ਪੈਰਾ ਸਪੋਰਟਸ ਖ਼ਿਡਾਰੀਆਂ ਲਈ ਪੰਜਾਬ ਸਮੇਤ ਸਮੁੱਚੇ ਭਾਰਤ ਭਰ ਵਿੱਚ ਵਧੀਆ ਸੋਸ਼ਲ ਸੇਵਾਵਾਂ ਨਿਭਾਉਣ ਕਰਕੇ ਵਿਸ਼ੇਸ ਤੌਰ ਸਨਮਾਨਿਤ ਕੀਤਾ ਗਿਆ। ਪ੍ਰਮੋਦ ਕੁਮਾਰ ਧੀਰ ਸਮਾਜ ਸੇਵਾ ਵਜੋਂ ਸਰੀਰਕ ਤੌਰ ਤੇ ਅਪੰਗ ਪੈਰਾ ਖ਼ਿਡਾਰੀਆਂ ਦੀ ਮਦਦ ਕਰਨ ਲਈ ਹਰ ਸਮੇਂ ਤਿਆਰ ਰਹਿੰਦੇ ਹਨ। ਇਹ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਅਤੇ ਬੋਸ਼ੀਆ ਇੰਡੀਆ ਵਿੱਚ ਵੀ ਆਨਰੇਰੀ ਤੌਰ ਤੇ ਸੋਸ਼ਲ ਸੇਵਾਵਾਂ ਬਹੁਤ ਹੀ ਵਧੀਆ ਤਰੀਕੇ ਨਾਲ ਪਿਛਲੇ ਚਾਰ ਸਾਲਾਂ ਤੋਂ ਨਿਭਾਅ ਰਹੇ ਹਨ। ਪਿਛਲੇ ਸਾਲ 2021 ਵਿੱਚ ਵੀ ਇਹਨਾਂ ਨੂੰ ਵਿਸ਼ਾਖਾਪਟਨਮ ਵਿਖੇ ਆਂਧਰਾ ਪ੍ਰਦੇਸ਼ ਦੀ ਪੈਰਾ ਸਪੋਰਟਸ ਐਸੋਸੀਏਸ਼ਨ ਵੱਲੋਂ ਵਧੀਆ ਸੇਵਾਵਾਂ ਦੇਣ ਲਈ ਸਨਮਾਨਿਤ ਕੀਤਾ ਗਿਆ ਸੀ।




ਕਿੱਤੇ ਵਜੋਂ ਪ੍ਰਮੋਦ ਕੁਮਾਰ ਧੀਰ ਸਰਕਾਰੀ ਹਾਈ ਸਮਾਰਟ ਸਕੂਲ ਢੈਪਈ ਜ਼ਿਲ੍ਹਾ ਫ਼ਰੀਦਕੋਟ ਵਿਖੇ ਬਤੌਰ ਕੰਪਿਊਟਰ ਅਧਿਆਪਕ ਆਪਣੀਆਂ ਸੇਵਾਵਾਂ ਬਾਖ਼ੂਬੀ ਨਿਭਾ ਰਹੇ ਹਨ। ਇਹ ਇਕ ਆਦਰਸ਼ ਅਧਿਆਪਕ ਦੇ ਨਾਲ ਨਾਲ ਆਰਟੀਕਲ ਲੇਖਕ ਵੀ ਹੈ, ਰੁੱਖ ਲਗਾਓ ਮੁਹਿੰਮ ਵਿੱਚ ਵੀ ਭਰਪੂਰ ਯੋਗਦਾਨ ਪਾ ਰਿਹਾ ਹੈ, ਹੋਰ ਸਮਾਜਿਕ ਗਤੀਵਿਧੀਆਂ ਵਿਚ ਵੀ ਯੋਗਦਾਨ ਪਾਉਂਦਾ ਰਹਿੰਦਾ ਹੈ, ਜਿਸ ਕਰਕੇ ਪ੍ਰਮੋਦ ਧੀਰ ਫ਼ਰੀਦਕੋਟ ਦੇ ਮਾਣਯੋਗ ਡਿਪਟੀ ਕਮਿਸ਼ਨਰ ਸਾਹਿਬ ਤੇ ਪੰਜਾਬ ਦੇ ਮਾਣਯੋਗ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਵੱਲੋਂ ਅਤੇ ਵਧੀਆ ਨਤੀਜ਼ੇ ਦੇਣ ਲਈ ਮਾਣਯੋਗ ਸਿੱਖਿਆ ਸਕੱਤਰ ਪੰਜਾਬ ਕ੍ਰਿਸ਼ਨ ਕੁਮਾਰ ਵੱਲੋਂ ਵੀ ਸਨਮਾਨਿਤ ਹੋ ਚੁੱਕਾ ਹੈ। 19 ਅਪ੍ਰੈਲ 2022 ਨੂੰ ਰਾਜ ਪੱਧਰੀ ਸਨਮਾਨ ਸਮਾਰੋਹ ਮੌਕੇ ਅਧਿਆਪਕ ਪ੍ਰਮੋਦ ਕੁਮਾਰ ਧੀਰ ਨੂੰ ਪੈਰਾ ਓਲੰਪਿਕ ਕਮੇਟੀ ਆਫ਼ ਇੰਡੀਆ ਵੱਲੋਂ ਵਿਸ਼ੇਸ ਤੌਰ ਤੇ ਇਕ ਸ਼ਾਨਦਾਰ ਟਰਾਫ਼ੀ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਮੋਦ ਧੀਰ ਨੂੰ ਇਹ ਸਨਮਾਨ ਪੈਰਾ ਓਲੰਪਿਕ ਕਮੇਟੀ ਆਫ਼ ਇੰਡੀਆ ਦੇ ਚੀਫ਼ ਪੈਟਰਨ ਅਤੇ ਸਾਬਕਾ ਐੱਮ ਪੀ ਸ਼੍ਰੀ ਅਵਿਨਾਸ਼ ਰਾਏ ਖੰਨਾ, ਸ੍ਰ ਗੁਰਸ਼ਰਨ ਸਿੰਘ ਵਾਈਸ ਚੇਅਰਮੈਨ ਪੀ ਸੀ ਆਈ, ਸ਼੍ਰੀ ਅਸ਼ੋਕ ਬੇਦੀ ਚੀਫ਼ ਸੀ ਐੱਨ ਐੱਨ, ਸੋਨਾਲੀਕਾ ਇੰਟਰਨੈਸ਼ਨਲ ਟਰੈਕਟਰਜ਼ ਕੰਪਨੀ ਦੇ ਵਾਈਸ ਚੇਅਰਮੈਨ ਸ੍ਰੀ ਅੰਮ੍ਰਿਤ ਸਾਗਰ ਮਿੱਤਲ, ਸ਼੍ਰੀ ਰਜਨੀਸ਼ ਕੁਮਾਰ ਸੰਦਲ, ਰਿਆਤ-ਬਾਹਰਾ ਇੰਸਟੀਚਿਊਟ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ, ਡਾਇਰੈਕਟਰ ਚੰਦਰਮੋਹਨ, ਪੰਜਾਬ ਪੈਰਾ ਸਪੋਰਟਸ ਐਸਸੀਏਸ਼ਨ ਦੇ ਚੇਅਰਮੈਨ ਸ਼੍ਰੀ ਮੋਹਿੰਦਰ ਸਿੰਘ ਕੇ ਪੀ ਸਾਬਕਾ ਐਮ ਪੀ, ਸ਼੍ਰੀ ਜਸਪ੍ਰੀਤ ਸਿੰਘ ਧਾਲੀਵਾਲ ਪ੍ਰਧਾਨ ਬੋਸ਼ੀਆ ਇੰਡੀਆ ਆਦਿ ਮਾਨਯੋਗ ਸ਼ਖਸ਼ੀਅਤਾਂ ਵੱਲੋਂ ਸਾਂਝੇ ਤੌਰ ਤੇ ਦਿੱਤਾ ਗਿਆ। ਇਸ ਮੌਕੇ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਦੇ ਆਹੁਦੇਦਾਰ ਸ਼ਮਿੰਦਰ ਸਿੰਘ ਢਿੱਲੋਂ, ਦਵਿੰਦਰ ਸਿੰਘ ਬਰਾੜ, ਡਾਕਟਰ ਰਮਨਦੀਪ ਸਿੰਘ, ਗਗਨਦੀਪ ਸਿੰਘ, ਜਗਰੂਪ ਸਿੰਘ ਸੂਬਾ, ਜਸਵੰਤ ਸਿੰਘ, ਜਸਇੰਦਰ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

# ਪੁੱਤਰ ਸ਼ਿੰਦੇ ਨਾਲ ਪਰਦੇ 'ਤੇ ਦਿਖਾਈ ਦੇਵੇਗਾ ਗਿੱਪੀ ਗਰੇਵਾਲ

**ਮੁੰਬਈ-**ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਆਪਣੀ ਆਉਣ ਵਾਲੀ ਫ਼ਿਲਮ ਵਿੱਚ ਆਪਣੇ ਪੁੱਤਰ ਸ਼ਿੰਦਾ ਗਰੇਵਾਲ ਨਾਲ ਦਿਖਾਈ ਦੇਵੇਗਾ। ਇਸ ਫ਼ਿਲਮ ਦਾ ਹਾਲੇ ਨਾਮ ਨਹੀਂ ਰੱਖਿਆ ਗਿਆ। ਇਸ ਤੋਂ ਪਹਿਲਾਂ ਸ਼ਿੰਦਾ ਦਿਲਜੀਤ ਦੋਸਾਂਝ ਨਾਲ ਫ਼ਿਲਮ 'ਹੌਸਲਾ ਰੱਖ' ਵਿੱਚ ਦਿਖਾਈ ਦਿੱਤਾ ਸੀ। ਨਵੀਂ ਫ਼ਿਲਮ ਦੀ ਕਹਾਣੀ ਲੇਖਕ ਤੇ ਅਦਾਕਾਰ ਨਰੇਸ਼ ਕਥੂਰੀਆ ਨੇ ਲਿਖੀ ਅਤੇ ਅਮਰਪ੍ਰੀਤ ਛਾਬੜਾ ਵੱਲੋਂ ਨਿਰਦੇਸ਼ਿਤ ਕੀਤੀ ਜਾ ਰਹੀ ਹੈ। ਨਰੇਸ਼ ਕਥੂਰੀਆ 'ਕੈਰੀ ਔਨ ਜੱਟਾ-1 ਤੇ 2' 'ਮੰਜੇ ਬਿਸਤਰੇ 2', 'ਚੰਡੀਗੜ੍ਹ ਅੰਮ੍ਰਿਤਸਰ ਚੰਡੀਗੜ੍ਹ', 'ਬੈਸਟ ਆਫ ਲੱਕ', 'ਭਾਅਜੀ ਇਨ ਪ੍ਰੌਬਮਲ', 'ਵੇਖ ਬਰਾਤਾਂ ਚੱਲੀਆਂ' ਤੇ



'ਮਿਸਟਰ ਐਂਡ ਮਿਸਿਜ਼ 420' ਵਰਗੀਆਂ ਸਫ਼ਲ ਫਿਲਮਾਂ ਲਈ ਜਾਣੇ ਜਾਂਦੇ ਹਨ। ਇਸ ਫ਼ਿਲਮ ਦੀ ਸ਼ੂਟਿੰਗ ਆਗਾਮੀ ਜੁਲਾਈ ਮਹੀਨੇ ਸ਼ੁਰੂ ਹੋਵੇਗੀ ਤੇ ਇਹ ਫ਼ਿਲਮ ਅਗਲੇ ਸਾਲ ਫਰਵਰੀ ਵਿੱਚ ਸਿਨੇਮਾਘਰਾਂ ਦਾ ਸ਼ਿੰਗਾਰ ਬਣੇਗੀ। ਗਿੱਪੀ ਨੇ ਕਿਹਾ, 'ਪੰਜਾਬੀ ਸਿਨੇਮਾ ਬਹੁਤ ਤਰੱਕੀ ਕਰ ਰਿਹਾ ਹੈ ਤੇ ਨਾ ਸਿਰਫ਼ ਭਾਰਤ ਵਿੱਚ ਸਗੋਂ ਬਾਹਰਲੇ ਮੁਲਕਾਂ ਵਿੱਚ ਵੀ ਪੰਜਾਬੀ ਫ਼ਿਲਮਾਂ ਦੇ ਪ੍ਰਸ਼ੰਸਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਤੇ ਯੂਡਲੀ ਫਿਲਮਜ਼ ਇਸ ਮੌਕੇ ਖੇਤਰੀ ਕਲਾਕਾਰਾਂ ਨਾਲ ਰਲ ਕੇ ਮਿਆਰੀ ਫਿਲਮਾਂ ਬਣਾਉਣਾ ਚਾਹੁੰਦਾ ਹੈ। ਮੈਂ ਇਸ ਨਜ਼ਰੀਏ ਦਾ ਕਦਰਦਾਨ ਹਾਂ ਤੇ ਖੁਸ਼ ਹਾਂ ਕਿ ਅਸੀਂ ਇਕੱਠਿਆਂ ਕੰਮ ਕਰਾਂਗੇ।'

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212

EMAIL: indiabazaar08@yahoo.com



Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗਾੜੀਆਂ ਸਾਡੇ ਤੋਂ ਖਰੀਦੋ।





ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





Raja
SWEETS & CATERING
AUTHORIZED CATERER FOR
MAJOR 5-STAR HOTELS





ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders





CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ
ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ


Super Eyebrow
Threading Now Open
Eyebrow Threading
& Henna Tattoo
7 times,
Get 8th one free!





Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916-798-8142

Email:
IndiaMarketRoseville@gmail.com



# KB USED AUTO SALES



**8655 B Monterey Street Gilroy, CA 95020**

Kashmiri Bhatia, Dealer/Broker
408-848-2365

50% OFF WARRANTY with Qualifying Car Purchase

IN HOUSE FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

## NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**
Across the Street from TA Truck Stop